ਤੇਰ੍ਹਵਾਂ ਸਾਲ

PARDES TIMES

13th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁੱਖ ਸੰਪਾਦਕ) | ਮਾਂ ਬੋਲੀ ਨੂੰ ਸਮਰਪਿਤ | pardestimes | ਰਣਜੀਤ ਕੰਦੋਲਾ ਐਮ. ਬੀ. ਏ. ਮੈਨੇਜਿੰਗ ਐਡੀਟਰ

VOL- 13 No. 319 April 24, 2019 | E-mali : info@pardestimes.com | Ph 510-938-7771 | Ph510-516-3536


# ਪੰਜਾਬ ਵਿਚ ਸਾਰੀਆਂ ਪਾਰਟੀਆਂ ਦੁਆਰਾ ਉਮੀਦਵਾਰ ਐਲਾਨਣ ਤੋਂ ਬਾਅਦ ਭਖਿਆ ਸਿਆਸੀ ਮਾਹੌਲ

## ਅਕਾਲੀ ਦਲ ਅਤੇ ਭਾਜਪਾ ਨੇ ਇਸ ਵਾਰ ਕਈ ਹਲਕਿਆਂ ਤੋਂ ਲਿਆਂਦੇ ਤਾਕਤਵਰ ਉਮੀਦਵਾਰ

## ਕਾਂਗਰਸ ਲਗਾਵੇਗੀ ਅਕਾਲੀ-ਭਾਜਪਾ ਗੱਠਜੋੜ ਨੂੰ ਹਰਾਉਣ ਲਈ ਪੂਰਾ ਵਾਹ, ਆਮ ਆਦਮੀ ਪਾਰਟੀ ਅਤੇ ਬਾਗੀਆਂ ਨੂੰ ਵੀ ਕੁਝ ਸੀਟਾਂ ਤੇ ਉਮੀਦ

**ਚੰਡੀਗੜ੍ਹ–** ਪੰਜਾਬ ਵਿਚ ਸਾਰੀਆਂ ਪਾਰਟੀਆਂ ਦੁਆਰਾ ਆਪਣੇ ਉਮੀਦਵਾਰਾਂ ਦਾ ਐਲਾਨ ਕਰਨ ਤੋਂ ਬਾਅਦ ਸਿਆਸੀ ਮੈਦਾਨ ਭਖਣ ਲੱਗ ਪਿਆ ਹੈ। ਇਸ ਵਾਰ ਕਾਂਗਰਸ ਜਿੱਥੇ ਆਪਣੇ ਕਈ ਪੁਰਾਣੇ ਉਮੀਦਵਾਰਾਂ ਤੇ ਦਾਅ ਲਗਾ ਰਹੀ ਹੈ, ਉਥੇ ਹੀ ਅਕਾਲੀ ਦਲ ਅਤੇ ਭਾਜਪਾ ਨੇ ਵੱਧ ਤੋਂ ਵੱਧ ਸੀਟਾਂ ਹਾਸਲ ਕਰਨ ਲਈ ਇਸ ਵਾਰ ਬਾਦਲ ਪਰਿਵਾਰ ਸਮੇਤ ਕਈ ਅਹਿਮ ਉਮੀਦਵਾਰ ਸਾਹਮਣੇ ਲਿਆਂਦੇ ਹਨ। ਆਮ ਆਦਮੀ ਪਾਰਟੀ ਤੋਂ ਵੱਖ ਹੋਏ ਖਹਿਰਾ ਧੜੇ ਨੇ ਵੀ ਪਟਿਆਲਾ ਤੋਂ ਡਾ. ਧਰਮਵੀਰ ਗਾਂਧੀ ਅਤੇ ਇਕ–ਦੋ ਹੋਰ ਥਾਵਾਂ ਤੋਂ ਆਸ ਲਗਾਈ ਹੋਈ ਹੈ। ਪੰਜਾਬ ਅੰਦਰ ਲੋਕ ਸਭਾ ਚੋਣਾਂ ਲਈ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਦੇ ਪਹਿਲੇ ਦਿਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਹਾਜ਼ਰੀ 'ਚ ਜਲੰਧਰ ਤੋਂ ਪਾਰਟੀ ਉਮੀਦਵਾਰ ਚੌਧਰੀ ਸੰਤੋਖ ਸਿੰਘ ਨੇ ਵੱਡੀ ਗਿਣਤੀ 'ਚ ਆਗੂਆਂ ਨਾਲ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ।

ਅਕਾਲੀ ਦਲ ਨੇ ਫ਼ਿਰੋਜ਼ਪੁਰ ਸੰਸਦੀ ਹਲਕੇ ਤੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬਠਿੰਡਾ ਹਲਕੇ ਤੋਂ ਹਰਸਿਮਰਤ ਕੌਰ ਬਾਦਲ ਨੂੰ ਉਮੀਦਵਾਰ ਐਲਾਨ ਦਿੱਤਾ ਹੈ। ਅਕਾਲੀ ਦਲ ਨੇ ਆਪਣੇ ਹਿੱਸੇ ਦੀਆਂ 10 ਸੀਟਾਂ ਤੋਂ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਪੰਜਾਬ ਵਿੱਚ ਸੰਸਦੀ ਚੋਣਾਂ ਦੇ ਮਹੌਲ ਦੌਰਾਨ ਚੋਣ ਮੁਕਾਬਲੇ ਬੜੇ ਰੌਚਕ ਬਣਦੇ ਜਾ ਰਹੇ ਹਨ। ਸੁਖਬੀਰ ਬਾਦਲ ਦਾ ਮੁਕਾਬਲਾ ਆਪਣੀ ਹੀ ਪਾਰਟੀ ਦੇ ਬਾਗ਼ੀ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਨਾਲ ਹੋਵੇਗਾ ਜਦੋਂ ਕਿ ਬਠਿੰਡਾ ਸੰਸਦੀ ਹਲਕੇ ਤੋਂ ਕਾਂਗਰਸ ਨੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਮੈਦਾਨ 'ਚ ਉਤਾਰਿਆ ਹੈ। ਅਕਾਲੀ ਦਲ ਅਤੇ ਖ਼ਾਸ ਕਰ ਬਾਦਲ ਪਰਿਵਾਰ ਲਈ ਸੰਸਦੀ ਚੋਣਾਂ ਦੌਰਾਨ ਕਾਰਗੁਜ਼ਾਰੀ ਦਿਖਾਉਣਾ ਵੱਕਾਰ ਦਾ ਸਵਾਲ ਬਣ ਗਿਆ ਸੀ ਤੇ ਪਾਰਟੀ ਦੀ ਸ਼ਾਖ਼ ਬਚਾਉਣ ਦਾ ਸਵਾਲ ਵੀ ਖੜ੍ਹਾ ਹੋ ਗਿਆ। ਭਾਜਪਾ ਨੇ ਇਸ ਵਾਰ ਗੁਰਦਾਸਪੁਰ ਤੋਂ ਫਿਲਮ ਅਭਿਨੇਤਾ ਸੰਨੀ ਦਿਓਲ ਨੂੰ ਟਿਕਟ ਦਿੱਤੀ ਹੈ। ਇੱਧਰ ਪੰਜਾਬ ਏਕਤਾ ਪਾਰਟੀ ਦੇ ਲੀਡਰ ਸੁਖਪਾਲ ਖਹਿਰਾ ਨੇ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਤੇ ਆਮ ਆਦਮੀ ਪਾਰਟੀ (ਆਪ) ਦੀ ਸਲਾਹ ਤੇ ਪੇਸ਼ਕਸ਼ ਠੁਕਰਾ ਦਿੱਤੀ ਹੈ। ਦੋਵਾਂ ਪਾਰਟੀਆਂ ਨੇ ਖਹਿਰਾ ਨੂੰ ਸਲਾਹ ਦਿੱਤੀ ਸੀ ਕਿ ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਪੰਜਾਬ ਡੈਮੋਕ੍ਰੈਟਿਕ ਅਲਾਇੰਸ (ਪੀਡੀਏ) ਦੀ ਉਮੀਦਵਾਰ ਪਰਮਜੀਤ ਕੌਰ ਖਾਲੜਾ ਨੂੰ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਾਈ ਜਾਵੇ।



ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਨੇ ਬੀਬੀ ਖਾਲੜਾ ਦੇ ਹੱਕ 'ਚ ਆਪਣਾ ਉਮੀਦਵਾਰ ਜਨਰਲ ਜੇਜੇ ਸਿੰਘ ਵਾਪਸ ਲੈ ਲਿਆ ਹੈ ਪਰ ਨਾਲ ਹੀ ਸਲਾਹ ਦਿੱਤੀ ਸੀ ਕਿ ਪੰਜਾਬ ਏਕਤਾ ਪਾਰਟੀ ਬੀਬੀ ਖਾਲੜਾ ਨੂੰ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਾਏ। ਟਕਸਾਲੀਆਂ ਦਾ ਤਰਕ ਹੈ ਕਿ ਅਜਿਹਾ ਕਰਨ ਨਾਲ ਹੋਰ ਧਿਰਾਂ ਵੀ ਬੀਬੀ ਖਾਲੜਾ ਦੀ ਹਮਾਇਤ ਕਰਨ ਲਈ ਅੱਗੇ ਆਉਣਗੀਆਂ।

ਇਸੇ ਤਰ੍ਹਾਂ ਆਮ ਆਦਮੀ ਪਾਰਟੀ (ਆਪ) ਨੇ ਵੀ ਸ਼ਰਤ ਰੱਖੀ ਸੀ ਕਿ ਜੇ ਬੀਬੀ ਖਾਲੜਾ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਦੇ ਹਨ ਤਾਂ ਉਹ ਹਮਾਇਤ ਕਰਨ ਲਈ ਤਿਆਰ ਹਨ। ਖਹਿਰਾ ਨੇ ਆਮ ਆਦਮੀ ਪਾਰਟੀ (ਆਪ) ਵੱਲੋਂ ਹਮਾਇਤ ਦੇਣ ਦੀ ਕੀਤੀ ਪੇਸ਼ਕਸ ਨੂੰ ਮੂਲੋਂ ਹੀ ਰੱਦ ਕਰ ਦਿੱਤ ਹੈ।ਉਨ੍ਹਾਂ ਕਿਹਾ ਕਿ ਬੀਬੀ ਖਾਲੜਾ ਉਨ੍ਹਾਂ ਦੀ ਪਾਰਟੀ ਵੱਲੋਂ ਹੀ ਚੋਣ ਲੜਨਗੇ। ਖਹਿਰਾ ਨੇ ਦਾਅਵਾ ਕੀਤਾ ਕਿ ਬੀਬੀ ਖਾਲੜਾ ਦੇ ਪਤੀ ਜਸਵੰਤ ਸਿੰਘ ਖਾਲੜਾ ਦੀ ਕੁਰਬਾਨੀ ਕਰਕੇ ਹੀ ਅੱਜ ਉਨ੍ਹਾਂ ਨੂੰ ਭਾਰਤੀ ਕਿਸਾਨ ਯੂਨੀਅਨ, ਸੰਤ ਸਮਾਜ ਸਣੇ ਹੋਰ ਧਿਰਾਂ ਵੱਲੋਂ ਹਮਾਇਤ ਦਿੱਤੀ ਜਾ ਰਹੀ ਹੈ।

### ਕਾਮੇਡੀਅਨ ਨੂੰ ਟੱਕਰੇਗਾ ਕਾਮੇਡੀਅਨ !

ਲੋਕ ਸਭਾ ਹਲਕਾ ਸੰਗਰੂਰ ਤੋਂ ਸਿਆਸੀ ਪਾਰਟੀਆਂ ਵੱਲੋਂ ਆਪੋ–ਆਪਣੇ ਉਮੀਦਵਾਰ ਉਤਾਰਨ ਤੋਂ ਬਾਅਦ ਮੁਕਾਬਲਾ ਕਾਫ਼ੀ ਰੋਮਾਂਚਕ ਹੋ ਗਿਆ ਹੈ। ਸੰਗਰੂਰ ਤੋਂ ਲੋਕ ਸਭਾ ਉਮੀਦਵਾਰ ਪਰਮਿੰਦਰ ਢੀਂਡਸਾ ਨੇ ਚੋਣ ਪ੍ਰਚਾਰ ਦੌਰਾਨ ਕਾਮੇਡੀਅਨ ਭੋਟੂ ਸ਼ਾਹ ਦੀ ਟੀਮ ਨੂੰ ਵੀ ਆਪਣੇ ਕਾਫ਼ਲੇ ਵਿੱਚ ਸ਼ਾਮਲ ਕਰ ਲਿਆ ਹੈ। ਇਹ ਟੀਮ ਪਿੰਡਾਂ ਵਿੱਚ ਲੋਕਾਂ ਦਾ ਇਕੱਠ ਜੋੜਨ ਵਿੱਚ ਪਾਰਟੀ ਦੀ ਮਦਦ ਵੀ ਕਰਦੀ ਹੈ ਤੇ ਲੋਕਾਂ ਦਾ ਮਨੋਰੰਜਨ ਵੀ ਕਰਦੀ ਹੈ।

ਸੰਗਰੂਰ ਵਿੱਚ ਉਮੀਦਵਾਰ ਭਗਵੰਤ ਮਾਨ ਸਿਆਸਤਦਾਨ ਹੋਣ ਦੇ ਨਾਲ–ਨਾਲ ਇੱਕ ਕਾਮੇਡੀ ਕਲਾਕਾਰ ਵੀ ਹਨ ਜਿਸ ਕਰਕੇ ਭਗਵੰਤ ਮਾਨ ਆਪਣੀਆਂ ਰੈਲੀਆਂ ਵਿੱਚ ਕਾਫੀ ਭੀੜ ਇਕੱਠੀ ਕਰ ਰਹੇ ਹਨ। ਇਸੇ ਕਰਕੇ ਸ਼੍ਰੋਮਣੀ ਅਕਾਲੀ ਦਲ ਵੀ ਉਨ੍ਹਾਂ ਨੂੰ ਟੱਕਰ ਦੇਣ ਲਈ ਕਾਮੇਡੀਅਨ ਦਾ ਹੀ ਸਹਾਰਾ ਲੈ ਰਿਹਾ ਹੈ।




























# ਸੰਤ ਬਾਬਾ ਜਵਾਲਾ ਸਿੰਘ ਜੀ ਦੀ ਬਰਸੀ ਯੂਬਾ ਸਿਟੀ 'ਚ ਮਨਾਈ

**ਯੂਬਾ ਸਿਟੀ–** ਪਿਛਲੇ ਹਫਤੇ ਸੰਤ ਬਾਬਾ ਜਵਾਲਾ ਸਿੰਘ ਜੀ ਦੀ ਯਾਦ ਵਿਚ ਸ੍ਰੀ ਅਖੰਡ ਪਾਠਾਂ ਦੀ ਸੰਪੂਰਨਤਾ ਗੁਰਦੁਆਰਾ ਸਾਹਿਬ, ਬੋਗ ਰੋਡ, ਯੂਬਾ ਸਿਟੀ ਵਿਖੇ ਹੋਈ ਤੇ ਬਾਅਦ ਵਿਚ ਨਿਸ਼ਾਨ ਸਾਹਿਬ ਦੀ ਸੇਵਾ ਵੀ ਕੀਤੀ ਗਈ। ਹਰ ਸਾਲ ਸਰਬਜੀਤ ਸਿੰਘ ਥਿਆੜਾ ਤੇ ਉਹਨਾਂ ਦੇ ਪਿਤਾ ਸ. ਮਹਿੰਦਰ ਸਿੰਘ ਥਿਆੜਾ ਦੇ ਪਰਿਵਾਰ ਵੱਲੋਂ ਇਹ ਸੇਵਾ ਕੀਤੀ ਜਾਂਦੀ ਹੈ। ਜਿਸ ਵਿਚ ਭਾਈ ਮਨਜੀਤ ਸਿੰਘ ਰਾਗੀ (ਹਜ਼ੂਰੀ ਰਾਗੀ) ਵੱਲੋਂ ਸ਼ਬਦ ਕੀਰਤਨ ਕੀਤਾ ਗਿਆ ਤੇ ਉਸ ਤੋਂ ਅਗਲੇ ਹਫਤੇ ਗੁਰੂ ਘਰ ਟਾਇਰਾ ਬੁਏਨਾ ਵਿਚ ਵੀ ਸੰਗਤ ਵੱਲੋਂ ਨਿਸ਼ਾਨ ਦੀ ਸੇਵਾ ਕਰਵਾਈ ਗਈ। ਹਰ ਸਾਲ ਇਸੇ ਮਹੀਨੇ ਨਿਸ਼ਾਨ ਦੀ ਸੇਵਾ ਕੀਤੀ ਜਾਂਦੀ ਹੈ, ਜਿਸਨੂੰ ਸਰਬਜੀਤ ਸਿੰਘ ਥਿਆੜਾ ਦੇ ਪਰਿਵਾਰ ਵੱਲੋਂ ਕੀਤਾ ਜਾਂਦਾ ਹੈ।


















# ਸਟੇਟ ਫੰਡ ਵਿਚ ਹਰ ਸਾਲ ਵਾਂਗ ਇਸ ਵਾਰ ਵੀ ਵਿਸਾਖੀ ਮਨਾਈ ਗਈ



ਸਟੇਟ ਫੰਡ ਵਿਖੇ ਆਈ. ਟੀ. ਵਿਭਾਗ ਵਿਚ ਕੰਮ ਕਰਦੀਆਂ ਭਾਰਤੀ ਮੂਲ ਦੀਆਂ ਔਰਤਾਂ।



Vernon Steiner (CEO State Fund, California)

**ਪਲੈਜ਼ੈਂਟਨ (ਕੈਲੇਫੋਰਨੀਆ)-** ਵਿਖੇ ਸਟੇਟ ਫੰਡ ਦੇ ਦਫਤਰ ਵਿਖੇ, ਜਿੱਥੇ 900 ਤੋਂ ਜ਼ਿਆਦਾ ਕਰਮਚਾਰੀ ਕੰਮ ਕਰਦੇ ਹਨ, ਨੇ ਹਰ ਸਾਲ ਵਾਂਗ ਇਸ ਸਾਲ ਵੀ ਵਿਸਾਖੀ ਦਾ ਤਿਉਹਾਰ ਮਨਾਇਆ ਗਿਆ। ਇਹਨਾਂ ਵਿਚ ਪੰਜਾਬੀਆਂ ਅਤੇ ਭਾਰਤੀਆਂ ਵੱਲੋਂ ਹਰ ਸਾਲ ਵਾਂਗ 19 ਅਪ੍ਰੈਲ 2019 ਨੂੰ ਵਿਸਾਖੀ ਮਨਾਈ, ਜਿਸ ਦੇ ਤਹਿਤ ਹਰ ਸਾਲ ਦੀ ਤਰ੍ਹਾਂ ਦੁਪਹਿਰ ਦਾ ਖਾਣਾ, ਸਮੋਸੇ, ਪਕੌੜੇ, ਚਾਹ, ਗੁਲਾਬ ਜਾਮਣ, ਜਲੇਬੀ, ਆਈਸ ਕ੍ਰੀਮ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਉਚੇਚੇ ਤੌਰ ਤੇ ਪਹਿਲੀ ਵਾਰ ਸੰਸਥਾ ਦੇ ਪ੍ਰਧਾਨ ਸ੍ਰੀ ਵੈਰਨਨ ਸਟਾਈਨਰ ਨੂੰ ਪੰਜਾਬੀ ਪੱਗੜੀ ਪਹਿਨਾਈ ਗਈ, ਜਿਸ ਨਾਲ ਉਸ ਨੇ ਦੀਪਕ ਛਾਬੜਾ ਅਤੇ ਬਲਬੀਰ ਸਿੰਘ ਐਮ. ਏ. ਦਾ ਬਹੁਤ ਹੀ ਧੰਨਵਾਦ ਕੀਤਾ ਅਤੇ ਪੰਜਾਬੀਆਂ ਨੂੰ ਅਤੇ ਸਾਰੇ ਭਾਰਤੀਆਂ ਨੂੰ ਵਿਸਾਖੀ ਦੀ ਮੁਬਾਰਕ ਦਿੱਤੀ। ਆਪਣੇ ਭਾਸ਼ਣ ਵਿਚ ਉਸ ਨੇ ਕਿਹਾ ਕਿ ਮੈਂ ਅੱਜ ਬਹੁਤ ਹੀ ਖੁਸ਼ੀ ਹਾਂ, ਤੁਹਾਡੇ ਇਸ ਤਿਉਹਾਰ ਨੂੰ ਹਰ ਸਾਲ ਵੇਖਦਾ ਹੈ। ਮੈਨੂੰ ਖੁਸ਼ੀ ਹੈ ਕਿ ਤੁਸੀਂ ਸਾਰੇ ਇਕੱਠੇ ਮਿਲ ਕੇ ਵਿਸਾਖੀ ਦਾ ਤਿਉਹਾਰ ਮਨਾਉਂਦੇ ਹੋ। ਮਸ਼ਹੂਰ ਢੋਲੀ ਲਾਲ ਸਿੰਘ ਲਾਲੀ ਵੱਲੋਂ (ਭਾਰਤ ਦਾ ਮਸ਼ਹੂਰ ਢੋਲੀ) ਪ੍ਰਧਾਨ ਨੂੰ ਪੱਗੜੀ ਪਹਿਨਾਈ ਗਈ ਅਤੇ ਉਸ ਨੇ ਸਾਰੇ ਪੰਜਾਬੀਆਂ ਨਾਲ ਰਲ ਕੇ ਭੰਗੜਾ ਵੀ ਪਾਇਆ। ਇਸ ਮੌਕੇ ਉਹਨਾਂ ਨੇ ਸਾਰੇ ਸ਼ਾਮਲ ਹੋਏ ਲੋਕਾਂ ਵਧਾਈਆਂ ਦਿੱਤੀਆਂ ਅਤੇ ਧੰਨਵਾਦ ਕੀਤਾ।ਦੀਪਕ ਛਾਬੜਾ ਅਤੇ ਬਲਬੀਰ ਸਿੰਘ ਨੇ ਵੀ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਐਲਾਨ ਕੀਤਾ ਕਿ ਇਸ ਵਾਰ ਦੀਵਾਲੀ ਦਾ ਤਿਉਹਾਰ ਵੀ ਇਸੇ ਤਰ੍ਹਾਂ ਇਕੱਠੇ ਮਿਲ ਕੇ ਮਨਾਇਆ ਜਾਵੇਗਾ।

# ਕਾਂਗਰਸ ਵੱਲੋਂ ਬਠਿੰਡਾ ਹਲਕੇ ’ਚ ਸੱਖਤ ਟੱਕਰ- ਪ੍ਰਿਯੰਕਾ ਗਾਂਧੀ ਦੇ ਰੋਡ ਸ਼ੋਅ ਦੀ ਤਿਆਰੀ

ਬਠਿੰਡਾ- ਕਾਂਗਰਸ ਪਾਰਟੀ ਵੱਲੋਂ ਬਠਿੰਡਾ ਸੰਸਦੀ ਹਲਕੇ ਵਿਚ ਚੋਣ ਪ੍ਰਚਾਰ ਦੇ ਆਖਰੀ ਪੜਾਅ ’ਤੇ ਪ੍ਰਿਯੰਕਾ ਵਾਡਰਾ ਦਾ ਰੋਡ ਸ਼ੋਅ ਕਰਾਉਣ ਦੀ ਰਣਨੀਤੀ ਬਣਨ ਲੱਗੀ ਹੈ। ਕਾਂਗਰਸ ਹਾਈਕਮਾਨ ਤਰਫ਼ੋਂ ਬਠਿੰਡਾ ਹਲਕੇ ਨੂੰ ਤਰਜੀਹੀ ਮੰਨਿਆ ਜਾ ਰਿਹਾ ਹੈ।

ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਰਾਜਾ ਵੜਿੰਗ ਨੂੰ ਸਿੱਧੇ ਤੌਰ ’ਤੇ ਆਪਣੇ ਦੂਤ ਵਜੋਂ ਮੈਦਾਨ ਵਿਚ ਉਤਾਰਿਆ ਗਿਆ ਹੈ। ਵਿਉਂਤ ਇਹੋ ਬਣਨ ਲੱਗੀ ਹੈ ਕਿ ਬਠਿੰਡਾ ਹਲਕੇ ਦੇ ਵੱਡੇ ਸ਼ਹਿਰਾਂ ਵਿਚ ਪ੍ਰਿਯੰਕਾ ਦਾ ਰੋਡ ਸ਼ੋਅ ਕਰਾਇਆ ਜਾਵੇ। ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੀ ਇਹੋ ਰਾਇ ਰੱਖਦੇ ਹਨ। ਬਠਿੰਡਾ ਹਲਕੇ ’ਚ ਹੁਣ ਮੁਕਾਬਲਾ ਰੌਚਕ ਬਣਨ ਲੱਗਾ ਹੈ। ਸਿਰਫ਼ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਦਾ ਰਸਮੀ ਐਲਾਨ ਬਾਕੀ ਹੈ।

ਵੇਰਵਿਆਂ ਅਨੁਸਾਰ ਬਾਦਲਾਂ ਦੇ ਹਲਕੇ ਵਿਚ ਵਿਸ਼ੇਸ਼ ਤੌਰ ’ਤੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਅਤੇ ਉਨ੍ਹਾਂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਨੂੰ ਸੱਦਿਆ ਜਾ ਰਿਹਾ ਹੈ। ਸਿੱਧੂ ਜੋੜੇ ਵੱਲੋਂ ਬਾਦਲਾਂ ਨੂੰ ਨਿਸ਼ਾਨੇ ’ਤੇ ਰੱਖਿਆ ਜਾਂਦਾ ਹੈ। ਸਿਆਸੀ ਮਾਹੌਲ ਵਿਚ ਗਰਮੀ ਲਈ ਕਾਂਗਰਸ ਤਰਫ਼ੋਂ ਸਿੱਧੂ ਜੋੜੇ ਨੂੰ ਬਠਿੰਡਾ ਹਲਕੇ ਵਿਚ ਭੇਜਿਆ ਜਾ ਰਿਹਾ ਹੈ। ਪਹਿਲਾਂ ਬਠਿੰਡਾ ਤੋਂ ਚੋਣ ਲੜਨ ਦੇ ਚਰਚੇ ਡਾ. ਨਵਜੋਤ ਕੌਰ ਸਿੱਧੂ ਦੇ ਸਨ ਪਰ ਸਿੱਧੂ ਜੋੜੇ ਨੇ ਇਸ ਤੋਂ ਇਨਕਾਰ ਕਰ ਦਿੱਤਾ ਸੀ। ਡਾ. ਨਵਜੋਤ ਕੌਰ ਸਿੱਧੂ ਨੇ ਹੁਣ ਖ਼ੁਦ ਬਠਿੰਡਾ ਹਲਕੇ ਵਿਚ ਚੋਣ ਪ੍ਰਚਾਰ ਕਰਨ ਦੀ ਹਾਮੀ ਭਰੀ ਹੈ।

ਦੂਜੇ ਪਾਸੇ, ਸ਼੍ਰੋਮਣੀ ਅਕਾਲੀ ਦਲ ਵਲੋਂ ਚੋਣ ਪ੍ਰਚਾਰ ਦੇ ਆਖ਼ਰੀ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪ੍ਰੋਗਰਾਮ ਬਣਾਉਣ ਦੀ ਤਿਆਰੀ ਹੈ। ਸ਼੍ਰੋਮਣੀ ਅਕਾਲੀ ਦਲ ਵਲੋਂ ਹਾਲੇ ਬਠਿੰਡਾ ਤੇ ਫ਼ਿਰੋਜ਼ਪੁਰ ਤੋਂ ਉਮੀਦਵਾਰ ਨਹੀਂ ਐਲਾਨੇ ਗਏ ਹਨ ਪਰ ਇਹ ਦੋਵੇਂ ਹਲਕੇ ਸ਼੍ਰੋਮਣੀ ਅਕਾਲੀ ਦਲ ਲਈ ਵੱਕਾਰੀ ਹਨ।

ਅਕਾਲੀ ਦਲ ਵੱਲੋਂ ਕੇਂਦਰੀ ਆਗੂਆਂ ਨੂੰ ਚੋਣ ਪ੍ਰਚਾਰ ਲਈ ਸੱਦਿਆ ਜਾਣਾ ਹੈ। ਪਿਛਲੀ ਲੋਕ ਸਭਾ ਚੋਣ ਵਿਚ ਵੀ ਨਰਿੰਦਰ ਮੋਦੀ ਬਠਿੰਡਾ ਆਏ ਸਨ। ਉਸ ਮਗਰੋਂ ਉਹ ਏਮਜ਼ ਦਾ ਨੀਂਹ ਪੱਥਰ ਰੱਖਣ ਵੀ ਆਏ ਸਨ। ’ਆਪ’ ਤਰਫ਼ੋਂ ਵੀ ਬਠਿੰਡਾ ਹਲਕੇ ਵਿਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸੱਦਿਆ ਜਾਣਾ ਹੈ। ਵਿਧਾਨ ਸਭਾ ਚੋਣਾਂ-2017 ਵੇਲੇ ਵੀ ਕੇਜਰੀਵਾਲ ਬਠਿੰਡਾ ਹਲਕੇ ਵਿਚ ਚੋਣ ਪ੍ਰਚਾਰ ਲਈ ਆਏ ਸਨ। ਆਉਂਦੇ ਦਿਨਾਂ ਵਿਚ ਇਸ ਹਲਕੇ ਵਿਚ ਚੋਣ ਪ੍ਰਚਾਰ ਨਵੀਂ ਕਰਵਟ ਲਵੇਗਾ ਤੇ ਚੋਣ ਪ੍ਰਚਾਰ ਦਾ ਆਖ਼ਰੀ ਦੌਰ ਦੇਖਣ ਵਾਲਾ ਹੋਵੇਗਾ।

# ਭਾਜਪਾ ਨੇ ਰਾਹੁਲ ਦੀ ਨਾਗਰਿਕਤਾ ਬਾਰੇ ਉਠਾਏ ਸਵਾਲ

ਨਵੀਂ ਦਿੱਲੀ- ਰਾਹੁਲ ਗਾਂਧੀ ਖ਼ਿਲਾਫ਼ ਦਾਇਰ ਇੱਕ ਸ਼ਿਕ-ਾਇਤ ਦਾ ਹਵਾਲਾ ਦਿੰਦਿਆਂ ਭਾਜਪਾ ਨੇ ਅੱਜ ਕਾਂਗਰਸ ਪ੍ਰਧਾਨ ਦੀ ਨਾਗਰਿਕਤਾ ਤੇ ਵਿੱਦਿਅਕ ਯੋਗਤਾ ’ਤੇ ਸਵਾਲ ਚੁੱਕੇ ਅਤੇ ਉਨ੍ਹਾਂ ਨੂੰ ਇਸ ਮਾਮਲੇ ’ਚ ਸਫਾਈ ਦੇਣ ਲਈ ਕਿਹਾ। ਅਮੇਠੀ ਤੋਂ ਰਾਹੁਲ ਗਾਂਧੀ ਵੱਲੋਂ ਕਾਗਜ਼ ਭਰਨ ਖ਼ਿਲਾਫ਼ ਚੋਣ ਅਧਿਕਾਰੀ ਨੂੰ ਦਿੱਤੀ ਗਈ ਸ਼ਿਕਾਇਤ ’ਤੇ ਭਾਜਪਾ ਦੀ ਇਹ ਪ੍ਰਤੀਕਿਰਿਆ ਸਾਹਮਣੇ ਆਈ ਹੈ। ਸ਼ਿਕਾਇਤ ’ਚ ਉਨ੍ਹਾਂ ਦੀ ਨਾਗਰਿਕਤਾ ਤੇ ਯੋਗਤਾ ਨੂੰ ਲੈ ਕੇ ਇਤਰਾਜ਼ ਲਗਾਏ ਗਏ ਹਨ। ਚੋਣ ਅਧਿਕਾਰੀ ਨੇ ਇਸ ਮਾਮਲੇ ’ਚ ਸੁਣਵਾਈ ਦੀ ਅਗਲੀ ਤਾਰੀਕ ਸੋਮਵਾਰ ਤੈਅ ਕੀਤੀ ਹੈ। ਭਾਜਪਾ ਦੇ ਬੁਲਾਰੇ ਜੀਵੀਐੱਲ ਨਰਸਿਮਹਾ ਰਾਓ ਨੇ ਕਿਹਾ ਕਿ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਸ੍ਰੀ ਗਾਂਧੀ ਦੇ ਵਕੀਲ ਨੇ ਇਨ੍ਹਾਂ ਇਤਰਾਜ਼ਾਂ ’ਤੇ ਜਵਾਬ ਦੇਣ ਲਈ ਸਮਾਂ ਮੰਗਿਆ ਹੈ। ਉਨ੍ਹਾਂ ਕਿਹਾ, ’ਇਹ ਗੰਭੀਰ ਦੋਸ਼ ਹਨ। ਰਾਹੁਲ ਗਾਂਧੀ ਭਾਰਤੀ ਨਾਗਰਿਕ ਹਨ ਜਾਂ ਨਹੀਂ। ਕੀ ਉਹ ਕਦੀ ਬਰਤਾਨਵੀ ਨਾਗਰਿਕ ਬਣੇ ਸੀ। ਉਨ੍ਹਾਂ ਨੂੰ ਅਸਲ ਕਹਾਣੀ ਨਾਲ ਸਾਹਮਣੇ ਆਉਣਾ ਚਾਹੀਦਾ ਹੈ।’ ਕਾਂਗਰਸ ਵੱਲੋਂ ਇਸ ਬਾਰੇ ਤੁਰੰਤ ਕੋਈ ਪ੍ਰਤੀਕਿਰਿਆ ਨਹੀਂ ਕੀਤੀ ਗਈ। ਚੋਣ ਕਮਿਸ਼ਨ ਦੇ ਸੂਤਰਾਂ ਨੇ ਕਿਹਾ ਕਿ ਅਜਿਹੇ ਮਾਮਲਿਆਂ ’ਚ ਚੋਣ ਅਧਿਕਾਰੀ ਹੀ ਆਖਰੀ ਅਥਾਰਿਟੀ ਹੈ, ਪਰ ਉਹ ਚੋਣ ਹਲਫਨਾਮੇ ’ਚ ਜੋ ਲਿਖਿਆ ਹੈ, ਉਸ ਦੀ ਪ੍ਰਮਾਣਕਤਾ ਦੀ ਜਾਂਚ ਨਹੀਂ ਕਰ ਸਕਦਾ।

**ਆਜ਼ਾਦ ਉਮੀਦਵਾਰ ਨੇ ਉਠਾਇਆ ਇਤਰਾਜ਼**

ਅਮੇਠੀ ਤੋਂ ਆਜ਼ਾਦ ਉਮੀਦਵਾਰਦੇ ਵਕੀਲ ਰਵੀ ਪ੍ਰਕਾਸ਼ ਨੇ ਚੋਣ ਅਧਿਕਾਰੀ ਕੋਲ ਪਹੁੰਚ ਕਰਕੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੀ ਨਾਗਰਿਕਤਾ ਨੂੰ ਲੈ ਕੇ ਸਵਾਲ ਕੀਤਾ ਹੈ। ਉਨ੍ਹਾਂ ਚੋਣ ਅਧਿਕਾਰੀ ਕੋਲ ਸ਼ਿਕਾਇਤ ਕੀਤੀ ਹੈ ਕਿ ਰਾਹੁਲ ਗਾਂਧੀ ਨੇ ਬਰਤਾਨਵੀ ਨਾਗਰਿਕਤਾ ਲਈ ਸੀ।


FAIRWAY BODY SHOP

ਹਰ ਤਰ੍ਹਾਂ ਦੀਆਂ ਗੱਡੀਆਂ ਕਾਰਾਂ ਦੀ ਡੈਂਟਿੰਗ ਤੇ ਪੇਂਟਿੰਗ ਲਈ ਬਹੁਤ ਹੀ ਤਸੱਲੀਬਖਸ਼ ਤੇ ਤਜਰਬੇਕਾਰ

ਐਸਟੀਮੇਟ ਜਾਂ ਕੰਮ ਕਰਾਉਣ ਲਈ ਫੋਨ ਕਰੋ, ਹਫਤੇ ਦੇ 6 ਦਿਨ ਖੁੱਲ੍ਹਾ ਰਹਿੰਦਾ ਹੈ

ਸੋਮਵਾਰ ਤੋਂ ਸ਼ਨਿਚਰਵਾਰ ਤੱਕ-ਸਵੇਰੇ 8 ਵਜੇ ਤੋਂ 6 ਵਜੇ ਤੱਕ



Gurdial Aujla



Darshan Aujla

510-750-6116

1421 Industrial Parkway West #C
Hayward, CA 94644

510-538-2983



R.PAL SINGH TAX PROFESSIONAL

ENROLLED AGENT

BOOKKEEPING ACCOUNTS PAYROLLS

TAX-INDIVIDUAL FAMILY, BUSINESS, TRUCKING, BOOKKEEPING ACCOUNTS, PAY-ROLLS & INCORPORATION, INSURANCE LIFE Only-Agent. NOTARY, REAL ESTATE (SVA), EX-PECTING REFUND : GET MONEY BACK FAST!

E.A.

Open 7 Days
Weekends/Evenings
(Year Round Service)
Resonalbe Rates
Call for Appointment



CALL: R. PAL. SINGH EA- 510-750-3464

EA 00097224, CRTP A44237 Realtor#148514,

Insurance Life- Only Agent #0G76896

39159 Paseo Padre Pkwy # 103, Fremont, CA 94538

Email:singhrpal@sbeglobal.net Singhtax.com

# ਸੰਪਾਦਕੀ

## ਅਮਰੀਕਾ ਦੀ ਏਸ਼ੀਅਨ ਨੀਤੀ

ਹਾਲ ਹੀ ਵਿਚ ਅਮਰੀਕਾ ਨੇ ਇਰਾਨ ਤੋਂ ਤੇਲ ਖਰੀਦਣ ਵਾਲੇ ਮੁਲਕਾਂ ਤੇ ਸ਼ਿਕੰਜਾ ਕਸਣ ਦਾ ਫੈਸਲਾ ਕੀਤਾ ਹੈ। ਇਰਾਨ ਨਾਲ ਵਪਾਰ ਦਾ ਜ਼ਿਆਦਾਤਰ ਕੰਮ ਸਿਰਫ ਭਾਰਤ ਜ਼ਰੀਏ ਹੀ ਹੁੰਦਾ ਹੈ। ਭਾਰਤ ਤੋਂ ਅਨਾਜ, ਦਾਲਾਂ, ਖਾਦਾਂ, ਦਵਾਈਆਂ ਅਤੇ ਹੋਰ ਜ਼ਰੂਰੀ ਵਸਤਾਂ ਸਮੇਤ ਕਾਰਾਂ, ਆਟੋ ਅਤੇ ਇਲੇਕਟ੍ਰਾਨਿਕ ਸਮਾਨ ਇਰਾਨ ਖਰੀਦਦਾ ਹੈ ਅਤੇ ਇਸ ਦੇ ਬਦਲੇ ਭਾਰਤ ਇਰਾਨ ਤੋਂ ਆਪਣੀਆਂ ਤੇਲ ਦੀਆਂ ਲੋੜਾਂ ਪੂਰੀਆਂ ਕਰਦਾ ਹੈ। ਇਸ ਤੋਂ ਪਹਿਲਾਂ ਭਾਰਤ ਅਤੇ ਇਰਾਨ ਦੇ ਵਪਾਰ ਨੂੰ ਅਮਰੀਕਾ ਨੇ ਛੋਟ ਦਿੱਤੀ ਹੋਈ ਸੀ। ਸਮੱਸਿਆ ਇਹ ਹੈ ਕਿ ਅਮਰੀਕਾ ਵੱਲੋਂ ਇਹ ਕਦਮ ਚੁੱਕਣ ਦੇ ਐਲਾਨ ਨਾਲ ਹੀ ਕੌਮਾਂਤਰੀ ਬਾਜ਼ਾਰ ਵਿਚ ਕੱਚੇ ਤੇਲ ਦੀਆਂ ਕੀਮਤਾਂ ਵਧਣੀਆਂ ਆਰੰਭ ਹੋ ਗਈਆਂ ਹਨ। ਜੇਕਰ ਇਸੇ ਤਰ੍ਹਾਂ ਹੀ ਕੱਚੇ ਤੇਲ ਦੀ ਕੀਮਤ ਵਧਣ ਦਾ ਸਿਲਸਿਲਾ ਜਾਰੀ ਰਹਿੰਦਾ ਹੈ ਤਾਂ ਇਸ ਨਾਲ ਹਰ ਪਾਸੇ ਸਮੱਸਿਆ ਖੜ੍ਹੀ ਹੋਵੇਗੀ। ਮਹਿੰਗਾਈ ਵਧੇਗੀ ਅਤੇ ਦੁਨੀਆਂ ਦੇ ਅਰਥਚਾਰਿਆਂ ਨੂੰ ਝਟਕੇ ਲੱਗਣਗੇ, ਰੁਜ਼ਗਾਰ ਘਟਣਗੇ ਅਤੇ ਅਫਰਾ-ਤਫਰੀ ਵਾਲਾ ਮਾਹੌਲ ਪੈਦਾ ਹੋਵੇਗਾ। ਤੇਲ ਦੀਆਂ ਵਧਣ ਵਾਲੀਆਂ ਕੀਮਤਾਂ ਦਾ ਅਸਰ ਆਮ ਲੋਕਾਂ ਤੇ ਸਿੱਧਾ ਪੈਂਦਾ ਹੈ। ਭਾਰਤ ਵਿਚ ਚੋਣਾਂ ਦਾ ਮਾਹੌਲ ਹੈ ਅਤੇ ਇਸ ਵਕਤ ਵਿਰੋਧੀ ਧਿਰ ਨੇ ਇਸ ਨੂੰ ਮੁੱਦਾ ਬਣਾਉਣਾ ਆਰੰਭ ਕਰ ਦਿੱਤਾ ਹੈ। ਪਰ ਜੇਕਰ ਕੌਮਾਂਤਰੀ ਮਾਰਕੀਟ ਵਿਚ ਹੀ ਕੱਚੇ ਤੇਲ ਦੀਆਂ ਕੀਮਤਾਂ ਵਧਦੀਆਂ ਹਨ ਤਾਂ ਸਰਕਾਰ ਇਸ ਵਿਚ ਕੀ ਕਰ ਸਕਦੀ ਹੈ ਕਿਉਂਕਿ ਆਖਿਰ ਤੇਲ ਤਾਂ ਵਿਦੇਸ਼ਾਂ ਤੋਂ ਹੀ ਖਰੀਦਣਾ ਪੈਂਦਾ ਹੈ। ਫਿਲਹਾਲ ਇਹ ਕਹਿਣਾ ਮੁਸ਼ਕਿਲ ਹੈ ਕਿ ਇਰਾਨ ਤੋਂ ਤੇਲ ਖਰੀਦਣ 'ਤੇ ਅਮਰੀਕੀ ਰੋਕ ਦੇ ਕੀ ਸਿੱਟੇ ਨਿਕਲਦੇ ਹਨ ਪਰ ਇੰਨਾ ਤਹਿ ਹੈ ਕਿ ਭਾਰਤ ਸਮੇਤ ਬਾਕੀ ਦੁਨੀਆਂ ਨੂੰ ਕੁਝ ਮੁਸ਼ਕਿਲ ਸਹਿਣ ਕਰਨੀ ਪੈ ਸਕਦੀ ਹੈ। ਹਾਲਾਂਕਿ ਭਾਰਤ ਨੇ ਇਸ ਲਈ ਹੋਰ ਸਰੋਤਾਂ ਦੀ ਭਾਲ ਵੀ ਕਰਨੀ ਆਰੰਭ ਕਰ ਦਿੱਤੀ ਹੈ।

ਇਰਾਨ ਨਾਲ ਅਮਰੀਕਾ ਦੀ ਅਣਬਣ ਕੋਈ ਅੱਜ ਦੀ ਨਹੀਂ ਹੈ। ਜਦੋਂ ਤੋਂ ਇਰਾਨ ਦੀ ਰੈਵੇਲਿਊਸ਼ਨਰੀ ਪਾਰਟੀ ਨੇ ਉਥੇ ਬ੍ਰਿਟੇਨ ਦਾ ਤਖਤਾ ਪਲਟ ਕਰਕੇ ਰਾਜ ਸੰਭਾਲਿਆ ਹੈ, ਉਦੋਂ ਤੋਂ ਹੀ ਅਮਰੀਕਾ ਅਤੇ ਇਰਾਨ ਵਿਚਕਾਰ ਤਣਾਤਣੀ ਚਲਦੀ ਰਹਿੰਦੀ ਹੈ। ਅਮਰੀਕਾ ਨੇ ਇਰਾਨ ਨੂੰ ਘੇਰਨ ਲਈ ਕਈ ਕੋਸ਼ਿਸ਼ਾਂ ਕੀਤੀਆਂ ਅਤੇ ਉਸ ਨੂੰ ਕੌਮਾਂਤਰੀ ਤੌਰ ਤੇ ਅਲੱਗ-ਥਲੱਗ ਕਰਨ ਦੀ ਵੀ ਕੋਸ਼ਿਸ਼ ਕੀਤੀ ਪਰ ਇਰਾਨ ਏਸ਼ੀਆ ਦੇ ਕੁਝ ਮੁਲਕਾਂ ਨਾਲ ਆਪਣਾ ਵਪਾਰ-ਕਾਰੋਬਾਰ ਚਾਲੂ ਰੱਖ ਸਕਿਆ ਹੈ। ਹਾਲਾਂਕਿ ਇਰਾਨ ਦੀ ਇਸ 'ਕ੍ਰਾਂਤੀ' ਦਾ ਸਭ ਤੋਂ ਜ਼ਿਆਦਾ ਮਾੜਾ ਅਸਰ ਬ੍ਰਿਟੇਨ ਤੇ ਪਿਆ ਹੈ, ਜਿਸ ਦੀਆਂ ਕਈ ਕੰਪਨੀਆਂ ਇਰਾਨ ਵਿਚ ਚੌਖਾ ਕਾਰੋਬਾਰ ਕਰ ਰਹੀਆਂ ਸਨ ਅਤੇ ਬ੍ਰਿਟੇਨ ਦੇ ਦਬਾਅ ਅਧੀਨ ਹੀ ਅਮਰੀਕਾ ਨੇ ਇਰਾਨ ਵਿਰੁੱਧ ਸਖਤ ਕਦਮ ਚੁੱਕਣ ਦਾ ਫੈਸਲਾ ਕੀਤਾ ਹੈ। ਪਰ ਸਮੱਸਿਆ ਇਹ ਹੈ ਕਿ ਜੇਕਰ ਇਰਾਨ ਕੌਮਾਂਤਰੀ ਮੰਗ ਮੁਤਾਬਕ ਸਹੀ ਕਦਮ ਨਹੀਂ ਚੁੱਕ ਰਿਹਾ ਤਾਂ ਇਸ ਦੀ ਕੀ ਗਰੰਟੀ ਹੈ ਕਿ ਤੇਲ ਨਿਰਯਾਤ ਤੇ ਪਾਬੰਦੀ ਲੱਗਣ ਨਾਲ ਉਹ ਸਹੀ ਰਸਤੇ 'ਤੇ ਆ ਜਾਵੇਗਾ। ਜੇਕਰ ਅਜਿਹੀ ਕੋਈ ਰੋਕ ਲੱਗਣੀ ਵੀ ਹੈ ਤਾਂ ਉਹ ਸੰਯੁਕਤ ਰਾਸ਼ਟਰ ਲਗਾਵੇ ਤਾਂ ਬਿਹਤਰ ਹੈ ਕਿਉਂਕਿ ਉਹ ਇਕ ਕੌਮਾਂਤਰੀ ਸੰਸਥਾ ਹੈ ਅਤੇ ਉਸ ਦੀ ਗੱਲ ਸਾਰੇ ਸਮਝਦੇ ਹਨ। ਅਮਰੀਕਾ ਦੁਆਰਾ ਲਗਾਈਆਂ ਜਾਂਦੀਆਂ ਅਜਿਹੀਆਂ ਪਾਬੰਦੀਆਂ ਦੇ ਕਾਰਨ ਏਸ਼ੀਆ ਵਿਚ ਸਥਿਤ ਉਸ ਦੇ ਮਿੱਤਰ ਦੇਸ਼ਾਂ ਦੀਆਂ ਹੀ ਮੁਸ਼ਕਿਲਾਂ ਵਧਣਗੀਆਂ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771, Ph : 510-516-3536

36415 RUSCHIN DR.
NEWARK, CA 94560

Buta Ram joshi Staff Reporter,
Fresno 559-803-0055

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times And People Associated With It Are Not Responsible For Any Claims Made By The Advertisers And Don't Endorse Any Product Or Services Advertised In The Pardes Times. Please Consult Your Attorney Before , Buying/Hiring Contracting Through The Ads Published In The News Paper. The Pardes Times Is In Business Of Selling Spaces And Claims Made By Advertisers Are Not Tested/Confirmed By An Independent Source.

# ਭਾਰਤ ਵਿਚ ਔਰਤਾਂ ਪ੍ਰਤੀ ਰਵੱਈਆ

ਭਾਰਤ ਦੇ ਉੱਤਰ-ਪੂਰਬ ਦੇ ਕੁਝ ਪ੍ਰਾਂਤਾਂ ਨੂੰ ਛੱਡ ਕੇ ਬਾਕੀ ਦੇ ਸੂਬਿਆਂ ਵਿਚ ਔਰਤਾਂ ਨੂੰ ਸਮਾਜ ਵਿਚ ਉਨ੍ਹਾਂ ਦਾ ਹੱਕੀ ਆਦਰ ਨਹੀਂ ਮਿਲਦਾ। ਲੋਕ ਗੀਤਾਂ ਵਿਚ ਭਾਵੇਂ ਮਾਂ ਦੀ ਵਡਿਆਈ ਕੀਤੀ ਜਾਂਦੀ ਹੈ ਅਤੇ ਦੇਸ਼ ਦੇ ਬਹੁਤ ਸਾਰੇ ਹਿੱਸਿਆਂ ਵਿਚ ਦੇਵੀ ਪੂਜਾ ਪ੍ਰਚਲਿਤ ਹੈ ਪਰ ਆਮ ਲੋਕ ਸੋਚ-ਸਮਝ ਵਿਚ ਔਰਤ ਨੂੰ ਹਮੇਸ਼ਾਂ ਛੁਟਿਆਇਆ ਜਾਂਦਾ ਹੈ। ਵਿੱਦਿਆ ਦੇ ਫੈਲਾਉ ਅਤੇ ਪੱਛਮ ਤੋਂ ਪ੍ਰਭਾਵਿਤ ਆਧੁਨਿਕਤਾ ਦੀ ਆਮਦ ਦੇ ਬਾਵਜੂਦ ਜਾਗੀਰਦਾਰੀ ਸਮਾਜ ਵਾਲੀ ਮਰਦ-ਪ੍ਰਧਾਨ ਸੋਚ ਸਮਾਜ 'ਤੇ ਹਾਵੀ ਹੈ। ਸਮਾਜਵਾਦੀ ਪਾਰਟੀ ਦੇ ਆਗੂ ਆਜ਼ਮ ਖ਼ਾਨ ਵੱਲੋਂ ਆਪਣੀ ਵਿਰੋਧੀ ਭਾਰਤੀ ਜਨਤਾ ਪਾਰਟੀ ਦੀ ਉਮੀਦਵਾਰ ਜੈਪ੍ਰਦਾ ਬਾਰੇ ਦਿੱਤਾ ਗਿਆ ਬਿਆਨ ਇਸੇ ਮਾਨਸਿਕਤਾ ਨੂੰ ਦਰਸਾਉਂਦਾ ਹੈ। ਪਿਛਲੇ ਸਮੇਂ ਵਿਚ ਇਸੇ ਤਰ੍ਹਾਂ ਦੀਆਂ ਟਿੱਪਣੀਆਂ ਮੁਲਾਇਮ ਸਿੰਘ ਯਾਦਵ, ਸ਼ਰਦ ਯਾਦਵ ਅਤੇ ਹੋਰ ਸਿਆਸਤਦਾਨ ਕਰ ਚੁੱਕੇ ਹਨ। ਇਹ ਟਿੱਪਣੀਆਂ ਡੂੰਘੇ ਸਮਾਜਿਕ ਸੰਕਟ ਦੇ ਲੱਛਣ ਹਨ।



ਔਰਤਾਂ ਭਾਰਤ ਦੀ ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਵੱਖ ਵੱਖ ਸੂਬਿਆਂ ਵਿਚ ਮੁੱਖ ਮੰਤਰੀ ਰਹਿ ਚੁੱਕੀਆਂ ਹਨ। ਅਜਿਹਾ ਕਈ ਕਾਰਨਾਂ ਕਰਕੇ ਸੰਭਵ ਹੋਇਆ: ਉਨ੍ਹਾਂ ਔਰਤਾਂ ਦਾ ਸਿਆਸੀ ਪਰਿਵਾਰਾਂ ਨਾਲ ਸਬੰਧਤ ਹੋਣ; ਸਿਆਸੀ ਪਾਰਟੀਆਂ ਵੱਲੋਂ ਕੋਈ ਵੱਡੀ ਪੱਧਰ ਦਾ ਰਾਜਸੀ ਸੰਕੇਤ ਦੇਣ ਲਈ ਔਰਤ ਉਮੀਦਵਾਰ ਨੂੰ ਖ਼ਾਸ ਪਦ ਦੇਣਾ; ਜਾਤੀ ਯੋਗਤਾ। ਸਿਆਸਤ ਦਾ ਸੰਸਾਰ ਬਹੁਤ ਜਟਿਲ ਹੁੰਦਾ ਹੈ ਅਤੇ ਸਿਆਸਤਦਾਨਾਂ ਵਿਚਕਾਰਲੇ ਰਿਸ਼ਤੇ ਬਦਲਦੇ ਰਹਿੰਦੇ ਹਨ। ਜੈਪ੍ਰਦਾ ਸਮਾਜਵਾਦੀ ਪਾਰਟੀ ਦੇ ਸਾਬਕਾ ਆਗੂ ਅਮਰ ਸਿੰਘ ਦੀ ਪਹਿਲਕਦਮੀ ਕਰਕੇ ਸਮਾਜਵਾਦੀ ਪਾਰਟੀ ਵਿਚ ਆਈ ਅਤੇ ਉਸ ਨੂੰ ਲੋਕ ਸਭਾ ਦੀਆਂ ਚੋਣਾਂ ਜਿਤਾਉਣ ਵਿਚ ਆਜ਼ਮ ਖ਼ਾਨ ਨੇ ਕਾਫ਼ੀ ਸਹਾਇਤਾ ਕੀਤੀ। ਅਮਰ ਸਿੰਘ ਅਤੇ ਜੈਪ੍ਰਦਾ ਸਮਾਜਵਾਦੀ ਪਾਰਟੀ ਤੋਂ ਬਿਗ਼ਾਨੇ ਹੋਣ ਬਾਅਦ ਆਜ਼ਮ ਖ਼ਾਨ ਤੇ ਜੈਪ੍ਰਦਾ ਵਿਰੋਧੀ ਖੇਮਿਆਂ ਵਿਚ ਹਨ ਪਰ ਇਸ ਸਭ ਦੇ ਬਾਵਜੂਦ ਜਿਹੋ ਜਿਹੀ ਭਾਸ਼ਾ ਆਜ਼ਮ ਖ਼ਾਨ ਨੇ ਜੈਪ੍ਰਦਾ ਵਾਸਤੇ ਵਰਤੀ ਹੈ, ਉਸ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਏ, ਉਹ ਘੱਟ ਹੈ। ਇੱਥੇ ਚਿੰਤਾ ਦਾ ਵਿਸ਼ਾ ਇਹ ਹੈ ਭਾਵੇਂ ਕੇਂਦਰੀ ਚੋਣ ਕਮਿਸ਼ਨ ਨੇ ਆਜ਼ਮ ਖ਼ਾਨ ਵਿਰੁੱਧ ਕਾਰਵਾਈ ਕੀਤੀ ਹੈ ਪਰ ਸਮਾਜਵਾਦੀ ਪਾਰਟੀ ਦੇ ਵੱਡੇ ਆਗੂਆਂ ਅਖਿਲੇਸ਼ ਯਾਦਵ, ਮੁਲਾਇਮ ਸਿੰਘ ਯਾਦਵ ਅਤੇ ਹੋਰਨਾਂ ਨੇ ਨਾ ਤਾਂ ਆਜ਼ਮ ਖ਼ਾਨ ਦੀ ਇਸ ਟਿੱਪਣੀ ਦੀ ਨਿੰਦਾ ਕੀਤੀ ਹੈ ਅਤੇ ਨਾ ਹੀ ਉਸ ਤੋਂ ਇਸ ਬਾਰੇ ਕੋਈ ਸਪੱਸ਼ਟੀਕਰਨ ਮੰਗਿਆ ਹੈ।

ਬਹੁਤ ਵਾਰ ਇਹ ਕਿਹਾ ਜਾਂਦਾ ਹੈ ਕਿ ਸਿਆਸੀ, ਵਿੱਦਿਅਕ ਅਤੇ ਹੋਰ ਖੇਤਰਾਂ ਵਿਚ ਔਰਤ ਤੇ ਮਰਦ ਵਿਚਕਾਰ ਕੋਈ ਭੇਦ-ਭਾਵ ਨਹੀਂ ਹੋਣਾ ਚਾਹੀਦਾ। ਇਹ ਇਕ ਤਰ੍ਹਾਂ ਦਾ ਆਦਰਸ਼ ਹੈ ਜਦੋਂਕਿ ਹਕੀਕਤ ਇਸ ਤੋਂ ਉਲਟ ਹੈ। ਸਾਡੇ ਸਮਾਜ ਦੀ ਨਸ ਨਸ ਵਿਚ ਸਮਾਈ ਹੋਈ ਮਰਦ-ਪ੍ਰਧਾਨ ਸੋਚ-ਸਮਝ ਔਰਤਾਂ ਨੂੰ ਬਰਾਬਰੀ ਦਾ ਦਰਜਾ ਦੇਣਾ ਹੀ ਨਹੀਂ ਚਾਹੁੰਦੀ, ਭਾਵੇਂ ਉਹ ਘਰ-ਪਰਿਵਾਰ ਦੀ ਪੱਧਰ 'ਤੇ ਹੋਵੇ ਜਾਂ ਸਿਆਸਤ, ਪ੍ਰਸ਼ਾਸਨ, ਵਿੱਦਿਅਕ ਜਾਂ ਹੋਰ ਖੇਤਰਾਂ ਵਿਚ। ਪਿਛਲੀ ਲੋਕ ਸਭਾ ਵਿਚ ਔਰਤਾਂ ਦੀ ਗਿਣਤੀ ਮਹਿਜ਼ 12.15 ਫ਼ੀਸਦੀ ਸੀ। ਇਸ ਵਾਰ ਕਾਂਗਰਸ ਪਾਰਟੀ ਨੇ ਇਹ ਵਾਅਦਾ ਕੀਤਾ ਹੈ ਕਿ ਜੇਕਰ ਉਹ ਤਾਕਤ ਵਿਚ ਆਈ ਤਾਂ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿਚ ਔਰਤਾਂ ਲਈ 33 ਫ਼ੀਸਦੀ ਸੀਟਾਂ ਦੇ ਰਾਖਵੇਂਕਰਨ ਲਈ ਕਾਨੂੰਨ ਬਣਾਏਗੀ ਪਰ ਵਿਰੋਧਾਭਾਸ ਇਹ ਹੈ ਕਿ ਪਾਰਟੀ ਨੇ ਔਰਤ ਉਮੀਦਵਾਰ ਬਹੁਤ ਘੱਟ ਗਿਣਤੀ ਵਿਚ ਖੜ੍ਹੇ ਕੀਤੇ ਹਨ। ਸਿਰਫ਼ ਬੀਜੂ ਜਨਤਾ ਦਲ ਵੱਲੋਂ ਲੋਕ ਸਭਾ ਲਈ 33 ਫ਼ੀਸਦੀ ਉਮੀਦਵਾਰ ਔਰਤਾਂ ਹਨ ਪਰ ਉਸ ਪਾਰਟੀ ਨੇ ਵੀ ਇਹ ਮਾਪਦੰਡ ਨਾਲ ਨਾਲ ਹੋ ਰਹੀਆਂ ਵਿਧਾਨ ਸਭਾ ਚੋਣਾਂ ਵਿਚ ਨਹੀਂ ਰੱਖਿਆ। ਸਾਰੀਆਂ ਪਾਰਟੀਆਂ ਔਰਤਾਂ ਨੂੰ ਆਦਰ ਦੇਣ ਦੀ ਗੱਲ ਤਾਂ ਕਰਦੀਆਂ ਹਨ ਪਰ ਲੋਕ ਸਭਾ ਵਿਚ 33 ਫ਼ੀਸਦੀ ਸੀਟਾਂ ਰਾਖਵੀਆਂ ਕਰਨ ਲਈ ਆਮ ਸਹਿਮਤੀ ਕਦੇ ਵੀ ਨਹੀਂ ਬਣੀ।

ਬਹੁਤ ਸਾਰੇ ਸਮਾਜ ਸ਼ਾਸਤਰੀਆਂ ਅਨੁਸਾਰ ਹਿੰਦੋਸਤਾਨ ਦੀ ਮੁੱਖ ਸਮੱਸਿਆ ਇੱਥੋਂ ਦੇ ਸਮਾਜ ਦਾ ਪਿੱਤਰੀ/ਮਰਦ-ਪ੍ਰਧਾਨ ਸਮਾਜ ਹੋਣਾ ਹੈ। ਔਰਤਾਂ ਪਰਿਵਾਰ ਦੇ ਕੰਮਾਂ ਵਿਚ ਮਰਦਾਂ ਤੋਂ ਜ਼ਿਆਦਾ ਹਿੱਸਾ ਪਾਉਂਦੀਆਂ ਹਨ ਪਰ ਉਨ੍ਹਾਂ ਦਾ ਦਰਜਾ ਮਰਦ ਦੇ ਬਰਾਬਰ ਦਾ ਨਹੀਂ ਹੁੰਦਾ। ਇਸ ਸਭ ਲਈ ਔਰਤਾਂ ਹੀ ਨਹੀਂ, ਸੰਵੇਦਨਸ਼ੀਲ ਮਰਦਾਂ ਨੂੰ ਵੀ ਕਾਰਜਸ਼ੀਲ ਹੋਣਾ ਚਾਹੀਦਾ ਹੈ ਭਾਵੇਂ ਔਰਤ ਕਾਰਕੁਨਾਂ ਦਾ ਕਹਿਣਾ ਹੈ ਕਿ ਔਰਤਾਂ ਨੇ ਆਪਣੇ ਸ਼ਕਤੀਕਰਨ ਦਾ ਲੰਮਾ ਸਫ਼ਰ ਆਪਣੇ ਬਲਬੂਤੇ 'ਤੇ ਤੈਅ ਕੀਤਾ ਹੈ ਅਤੇ ਇਸ ਤੋਂ ਅਗਾਂਹ ਦਾ ਸਫ਼ਰ ਵੀ ਉਹ ਆਪਣੇ ਬਲਬੂਤੇ 'ਤੇ ਕਰਨਗੀਆਂ।

# ਭਾਜਪਾ ਦਾ ਵੱਡਾ ਸਿਆਸੀ ਦਾਅ

ਰਾਜਸੀ ਮਾਹਿਰਾਂ ਅਨੁਸਾਰ ਸਾਧਵੀ ਪ੍ਰੱਗਿਆ ਸਿੰਘ ਠਾਕੁਰ ਨੂੰ ਭਾਰਤੀ ਜਨਤਾ ਪਾਰਟੀ ਵੱਲੋਂ ਭੋਪਾਲ ਦੀ ਲੋਕ ਸਭਾ ਸੀਟ ਤੋਂ ਉਮੀਦਵਾਰ ਬਣਾਏ ਜਾਣ ਨਾਲ ਪਾਰਟੀ ਦੇ ਇਤਿਹਾਸ ਵਿਚ ਇਕ ਨਵੇਂ ਕਾਂਡ ਦਾ ਆਗਾਜ਼ ਹੋਇਆ ਹੈ। ਇਸ ਦੇ ਕਈ ਕਾਰਨ ਹਨ: ਪਹਿਲਾ ਤਾਂ ਇਹ ਹੈ ਕਿ ਭਾਜਪਾ ਹਮੇਸ਼ਾ ਆਪਣੇ ਆਪ ਨੂੰ ਅਨੁਸ਼ਾਸਿਤ ਪਾਰਟੀ ਵਜੋਂ ਪੇਸ਼ ਕਰਦੀ ਰਹੀ ਹੈ ਅਤੇ ਹੁਣ ਉਹ ਇਕ ਅਜਿਹੇ ਉਮੀਦਵਾਰ ਨੂੰ ਲੋਕ ਸਭਾ ਦੀਆਂ ਚੋਣਾਂ ਲੜਾ ਰਹੀ ਹੈ ਜਿਸ ਵਿਰੁੱਧ ਅਦਾਲਤ ਵਿਚ ਆਤੰਕੀ ਮਾਮਲੇ ਨਾਲ ਸਬੰਧਤ ਕੇਸ ਚੱਲ ਰਿਹਾ ਹੈ; ਦੂਸਰਾ ਭਾਜਪਾ ਵਿਚ ਪਹਿਲਾਂ ਤੋਂ ਕੱਟੜਪੰਥੀ ਕਤਾਰਬੰਦੀ ਕਰਨ ਵਾਲੇ ਆਗੂਆਂ, ਜਿਨ੍ਹਾਂ ਵਿਚ ਲਾਲ ਕ੍ਰਿਸ਼ਨ ਅਡਵਾਨੀ, ਮੁਰਲੀ ਮਨੋਹਰ ਜੋਸ਼ੀ, ਉਮਾ ਭਾਰਤੀ ਆਦਿ ਸ਼ਾਮਲ ਸਨ, ਇਸ ਵਾਰ ਚੋਣ ਨਹੀਂ ਲੜ ਰਹੇ ਅਤੇ ਹੁਣ ਉਹ ਨੌਜਵਾਨ ਆਗੂ, ਜੋ ਪਹਿਲੇ ਆਗੂਆਂ ਤੋਂ ਵੀ ਜ਼ਿਆਦਾ ਕੱਟੜਪੰਥੀ ਸੋਚ ਰੱਖਦੇ ਹਨ, ਸਾਹਮਣੇ ਆ ਰਹੇ ਹਨ। ਸਾਧਵੀ ਪ੍ਰੱਗਿਆ ਵਿਰੁੱਧ ਤਿੰਨ ਕੇਸ ਸਨ ਜਿਨ੍ਹਾਂ ਵਿਚੋਂ ਇਕ ਵਿਚੋਂ ਉਹ ਬਰੀ ਹੋ ਚੁੱਕੀ ਹੈ, ਇਕ ਵਿਚ ਪੁਲੀਸ ਨੇ ਉਸ ਉੱਤੇ ਦੋਸ਼ ਆਇਦ ਨਹੀਂ ਕੀਤੇ ਅਤੇ ਇਕ ਵਿਚ ਉਸ ਦੇ ਵਿਰੁੱਧ ਮੁਕੱਦਮਾ ਚੱਲ ਰਿਹਾ ਹੈ। 2006 ਦੇ ਸੁਨੀਲ ਜੋਸ਼ੀ ਨਾਲ ਸਬੰਧਤ ਕੇਸ ਵਿਚ ਅਦਾਲਤ ਨੇ ਸਾਰੇ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਜਦੋਂਕਿ ਅਜਮੇਰ ਸ਼ਰੀਫ਼ (2007) ਵਿਚ ਹੋਏ ਧਮਾਕੇ ਦੇ ਕੇਸ ਵਿਚ ਆਰਐੱਸਐੱਸ ਪ੍ਰਚਾਰਕ ਦਵਿੰਦਰ ਗੁਪਤਾ ਤੇ ਭਾਵੇਸ਼ ਪਟੇਲ ਨੂੰ ਸਜ਼ਾ ਹੋਈ ਜਦੋਂਕਿ ਬਾਕੀਆਂ ਨੂੰ ਬਰੀ ਕਰ ਦਿੱਤਾ ਗਿਆ। ਮਾਲੇਗਾਉਂ (2008) ਦੇ ਧਮਾਕਿਆਂ ਨਾਲ ਸਬੰਧਤ ਕੇਸ ਵਿਚ ਮਹਾਰਾਸ਼ਟਰ ਦੇ ਐਂਟੀ ਟੈਰਰਿਸਟ ਸਕੁਐਡ (ਏਟੀਐੱਸ) ਨੇ 14 ਲੋਕਾਂ 'ਤੇ ਦੋਸ਼ ਆਇਦ ਕੀਤੇ ਸਨ; ਬਾਅਦ ਵਿਚ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਨੇ ਕਿਹਾ ਕਿ ਪ੍ਰੱਗਿਆ ਠਾਕੁਰ ਵਿਰੁੱਧ ਦੋਸ਼ ਸਾਬਤ ਨਹੀਂ ਹੋ ਸਕੇ ਪਰ ਅਦਾਲਤ ਨੇ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਅਦਾਲਤ ਦੇ ਆਦੇਸ਼ਾਂ 'ਤੇ ਪ੍ਰੱਗਿਆ ਠਾਕੁਰ ਅਤੇ ਛੇ ਹੋਰਨਾਂ ਦੇ ਵਿਰੁੱਧ ਦੋਸ਼ ਆਇਦ ਕੀਤੇ ਗਏ।



ਭਾਜਪਾ ਇਸ ਸਬੰਧ ਵਿਚ ਦਲੀਲ ਦੇ ਸਕਦੀ ਹੈ ਕਿ ਪਿਛਲੀਆਂ ਸਰਕਾਰਾਂ ਨੇ ਸਾਧਵੀ ਪ੍ਰੱਗਿਆ ਦੇ ਵਿਰੁੱਧ ਗ਼ਲਤ ਕੇਸ ਬਣਾਏ ਅਤੇ ਪ੍ਰੱਗਿਆ, ਸਵਾਮੀ ਅਸੀਮਾਨੰਦ, ਕਰਨਲ ਪੁਰੋਹਿਤ ਅਤੇ ਹੋਰਨਾਂ ਨੂੰ ਬਦਨਾਮ ਕਰਨ ਲਈ ਸਾਜ਼ਿਸ਼ ਰਚੀ ਪਰ ਕੋਈ ਵੀ ਕਾਨੂੰਨੀ ਮਾਹਿਰ ਇਨ੍ਹਾਂ ਕੇਸਾਂ ਦੇ ਅਧਿਐਨ ਤੋਂ ਬਾਅਦ ਇਸ ਫ਼ੈਸਲੇ 'ਤੇ ਹੀ ਪਹੁੰਚੇਗਾ ਕਿ ਚਾਹੇ ਤਫ਼ਤੀਸ਼ ਵਿਚਲੀਆਂ ਕਮੀਆਂ ਕਾਰਨ ਸਾਰੇ ਮੁਲਜ਼ਮਾਂ ਵਿਰੁੱਧ ਦੋਸ਼ ਸਾਬਤ ਨਹੀਂ ਕੀਤੇ ਜਾ ਸਕੇ ਪਰ ਉਨ੍ਹਾਂ ਦਾ ਇਨ੍ਹਾਂ ਘਟਨਾਵਾਂ ਨਾਲ ਕੋਈ ਨਾ ਕੋਈ ਸਬੰਧ ਜ਼ਰੂਰ ਹੈ। ਇਹ ਗੱਲ ਭਾਜਪਾ ਵੀ ਬੜੀ ਚੰਗੀ ਤਰ੍ਹਾਂ ਜਾਣਦੀ ਹੈ ਪਰ ਸ਼ਾਇਦ ਉਹ ਸਾਧਵੀ ਪ੍ਰੱਗਿਆ ਨੂੰ ਉਮੀਦਵਾਰ ਬਣਾ ਕੇ ਆਪਣੇ ਹਿੰਦੂਤਵ ਦੇ ਏਜੰਡੇ ਨੂੰ ਮਜ਼ਬੂਤ ਕਰਦਿਆਂ ਹੋਇਆਂ ਲੋਕਾਂ ਨੂੰ ਕੋਈ ਖ਼ਾਸ ਸੰਦੇਸ਼ ਦੇਣਾ ਚਾਹੁੰਦੀ ਹੈ। ਇਹ ਵੀ ਮਹੱਤਵਪੂਰਨ ਹੈ ਕਿ ਉਸ ਨੂੰ ਭੋਪਾਲ ਤੋਂ ਕਾਂਗਰਸ ਦੇ ਦਿਗਵਿਜੈ ਸਿੰਘ ਵਿਰੁੱਧ ਖੜ੍ਹਾ ਕੀਤਾ ਗਿਆ ਹੈ ਜਿਸ ਉੱਤੇ ਭਾਜਪਾ ਦੇਸ਼ ਦੀ ਵੱਡੀ ਘੱਟਗਿਣਤੀ ਦਾ ਹਮਾਇਤੀ ਹੋਣ ਦੇ ਦੋਸ਼ ਲਾਉਂਦੀ ਰਹੀ ਹੈ।

ਕੁਝ ਰਾਜਸੀ ਮਾਹਿਰਾਂ ਅਨੁਸਾਰ ਸਾਧਵੀ ਨੂੰ ਭੋਪਾਲ ਤੋਂ ਉਮੀਦਵਾਰ ਬਣਾ ਕੇ ਭਾਜਪਾ ਨੇ ਵੱਡਾ ਰਾਜਸੀ ਦਾਅ ਖੇਡਿਆ ਹੈ ਜਿਸ ਨਾਲ ਵੋਟਾਂ ਦਾ ਧਰੁਵੀਕਰਨ ਕਰਨਾ ਹੋਵੇਗਾ ਅਤੇ ਕਾਂਗਰਸ ਦੇ ਵੱਡੇ ਨੇਤਾ ਦਿਗਵਿਜੈ ਸਿੰਘ ਨੂੰ ਹਾਰ ਦਾ ਸਾਹਮਣਾ ਕਰਨਾ ਪਵੇਗਾ; ਇਸ ਕਦਮ ਨਾਲ ਮੱਧ ਪ੍ਰਦੇਸ਼ ਅਤੇ ਦੇਸ਼ ਦੇ ਹੋਰ ਸੂਬਿਆਂ ਵਿਚ ਇਹ ਸੰਦੇਸ਼ ਵੀ ਜਾਏਗਾ ਕਿ ਭਾਜਪਾ ਆਪਣੇ ਕੇਂਦਰੀ ਏਜੰਡੇ ਉੱਤੇ ਕਾਇਮ ਹੈ। ਭੋਪਾਲ ਤੋਂ ਸਾਧਵੀ ਪ੍ਰੱਗਿਆ ਨੂੰ ਟਿਕਟ ਦੇਣ ਨਾਲ ਭਾਜਪਾ ਅਤੇ ਅਜਿਹੇ ਕੱਟੜਵਾਦੀ ਤੱਤਾਂ ਦੇ ਸਬੰਧ ਹੋਰ ਜੱਗ-ਜ਼ਾਹਿਰ ਹੋਏ ਹਨ ਪਰ ਇਸ ਵੇਲੇ ਦੇ ਸਿਆਸੀ ਮਾਹੌਲ ਵਿਚ ਸਿਆਸੀ ਪਾਰਟੀਆਂ ਨੂੰ ਨੈਤਿਕਤਾ ਦੀ ਕੋਈ ਪ੍ਰਵਾਹ ਨਹੀਂ ਲੱਗਦੀ ਕਿਉਂਕਿ ਹਰ ਪਾਰਟੀ ਦੀ ਟੇਕ ਵੱਧ ਤੋਂ ਵੱਧ ਸੀਟਾਂ ਜਿੱਤਣ 'ਤੇ ਹੈ, ਨਾ ਕਿ ਇਹ ਵੇਖਣ 'ਤੇ ਕਿ ਇਹੋ ਜਿਹੇ ਫ਼ੈਸਲਿਆਂ ਕਾਰਨ ਉਸ ਦੇ ਸਿਆਸੀ ਅਕਸ ਉੱਤੇ ਕੀ ਅਸਰ ਪੈਂਦਾ ਹੈ।

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

| | | |
|---|---|---|
| (1) ਸ. ਦੀਦਾਰ ਸਿੰਘ ਬੈਂਸ | (11) ਡਾ ਦਲਵੀਰ ਪੰਨੂ | (21) ਉਂਕਾਰ ਸਿੰਘ ਸੈਣੀ |
| (2) ਅਵਤਾਰ ਸਿੰਘ ਸਹੋਤਾ | (12) ਡਾ. ਹਰਮੇਸ਼ ਕੁਮਾਰ | (22) ਕੁਲਵੰਤ ਸਿੰਘ ਨਿਜਰ |
| (3) ਗੈਰੀ ਬਸਰਾਏ | (13) ਸੁਰਿੰਦਰ ਸਿੰਘ ਧਨੋਆ | (23) ਸੁਖਵੀਰ ਸਿੰਘ ਨਿਜਰ |
| (4) ਹਰਦੀਪ ਸਿੰਘ ਢਾਡਲੀ | (14) ਅਵਤਾਰ ਸਿੰਘ ਤਾਰੀ | (24) ਹੈਰੀ ਸਿੱਧੂ |
| (5) ਡਾ. ਚਰਨਜੀਤ ਸਿੰਘ ਉਪਲ | (15) ਕਸ਼ਮੀਰ ਸਿੰਘ ਧੁੱਗਾ | (25) ਜਸਵੀਰ ਸਿੰਘ ਕੁਲਾਰ |
| (6) ਸੱਬਾ ਥਿਆੜਾ | (16) ਅਮੋਲਕ ਸਿੰਘ ਗਾਖਲ | (28) ਰਾਜ ਬਡਵਾਲ |
| (7) ਕੁਲਦੀਪ ਸਿੰਘ ਅਟਵਾਲ | (17) ਹਰਨੇਕ ਸਿੰਘ ਅਟਵਾਲ | (27) ਕਮਲਜੀਤ ਅਟਵਾਲ |
| (8) ਸੁਰਜੀਤ ਸਿੰਘ ਅਟਵਾਲ | (18) ਬਲਦੇਵ ਸਿੰਘ ਮਾਨ | (28) ਡਾ. ਭੁਪਿੰਦਰ ਭੰਡਾਰੀ |
| (9) ਬਘੇਲ ਸਿੰਘ ਜਸਵਾਲ | (19) ਸ੍ਰੀ ਸੁੱਚਾ ਰਾਮ ਜੀ | (29) ਅਜੈਬ ਸਿੰਘ ਮੱਲੀ |
| (10) ਗੁਰਵਿੰਦਰ ਸਿੰਘ ਮਾਵੀ | (20) ਜੌਹਨ ਸਿੰਘ ਗਿੱਲ | (30) ਹਰਜੀਤ ਗਿੱਲ |

# ਤਣਾਅ ਨਾਲ ਜੂਝਦੀ ਪੰਜਾਬ ਦੀ ਨੌਜਵਾਨੀ



ਮਨਪ੍ਰੀਤ ਮਹਿਨਾਜ਼

ਬਠਿੰਡਾ ਜ਼ਿਲ੍ਹੇ ਦੇ ਨੌਜਵਾਨ ਹਰਮਨਦੀਪ ਤਿਓਣਾ ਦੀ ਖ਼ੁਦਕੁਸ਼ੀ ਬਾਰੇ ਪਤਾ ਲੱਗਿਆ। ਉਹ ਤਲਵੰਡੀ ਸਾਬੋ ਦੇ ਇਕ ਕਾਲਜ ਤੋਂ ਐੱਮਏ ਅੰਗਰੇਜ਼ੀ ਕਰ ਰਿਹਾ ਸੀ। ਮੈਂ ਭਾਵੇਂ ਉਸ ਨੂੰ ਨਿੱਜੀ ਤੌਰ 'ਤੇ ਨਹੀਂ ਜਾਣਦੀ ਪਰ ਇਸ ਘਟਨਾ ਨੇ ਮੈਨੂੰ ਦੁਖੀ ਤੇ ਬੇਚੈਨ ਕਰ ਦਿੱਤਾ। ਇਨ੍ਹੀਂ ਦਿਨੀਂ 'ਆਜ਼ਾਦੀ ਮੇਰਾ ਬਰਾਂਡ' ਸਫ਼ਰਨਾਮੇ ਦੀ ਲੇਖਕ ਅਨੁਰਾਧਾ ਬੈਨੀਵਾਲ ਪੰਜਾਬ ਦੌਰੇ ਉੱਤੇ ਹੈ। ਪੰਜਾਬ ਦੀਆਂ ਵੱਖ ਵੱਖ ਸੰਸਥਾਵਾਂ ਵਿਚ ਉਹ ਸਰੋਤਿਆਂ/ਪਾਠਕਾਂ ਦੇ ਰੂ-ਬ-ਰੂ ਹੋ ਰਹੀ ਹੈ। ਇਸ ਕਿਤਾਬ ਦਾ ਪੰਜਾਬੀ ਅਨੁਵਾਦ ਵੀ ਛਪ ਚੁੱਕਿਆ ਹੈ ਅਤੇ ਹੁਣ ਅਨੁਰਾਧਾ ਦੀ ਪੰਜਾਬ ਫੇਰੀ ਮੌਕੇ ਇਸ ਬਾਰੇ ਵਾਹਵਾ ਚਰਚਾ ਚਲਾਈ ਜਾ ਰਹੀ ਹੈ। ਇਸ ਕਿਤਾਬ ਦਾ ਪੰਜਾਬੀ ਅਨੁਵਾਦ ਤਲਵੰਡੀ ਦੇ ਗੁਰੂ ਕਾਸ਼ੀ ਕਾਲਜ ਦੇ ਐੱਮਏ ਅੰਗਰੇਜ਼ੀ ਦੇ ਕੁਝ ਵਿਦਿਆਰਥੀਆਂ ਆਪਣੇ ਅਧਿਆਪਕ ਕੁਮਾਰ ਸੁਸ਼ੀਲ ਦੀ ਅਗਵਾਈ ਹੇਠ ਰਲ ਕੇ ਕੀਤਾ ਹੈ। ਹਰਮਨਦੀਪ, ਆਜ਼ਾਦ ਜ਼ਿੰਦਗੀ ਦਾ ਰਾਹ ਦੱਸਣ ਵਾਲੀ ਉਪਰੋਕਤ ਕਿਤਾਬ ਦਾ ਪੰਜਾਬੀ ਅਨੁਵਾਦ ਕਰਨ ਵਾਲੀ ਟੀਮ ਦਾ ਮੈਂਬਰ ਸੀ। ਪਿੱਛੇ ਜਿਹੇ ਹੋਈਆਂ ਪੰਚਾਇਤੀ ਚੋਣਾਂ ਵਿਚ ਉਹ ਆਪਣੇ ਪਿੰਡ ਤਿਓਣਾ ਦਾ ਪੰਚ ਚੁਣਿਆ ਗਿਆ ਸੀ। ਉਹ ਸੋਹਣੀ ਕਵਿਤਾ ਲਿਖਦਾ ਸੀ:

ਕਹਿਣ ਨੂੰ ਕਾਫ਼ੀ ਕੁਝ ਸੀ ਕਹਿਣਾ,
ਸਾਰਾ ਕੁਝ ਹੀ ਗਲੇ 'ਚ ਅੜਿਆ।
ਕੈਸੇ ਦਿਨ ਨੇ ਆ ਗਏ ਇੱਥੇ,
ਹਰ ਕੋਈ ਰਹਿੰਦਾ ਮੱਚਿਆ ਸੜਿਆ।
ਕੀ ਕਰਵਾਉਣਾ ਚਾਹੁੰਦਾ ਇਸ ਤੋਂ,
ਕਿਉਂ ਅੱਲ੍ਹਾ ਨੇ ਬੰਦਾ ਘੜਿਆ।
ਪੇੜਾ ਕੀਤਾ ਵੇਲਿਆ ਨਹੀਂਓ,
ਨਾ ਕੱਚਾ ਏ ਨਾ ਹੀ ਰੜ੍ਹਿਆ।
ਦਿਲ 'ਚੋਂ ਉਹਨੇ ਵਗ੍ਹਾ ਕੇ ਸੁੱਟਿਆ,
ਆਪਣਾ ਆਪ ਸੀ ਦਿਲ ਵਿਚ ਜੜਿਆ।
ਜ਼ਿੰਦਗੀ ਦੇ ਵਿਚ ਕੰਮ ਨਾ ਆਇਆ,
ਜੋ ਵੀ ਲਿਖਿਆ ਜੋ ਵੀ ਪੜ੍ਹਿਆ...

ਕਵਿਤਾ ਵਿਚ ਤਾਂ ਵਿਰੋਧਮਈ ਤੇਵਰ ਹਨ ਪਰ ਹਰਮਨ ਇਹੋ ਜਿਹਾ ਹੌਸਲਾ ਜ਼ਿੰਦਗੀ ਵਿਚ ਕਿਉਂ ਨਾ ਕਰ ਸਕਿਆ? ਨਿਡਰ ਕਿਉਂ ਨਿਡਰ ਨਾ ਬਣ ਸਕਿਆ? ਉਹ ਕੀ ਸੀ ਜਿਹੜਾ 'ਸਾਰਾ ਕੁਝ ਹੀ ਉਸ ਦੇ ਗਲੇ 'ਚ ਅੜਿਆ' ਰਹਿ ਗਿਆ। ਕਾਸ਼! ਸਾਡੇ ਸਮਾਜ ਦੀ ਕੋਈ ਨੁੱਕਰ ਅਜਿਹੀ ਹੁੰਦੀ ਜਿਥੇ ਉਹ ਇਹ ਸਭ ਕੁਝ ਅਣਕਿਹਾ ਕਹਿ ਸਕਦਾ। ਮੈਨੂੰ ਲੱਗਦਾ ਹੈ, ਕੀ ਅਸੀਂ ਆਪਣੇ ਨੌਜਵਾਨਾਂ ਦੀ ਨਿਕਾਸੀ ਦੇ ਸਾਰੇ ਰਸਤੇ ਬੰਦ ਕਰ ਦਿੱਤੇ ਹਨ? ਕੀ ਤਣਾਅ ਨਾਲ ਜੂਝਦੀ ਨੌਜਵਾਨੀ ਕੋਲ ਖ਼ੁਦਕੁਸ਼ੀ ਦਾ ਹੀ ਆਖ਼ਰੀ ਰਸਤਾ ਬਚਿਆ ਹੈ?

ਉਪਰੋਕਤ ਕਵਿਤਾ ਦੀ ਆਖਰੀ ਸਤਰ- 'ਜ਼ਿੰਦਗੀ ਦੇ ਵਿਚ ਕੰਮ ਨਾ ਆਇਆ, ਜੋ ਵੀ ਲਿਖਿਆ ਜੋ ਵੀ ਪੜ੍ਹਿਆ' ਦਰਅਸਲ ਸਾਡੇ ਸਮਾਜ ਅਤੇ ਸਿੱਖਿਆ ਪ੍ਰਣਾਲੀ ਦੇ ਮੂੰਹ 'ਤੇ ਮਾਰੀ ਚਪੇੜ ਵਾਂਗ ਹੈ ਕਿ ਸਾਡਾ ਸਮਾਜਿਕ ਜਾਂ ਰਸਮੀ ਪੜ੍ਹਿਆ-ਲਿਖਿਆ ਨਾ ਤਾਂ ਸਾਨੂੰ ਰੁਜ਼ਗਾਰਯਾਫ਼ਤਾ ਕਰਨ ਵਿਚ ਮਦਦਗਾਰ ਹੈ ਅਤੇ ਨਾ ਹੀ ਸਾਡੇ ਤਨ-ਮਨ ਦੀਆਂ ਗੁੰਝਲਾਂ ਹੱਲ ਕਰਨ ਵਿਚ ਸਹਾਇਤਾ ਕਰਦਾ ਹੈ। ਹਰਮਨਦੀਪ ਪਾਕਿਸਤਾਨੀ ਪੰਜਾਬੀ ਨਾਬਰ ਲੇਖਕ ਸਾਬਰ ਅਲੀ ਸਾਬਰ ਦੀ ਕਿਤਾਬ 'ਇਹ ਕਿੱਥੇ ਲਿਖਿਆ?' ਵੀ ਸੰਪਾਦਿਤ ਕਰ ਰਿਹਾ ਸੀ। ਸੋਚਣ-ਵਿਚਾਰਨ ਵਾਲਾ ਮਸਲਾ ਹੁਣ ਇਹ ਹੈ ਕਿ ਸਿਰਜਾਣਤਮਕ ਜਾਂ ਉੱਚ ਪਾਏ ਦੇ ਹੋਰ ਸਾਹਿਤ ਨਾਲ ਜੁੜਿਆ ਹਰਮਨ ਕਿਵੇਂ ਜ਼ਿੰਦਗੀ ਤੋਂ ਹਾਰ ਗਿਆ?



ਹਰਮਨਦੀਪ ਤਿਓਣਾ ਦੇ ਇਸ ਸਮਾਜਿਕ ਕਤਲ ਤੋਂ ਬਾਅਦ ਹੋਰ ਕਿੰਨੇ ਚਿਹਰੇ ਇਕ ਤੋਂ ਬਾਅਦ ਇਕ ਮੇਰੀਆਂ ਅੱਖਾਂ ਸਾਹਮਣੇ ਘੁੰਮ ਰਹੇ ਹਨ। ਕੁੱਝ ਸਾਲ ਪਹਿਲਾਂ ਨੌਜਵਾਨ ਕਵੀ ਅਫ਼ਰੋਜ਼ ਅੰਮ੍ਰਿਤ ਨੂੰ ਵੀ ਜ਼ਿੰਦਗੀ ਨੂੰ ਸੰਵਾਰਨ ਵਾਲੀ ਕਵਿਤਾ ਨਾ ਬਚਾ ਸਕੀ। 'ਜੰਗਲਨਾਮਾ' ਵਾਲੇ ਸਤਨਾਮ ਨੂੰ ਸੰਘਰਸ਼ਮਈ ਜੀਵਨ ਦੇ ਅਸੂਲ ਹੋਰ ਸੰਘਰਸ਼ ਕਰਨ ਦੀ ਪ੍ਰੇਰਨਾ ਨਾ ਦੇ ਸਕੇ। ਨਾਟਕਕਾਰ ਅਜਮੇਰ ਔਲਖ ਦੀ ਧੀ ਸੋਹਜਦੀਪ ਨੂੰ ਵੀ ਕਲਾ ਜਾਂ ਨਾਟਕ ਬਾਂਹ ਫੜ ਕੇ ਖ਼ੁਦਕੁਸ਼ੀ ਦੇ ਰਾਹ ਤੋਂ ਨਾ ਵਰਜ ਸਕੇ। ਕਈ ਦੋਸਤ ਸਿਆਸੀ ਕਾਰਕੁਨ ਨਵਕਿਰਨ ਨੂੰ ਯਾਦ ਕਰ ਰਹੇ ਹਨ।

ਮੈਨੂੰ ਖ਼ੁਦਕੁਸ਼ੀ ਸਮਾਜਿਕ ਕਤਲ ਲੱਗਦਾ ਹੈ, ਜਦੋਂ ਕੋਈ ਸਮਾਜ, ਸਮੂਹਿਕ ਰੂਪ ਵਿਚ ਅਜਿਹਾ ਵਾਤਾਵਰਨ ਤਿਆਰ ਕਰ ਦਿੰਦਾ ਹੈ ਕਿ ਉਸ ਦੇ ਬਾਸ਼ਿੰਦੇ ਖ਼ੁਦਕੁਸ਼ੀ ਦਾ ਰਾਹ ਫੜਦੇ ਹਨ। ਪੰਜਾਬ ਦਾ ਹਰ ਵਰਗ ਖ਼ੁਦਕੁਸ਼ੀ ਦੇ ਰਾਹ ਪਿਆ ਨਜ਼ਰ ਆਉਂਦਾ ਹੈ। ਅੱਜਕੱਲ੍ਹ ਨੌਜਵਾਨ ਅਤੇ ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ। ਇਹ ਬਤੌਰ ਸਮਾਜਿਕ ਸਮੂਹ ਸਾਡੇ ਲਈ ਸ਼ਰਮ ਤੇ ਅਫ਼ਸੋਸ ਦੀ ਗੱਲ ਹੈ। ਮੈਂ ਅਧਿਆਪਕ ਹਾਂ, ਸੋ ਮੇਰਾ ਵਾਸਤਾ ਬੀਏ ਤੇ ਐੱਮਏ ਦੇ ਵਿਦਿਆਰਥੀਆਂ ਨਾਲ ਪੈਂਦਾ ਹੈ। ਇਸ ਤੋਂ ਇਲਾਵਾ ਜਿੱਥੇ ਵੀ ਮੈਨੂੰ ਨੌਜਵਾਨਾਂ ਬਾਰੇ ਜਾਣਨ ਦਾ ਮੌਕਾ ਮਿਲਦਾ ਹੈ, ਮੈਂ ਉਨ੍ਹਾਂ ਦੇ ਮਸਲਿਆਂ ਵਿਚ ਦਿਲਚਸਪੀ ਲੈਂਦੀ ਹਾਂ। ਸੱਚ ਜਾਣਿਓ, ਸਾਡੀ ਨੌਜਵਾਨ ਪੀੜ੍ਹੀ ਇਸ ਵੇਲੇ ਬਹੁਤ ਤਣਾਅ ਵਿਚੋਂ ਲੰਘ ਰਹੀ ਹੈ। ਮੈਂ ਕਦੇ ਕਲਾਸ 'ਚ ਉਨ੍ਹਾਂ ਦੀ ਜ਼ਿੰਦਗੀ ਬਾਰੇ ਗੱਲਾਂ ਪੁੱਛਣ ਲੱਗ ਜਾਵਾਂ ਤਾਂ ਉਹ ਜ਼ਾਰੋ-ਜ਼ਾਰ ਰੋਣ ਲੱਗ ਪੈਂਦੇ ਹਨ।

ਵਿਦਿਆਰਥੀਆਂ 'ਤੇ ਸਭ ਤੋਂ ਵੱਡਾ ਬੋਝ ਰੁਜ਼ਗਾਰ ਦਾ ਹੈ। ਇੰਨਾ ਪੜ੍ਹ-ਲਿਖ ਕੇ ਵੀ ਉਨ੍ਹਾਂ ਨੂੰ ਨੌਕਰੀ ਦੀ ਕੋਈ ਆਸ ਨਜ਼ਰ ਨਹੀਂ ਆਉਂਦੀ। ਸਰਕਾਰਾਂ ਉਨ੍ਹਾਂ ਨੂੰ ਸੁਰੱਖਿਅਤ ਰੁਜ਼ਗਾਰ ਦੇਣ ਤੋਂ ਮੁਨਕਰ ਹੋ ਗਈਆਂ ਹਨ। ਘਰ-ਪਰਿਵਾਰ ਉਨ੍ਹਾਂ ਉੱਤੇ 'ਸਫ਼ਲ' ਹੋਣ ਦਾ ਦਬਾਅ ਪਾ ਰਿਹਾ ਹੈ। ਕਾਰਪੋਰੇਟ ਦੀਆਂ ਦਿਖਾਵੇ ਦੀਆਂ 'ਸਕਸੈੱਸ ਸਟੋਰੀਜ਼' ਉਨ੍ਹਾਂ ਨੂੰ ਹੋਰ ਆਤਮ-ਗਿਲਾਨੀ ਨਾਲ ਭਰ ਰਹੀਆਂ ਹਨ। ਇਸ ਤੋਂ ਇਲਾਵਾ ਪਰਿਵਾਰਕ-ਸਮਾਜਿਕ ਉਲਝਣਾਂ ਵੀ ਨੌਜਵਾਨਾਂ ਨੂੰ ਤਣਾਅ ਦੀ ਖੱਡ ਵਿਚ ਧੱਕਦੀਆਂ ਹਨ। ਨਵੇਂ ਤਰ੍ਹਾਂ ਦੇ ਪ੍ਰੇਮ-ਰਿਸ਼ਤੇ ਜਿਨ੍ਹਾਂ ਵਿਚ 'ਪੈਚਅੱਪ' ਅਤੇ 'ਬ੍ਰੇਕਅੱਪ' ਛੇਤੀ ਛੇਤੀ ਵਾਪਰਦਾ ਹੈ, ਵੀ ਨੌਜਵਾਨਾਂ ਦੇ ਤਣਾਅ ਦਾ ਵੱਡਾ ਕਾਰਨ ਬਣ ਰਹੇ ਹਨ। ਸਾਡੇ ਘਰ-ਪਰਿਵਾਰ ਵਿਚ ਇਹ ਸਭ ਗੱਲ ਕਰਨ ਲਈ ਵਰਜਿਤ ਵਿਸ਼ੇ ਹਨ ਅਤੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਸਿਲੇਬਸ ਪੂਰਾ ਕਰਾਉਣਾ ਹੀ ਸਭ ਤੋਂ ਵੱਡਾ ਕੰਮ ਹੈ। ਅਸੀਂ ਨਵੀਂ ਪੀੜ੍ਹੀ ਨੂੰ ਪਿਆਰ, ਸੈਕਸ, ਰਿਸ਼ਤਿਆਂ ਆਦਿ ਬਾਰੇ ਸਿੱਖਿਅਤ ਕਰਨ ਵਿਚ ਨਾਕਾਮਯਾਬ ਰਹੇ ਹਾਂ। ਅਸੀਂ ਨੌਜਵਾਨਾਂ ਨੂੰ ਇਹ ਦੱਸਣ ਵਿਚ ਅਸਫ਼ਲ ਰਹੇ ਹਾਂ ਕਿ ਉਨ੍ਹਾਂ ਨੇ ਆਪਣੇ ਸਰੀਰ, ਮਨ, ਭਾਵਾਂ ਅਤੇ ਸਮੱਸਿਆਵਾਂ ਨਾਲ ਕਿਵੇਂ ਨਜਿੱਠਣਾ ਹੈ। ਪੰਜਾਬੀ ਪਰਵਾਸੀ ਨੌਜਵਾਨਾਂ ਵਿਚ ਇਕ ਹੋਰ ਨਵੀਂ ਕਿਸਮ ਦਾ ਤਣਾਅ ਦੇਖਣ ਨੂੰ ਮਿਲ ਰਿਹਾ ਹੈ। ਉਹ ਮੋਟੀਆਂ ਰਕਮਾਂ ਖਰਚ ਕੇ ਬਾਹਰਲੇ ਮੁਲਕਾਂ 'ਚ ਜਾਂਦੇ ਹਨ।

ਉਨ੍ਹਾਂ ਉੱਤੇ ਪੜ੍ਹਾਈਆਂ ਦਾ ਬੋਝ, ਪੜ੍ਹਾਈ ਦੇ ਖ਼ਰਚੇ, ਲੰਮੇ ਕੰਮ-ਘੰਟੇ, ਚੰਗੇ ਖਾਣ-ਪੀਣ ਤੇ ਰਿਹਾਇਸ਼ ਦੀ ਘਾਟ, ਪਰਿਵਾਰ ਵਲੋਂ ਛੇਤੀ ਸਫ਼ਲ ਹੋਣ, ਪੈਸੇ ਪੂਰੇ ਕਰਨ ਆਦਿ ਦੇ ਦਬਾਅ ਹਨ। ਉਨ੍ਹਾਂ ਦੇ ਕਹੇ ਅਨੁਸਾਰ, "ਸਾਡੇ ਕੋਲ ਪਿੱਛੇ ਮੁੜਨ ਦਾ ਕੋਈ ਰਾਹ ਨਹੀਂ।" ਉਹ ਭਾਵੇਂ ਹੱਸ ਹੱਸ 'ਸੈਲਫ਼ੀਆਂ' ਪਾਉਂਦੇ ਨਜ਼ਰ ਆਉਂਦੇ ਹਨ ਪਰ ਆਪਣਾ ਸੱਚ ਨਹੀਂ ਦੱਸ ਸਕਦੇ ਅਤੇ ਡਾਲਰਾਂ-ਪੌਡਾਂ ਦੇ ਹਿਸਾਬ-ਕਿਤਾਬ 'ਚ ਰੁਝਿਆ ਪਰਿਵਾਰ/ਸਮਾਜ ਉਨ੍ਹਾਂ ਦਾ ਸੱਚ ਸੁਣਨ ਲਈ ਤਿਆਰ ਵੀ ਨਹੀਂ ਲੱਗਦਾ।

ਹੁਣ ਇਸ ਸਭ ਦਾ ਹੱਲ ਕੀ ਨਿਕਲੇ? ਮੈਨੂੰ ਲੱਗਦਾ ਸਾਨੂੰ ਪਿੰਡਾਂ-ਸ਼ਹਿਰਾਂ ਵਿਚ ਨੌਜਵਾਨ ਸਭਾਵਾਂ ਬਣਾਉਣੀਆਂ ਚਾਹੀਦੀਆਂ ਹਨ ਜਿਹੜੀਆਂ ਨੌਜਵਾਨਾਂ ਅਤੇ ਹੋਰ ਲੋਕਾਂ ਦੇ ਮਸਲਿਆਂ ਉੱਤੇ ਵਿਚਾਰ ਕਰਨ ਤੇ ਉਨ੍ਹਾਂ ਨੂੰ ਕਿਸੇ ਉਸਾਰੂ ਕੰਮ 'ਚ ਲਗਾਉਣ। ਅਸੀਂ ਆਪਣੇ ਘਰਾਂ ਦਾ ਮਾਹੌਲ ਬਦਲੀਏ, ਹੁਣ ਤੱਕ ਵਰਜਿਤ ਕਹੇ ਜਾਣ ਵਾਲੇ ਮਸਲਿਆਂ ਉੱਤੇ ਗੱਲ ਕਰਨ ਦਾ ਹੌਸਲਾ ਕਰੀਏ। ਸਾਡੀਆਂ ਸਿੱਖਿਆ ਸੰਸਥਾਵਾਂ ਵਿਚ ਅਜਿਹੇ ਵਿਸ਼ਿਆਂ ਉੱਤੇ ਵਿਚਾਰ-ਚਰਚਾ ਹੋਵੇ ਅਤੇ ਇਨ੍ਹਾਂ ਨੂੰ ਸਾਡੇ ਸਿਲੇਬਸ ਦਾ ਲਾਜ਼ਮੀ ਹਿੱਸਾ ਬਣਾਇਆ ਜਾਵੇ। ਇਸ ਨਾਲ ਸਬੰਧਿਤ ਲੈਕਚਰ ਕਰਵਾਏ ਜਾਣ। ਟੈਲੀਵਿਜ਼ਨ-ਅਖ਼ਬਾਰਾਂ ਵਿਚ ਇਸ ਬਾਰੇ ਬਹਿਸਾਂ ਹੋਣ।

ਸਭ ਤੋਂ ਜ਼ਰੂਰੀ, ਅਸੀਂ ਸਰਕਾਰਾਂ ਉੱਤੇ ਦਬਾਅ ਪਾਈਏ ਕਿ ਉਹ ਸਾਡੇ ਨੌਜਵਾਨਾਂ ਲਈ ਨੌਕਰੀਆਂ ਜਾਂ ਹੋਰ ਪੱਕੇ ਰੁਜ਼ਗਾਰ ਮੁਹੱਈਆ ਕਰਾਉਣ। ਸਾਡੀਆਂ ਸਰਕਾਰਾਂ ਨੂੰ ਇਸ ਖ਼ਤਰੇ ਦੇ ਬੱਦਲ ਨਹੀਂ ਦਿਸ ਰਹੇ ਕਿ ਨੌਜਵਾਨਾਂ ਦੇ ਮਨਾਂ ਅੰਦਰਲਾ ਰੋਸ ਕਦੇ ਵੀ 'ਖ਼ੁਦਕਸ਼ੀ' ਦੀ ਥਾਂ 'ਹਿੰਸਾ' ਵਿਚ ਬਦਲ ਸਕਦਾ ਹੈ। ਇਸ ਵੇਲੇ ਚੋਣਾਂ ਦਾ ਮਾਹੌਲ ਹੈ ਤਾਂ ਸਵਾਲ ਪੈਦਾ ਹੁੰਦਾ ਹੈ: ਕੀ ਸਾਡੇ ਨੌਜਵਾਨਾਂ ਨੂੰ ਖ਼ੁਦਕੁਸ਼ੀ ਦੇ ਰਾਹ ਤੋਰਨ ਵਾਲੀ ਬੇਰੁਜ਼ਗਾਰੀ 'ਪੰਜਾਬ ਦਾ ਭਲਾ ਕਰਨ' ਦਾ ਦਾਅਵਾ ਕਰਨ ਵਾਲੀਆਂ ਸਾਡੀਆਂ ਸਿਆਸੀ ਪਾਰਟੀਆਂ ਦੇ ਚੋਣ ਮੈਨੀਫੈਸਟੋ ਦਾ ਹਿੱਸਾ ਹਨ? ਕੀ ਨੌਜਵਾਨਾਂ ਦੇ ਇਹ ਮਸਲੇ ਸਿਆਸੀ ਬਹਿਸਾਂ ਕਰਨ ਵਾਲਿਆਂ ਦੀਆਂ ਬਹਿਸਾਂ ਵਿਚ ਹਨ?

# ਜਾਤ ਤੇ ਧਰਮ ਦੀਆਂ ਵਲਗਣਾਂ ਤੋੜਦਿਆਂ

ਖ਼ੁਸ਼ਮਿੰਦਰ ਕੌਰ

ਬਾਬਾ ਬੁੱਲ੍ਹੇ ਸ਼ਾਹ ਦੇ ਨਾਮ ਨਾਲ ਜੋੜਿਆ ਜਾਂਦਾ ਇਹ ਕਲਾਮ ਕਿ 'ਓਥੇ ਅਮਲਾਂ ਦੇ ਹੋਣਗੇ ਨਿਬੇੜੇ, ਕਿਸੇ ਨਾ ਤੇਰੀ ਜਾਤ ਪੁੱਛਣੀ', ਜਦੋਂ ਵੀ ਸੁਣਨਾ ਤਾਂ ਅੰਦਰੋਂ ਚੀਸ ਉੱਠਣੀ। ਸੋਚਣਾ- ਕਾਸ਼! ਇਨ੍ਹਾਂ ਤੁਕਾਂ ਨੂੰ ਸੁਣਨ ਦੇ ਨਾਲ ਨਾਲ ਸੰਸਾਰਕ੍ਵਿਹਾਰਕ ਜੀਵਨ ਵਿਚ ਲਾਗੂ ਵੀ ਕੀਤਾ ਜਾ ਸਕਦਾ ਤਾਂ ਦੁਨੀਆਂ ਕਿੰਨੀ ਸੋਹਣੀ ਹੁੰਦੀ। ਹਰ ਵਾਰ ਇਸ ਕਲਾਮ ਦੀਆਂ ਅੰਤਿਮ ਤੁਕਾਂ ਤੱਕ ਇਹ ਖ਼ਿਆਲ ਬੱਸ ਖ਼ਿਆਲ ਮਾਤਰ ਹੀ ਰਿਹਾ। ਬੈਚਲਰ ਕਰਦਿਆਂ ਸਮਾਜ ਵਿਗਿਆਨ ਅਤੇ ਇਤਿਹਾਸ ਪੜ੍ਹਿਆ ਤਾਂ ਇਹ ਹੋਰ ਵੀ ਸਪੱਸ਼ਟ ਹੋਇਆ ਕਿ ਜਾਤੀ ਪ੍ਰਥਾ ਕਿੰਨਾ ਕਠੋਰ ਵਰਤਾਰਾ ਹੈ ਅਤੇ ਧਰਮ ਇਕ ਪੱਕੇ ਨਸ਼ੇ ਵਾਂਗ ਸਮਾਜ ਨੂੰ ਲੱਗਾ ਹੋਇਆ ਹੈ। ਅਸੀਂ ਆਪਣੇ ਅਧਿਆਪਕਾਂ ਨਾਲ ਜਮਾਤ ਵਿਚ ਹਮੇਸ਼ਾਂ ਇਨ੍ਹਾਂ ਮਸਲਿਆਂ ਨੂੰ ਵਿਚਾਰਦੇ ਤਾਂ ਮਹਿਸੂਸ ਕਰਦੇ ਕਿ ਉਨ੍ਹਾਂ ਨੂੰ ਵੀ ਸਾਡੇ ਸਵਾਲਾਂ ਦੇ ਠੋਸ ਹੱਲ ਨਾ ਅਹੁੜਦੇ। ਸਮਾਂ ਬੀਤਦਾ ਗਿਆ, ਜ਼ਿੰਦਗੀ ਅਤੇ ਸਮਾਜ ਬਾਰੇ ਸੋਚਾਂ ਨੂੰ ਕਿਸੇ ਵਿਉਂਤ ਵਿਚ ਬੰਨ੍ਹਣ ਦੀ ਕੋਸ਼ਿਸ਼ ਕਰਦਿਆਂ ਇਹ ਹਮੇਸ਼ਾ ਜ਼ਿਹਨ 'ਚ ਸੀ ਕਿ ਇਸ ਆਪੂੰ ਪ੍ਰਧਾਨ ਬਣੇ ਮਸਲੇ ਨੂੰ ਕਰੜੇ ਹੱਥੀਂ ਲਵਾਂਗੇ। ਆਪਣੇ ਨੌਂ ਸਾਲ ਦੀਆਂ ਅਧਿਆਪਨ ਸੇਵਾਵਾਂ ਵਿਚ ਖ਼ੁਦ ਵੀ ਮਹਿਸੂਸ ਕੀਤਾ ਕਿ ਜਾਤ ਅਤੇ ਧਰਮ ਦੇ ਮਸਲਿਆਂ ਨੇ ਸਾਡੀਆਂ ਨਿੱਕੀਆਂ ਅਣਭੋਲ ਨਸਲਾਂ ਨੂੰ ਵੀ ਵਿਤਕਰੇ ਦੀ ਸਿਉਂਕ ਲਾ ਦਿੱਤੀ ਹੈ।

ਖ਼ੈਰ, ਧਾਰਮਿਕ ਆਸਥਾਵਾਂ ਅਤੇ ਉਨ੍ਹਾਂ ਦੇ ਬੰਦ ਦਾਇਰਿਆਂ ਦੇ ਮਾਮਲੇ ਵਿਚ ਫਿਰ ਵੀ ਭਾਰਤੀ ਸਮਾਜ ਵਿਚ ਕੁਝ ਬਦਲਾਓ ਦੇਖਣ ਨੂੰ ਮਿਲਿਆ ਹੈ। ਬਹੁਤ ਸਾਰੇ ਭਾਰਤੀ ਲੋਕ ਸਰਬ ਧਰਮ ਸੰਗਠਨਾਂ ਦੇ ਮੈਂਬਰ ਬਣ ਰਹੇ ਹਨ ਜਾਂ ਫਿਰ ਬਹੁਤੇ ਨਾਸਤਿਕਤਾ ਨੂੰ ਉਤਸ਼ਾਹਿਤ ਕਰਕੇ ਤਰਕਵਾਦ ਨਾਲ ਜੁੜ ਰਹੇ ਹਨ। ਲੋਕਪ੍ਰਿਯਾ ਮੀਡੀਆ ਇਮਦਾਦ ਦੀ ਗੱਲ ਕਰੀਏ ਤਾਂ 'ਓਹ ਮਾਈ ਗਾਡ' ਅਤੇ 'ਪੀਕੇ' ਵਰਗੀਆਂ ਸ਼ਾਹਕਾਰ ਫ਼ਿਲਮਾਂ ਨੇ ਧਰਮਿਕ ਵਿਹਾਰ ਅਤੇ ਪ੍ਰਕਿਰਿਆਵਾਂ ਅੰਦਰਲੀ ਤਰਕਹੀਣਤਾ ਨੂੰ ਉਭਾਰਨ ਦੇ ਨਾ਼ਲ ਨਾ਼ਲ ਧਰਮਾਂ ਦੀ ਗ੍ਰਿਫ਼ਤ ਵਿਚ ਘੁਟ ਘੁਟ ਕੇ ਜੀਅ ਰਹੀ ਮਨੁੱਖਤਾ ਬਾਰੇ ਲੋਕ ਮਨਾਂ ਵਿਚ ਨਵੇਂ ਸਵਾਲ ਉਜਾਗਰ ਕੀਤੇ ਹਨ। ਇਸ ਦੇ ਉਲਟ ਜਾਤ ਪ੍ਰਥਾ ਦਾ ਪਾੜਾ ਤਾਂ ਛੂਤ ਦੀ ਬਿਮਾਰੀ ਵਾਂਗੂੰ ਲੋਕਾਂ ਦੇ ਮਨਾਂ ਨੂੰ ਲੱਗਾ ਹੋਇਆ ਹੈ ਪਰ ਰਾਜਨੀਤਕ ਤੇ ਅਕਾਦਮਿਕ ਦਾਇਰਿਆਂ ਤੋਂ ਬਾਹਰ ਗਲੀਆਂ-ਬਾਜ਼ਾਰਾਂ ਅਤੇ ਮਹਿਫ਼ਿਲਾਂ ਵਿਚ ਇਸ ਕੋਹੜ ਬਾਰੇ ਬਹੁਤੀਆਂ ਗੱਲਾਂ ਨਹੀਂ ਹੁੰਦੀਆਂ। ਪੰਜਾਬ ਦੀ ਗੱਲ ਕਰਾਂ ਤਾਂ ਅਜਮੇਰ ਔਲਖ਼ ਦਾ ਨਾਟਕ 'ਸੱਤ ਬੇਗਾਨੇ' ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਜ਼ਿੰਦਗੀ ਦੇ ਸਾਰੇ ਸਾਲ ਬਿਤਾ ਕੇ ਵੀ ਇਕ ਔਰਤ ਆਪਣੇ ਪਤੀ ਦੀ ਉੱਚੀ ਜਾਤ ਗ੍ਰਹਿਣ ਨਹੀਂ ਕਰ ਸਕਦੀ ਤੇ ਇਸੇ ਕਰਕੇ ਉਸ ਦੇ ਬੱਚਿਆਂ ਦੇ ਰਿਸ਼ਤੇ ਵੀ ਨਹੀਂ ਹੁੰਦੇ। ਇੱਥੋਂ ਤੱਕ ਕਿ ਪੰਜਾਬ ਵਿਚ ਤਾਂ ਜਾਤ ਸੰਕਟ ਇੰਨਾ ਭਿਆਨਕ ਹੈ ਕਿ ਉੱਚ ਜਾਤੀਆਂ ਦੇ ਲੋਕ ਆਪਣੇ ਤੋਂ ਹੇਠਲੀ ਜਾਤੀ ਦੇ ਲੋਕਾਂ ਲਈ ਕੁਜਾਤ ਸ਼ਬਦ ਦਾ ਇਸਤੇਮਾਲ ਤੱਕ ਕਰਦੇ ਹਨ। ਇਸ ਬਾਬਤ ਪੰਜਾਬੀ ਫ਼ਿਲਮ ਮੀਡੀਆ ਦੇ ਹਾਲਾਤ ਇਹ ਹਨ ਕਿ ਪੰਜਾਬੀ ਦੀ ਇਕ ਵੀ ਫ਼ਿਲਮ ਇਸ ਮਸਲੇ ਨੂੰ ਸਿੱਧੇ ਤੌਰ 'ਤੇ ਸੰਬੋਧਨ ਨਹੀਂ ਕਰਦੀ। ਜੇ ਅਜਿਹੀਆਂ ਕੋਸ਼ਿਸ਼ਾਂ ਹੋਈਆਂ ਵੀ ਹਨ ਤਾਂ ਉਹ ਫ਼ਿਲਮਾਂ ਦਲਿਤ ਚੇਤਨਾ ਦੇ ਨਾਂ 'ਤੇ ਅਣਗੌਲੀਆਂ ਹੀ ਕੀਤੀਆਂ ਗਈਆਂ ਜਿਨ੍ਹਾਂ ਵਿਚ ਰਾਜੀਵ ਸ਼ਰਮਾ ਦੀ ਫ਼ਿਲਮ 'ਚੰਮ', ਰਾਮ ਸਰੂਪ ਅਣਖੀ ਦੀ ਕਹਾਣੀ 'ਤੇ ਆਧਾਰਿਤ ਫ਼ਿਲਮ 'ਗੇਲੋ', ਰਣਦੀਪ ਮੱਦੋਕੇ ਦੀ ਦਸਤਾਵੇਜ਼ੀ ਫਿਲਮ 'ਦਿ ਲੈਂਡਲੈੱਸ' ਆਦਿ ਮਹੱਤਵਪੂਰਨ ਉਦਾਹਰਣਾਂ ਹਨ। ਹਾਂ, ਅੰਤਰਜਾਤੀ ਵਿਆਹਾਂ ਦੇ ਮਸਲਿਆਂ ਦੀ ਗੱਲ ਜ਼ਰੂਰ ਇਕ ਦੋ ਫ਼ਿਲਮਾਂ ਜਿਵੇਂ 'ਬਾਗ਼ੀ', 'ਚੰਨਾ ਮੇਰਿਆ' ਆਦਿ ਵਿਚ ਉੱਠੀ ਪਰ ਇਹ ਫ਼ਿਲਮਾਂ ਮਸਲੇ ਦਾ ਸਿਰਫ਼ ਇਕਪਾਸੜ ਤੇ ਛੋਟਾ ਹੱਲ ਦੇਣ ਤੋਂ ਅੱਗੇ ਨਹੀਂ ਜਾ ਸਕੀਆਂ। ਭਾਰਤੀ ਸਿਆਸਤਦਾਨਾਂ ਨੇ ਵੀ ਇਸ ਫ਼ਰਕ ਨੂੰ ਮੇਟਣ ਦੀ ਬਜਾਇ ਆਪਣੀਆਂ ਰੋਟੀਆਂ ਸੇਕਣ ਲਈ ਇਸ ਤੋਂ ਅੱਗ ਦਾ ਕੰਮ ਹੀ ਲਿਆ ਹੈ। ਬਹੁਗਿਣਤੀ ਨੇਤਾਵਾਂ ਅਤੇ ਵਿਧਾਇਕਾਂ ਦੇ ਚੋਣਾਂ ਦੇ ਏਜੰਡੇ ਇਸੇ ਜਾਤੀਵਾਦ ਨੂੰ ਹੁਲਾਰਾ ਦੇ ਕੇ ਵਿਉਂਤੇ ਜਾਂਦੇ ਹਨ। ਭੋਲੀ ਜਨਤਾ ਧਰਮ ਦੀ ਪੱਟੀ ਅੱਖਾਂ ਉੱਤੇ ਬੰਨ੍ਹਵਾ ਕੇ, ਜਾਤ ਦੇ ਠੂਠੇ ਵਿਚ ਆਪਣੇ ਹੀ ਹੱਕਾਂ ਨੂੰ ਗੋਡੇ ਟੇਕ ਟੇਕ ਕੇ ਮੰਗਦੀ ਆਈ ਹੈ। ਨਮੋਸ਼ੀ ਦੀ ਗੱਲ ਤਾਂ ਇਹ ਵੀ ਹੈ ਕਿ ਭਾਰਤ ਦੇ ਸੰਵਿਧਾਨ ਵਿਚ ਸੱਠ ਸਾਲਾਂ ਵਿਚ 103 ਸੋਧਾਂ ਅਤੇ ਸੈਂਕੜੇ ਅਨੁਛੇਦੀ ਤਬਦੀਲੀਆਂ ਹੋਈਆਂ ਪਰ ਜਾਤ ਦੇ ਮਸਲੇ ਨੂੰ ਜਾਤ ਜਿੰਨੀ ਕਠੋਰਤਾ ਨਾਲ ਕਦੇ ਨਹੀਂ ਸੋਧਿਆ ਗਿਆ। ਇਸ ਦੇ ਜਵਾਬ ਮੇਰਾ ਖ਼ਿਆਲ ਹੈ, ਸਭ ਨੂੰ ਸਪੱਸ਼ਟ ਹੀ ਹਨ।



ਨਿਦਾ ਫ਼ਾਜ਼ਲੀ ਦਾ ਇਕ ਫ਼ਿਲਮੀ ਸੰਵਾਦ ਹੈ ਕਿ 'ਤਬਦੀਲੀ ਵੀ ਤਬਦੀਲ ਹੋਤੀ ਹੈ'। ਇਸੇ ਤਰਜ਼ 'ਤੇ ਜਾਤ ਅਤੇ ਧਰਮ ਦੀ ਕਠੋਰਤਾ ਨੂੰ ਤੋੜਨ ਦੇ ਯਤਨ ਵੱਖੋ-ਵੱਖ ਢੰਗਾਂ ਨਾਲ ਹੋਏ। ਇਸ ਦੇ ਭਾਵੇਂ ਬਹੁਤ ਸਾਰੇ ਨਕਾਰਾਤਮਕ ਪੱਖ ਹੋਣਗੇ ਪਰ ਪਿਛਲੇ ਸਮੇਂ ਤੋਂ ਪੰਜਾਬ ਵਿਚ ਤਾਂ ਇਹ ਕੰਮ ਆਈਲੈਂਟਸ ਦੇ ਬੈਂਡ ਬਾਖ਼ੂਬੀ ਕਰ ਰਹੇ ਹਨ ਜਿਸ ਤਹਿਤ ਪੱਕੇ ਹੋਣ ਦੀ ਕੋਸ਼ਿਸ਼ ਹਿਤ ਬਹੁਗਿਣਤੀ ਲੋਕਾਂ ਨੂੰ ਆਪਣੀਆਂ ਧੌਣਾਂ ਦੇ ਕੀਲੇ ਕੱਢਣੇ ਪਏ। ਖ਼ੈਰ, ਦਿਲ ਨੂੰ ਇਕ ਸਕੂਨ ਤਾਂ ਹੈ ਕਿ ਜੋ ਸਵਾਲ ਸਮਾਜ ਵਿਗਿਆਨ ਦੀ ਜਮਾਤ ਵਿਚ ਪਨਪੇ, ਉਹ ਸ਼ਾਇਦ ਹੱਲ ਹੋ ਰਹੇ ਹਨ ਪਰ ਇਹ ਅਜੇ ਬਹੁਤ ਨਿਗੂਣਾ ਹੈ।

ਇਸੇ ਬਾਬਤ ਫ਼ਰਵਰੀ 2019 ਵਿਚ ਖ਼ੁਸ਼ੀ ਦੀ ਖ਼ਬਰ ਆਈ ਸੀ ਕਿ ਭਾਰਤ ਦੇ ਹੀ ਰਾਜ ਤਾਮਿਲਨਾਡੂ ਦੀ ਸਨੇਹਾ ਪ੍ਰਤਿਭਾਰਾਜਾ ਨੇ ਨੌਂ ਸਾਲਾਂ ਦੀ ਬੜੀ ਮੁਸ਼ੱਕਤ ਨਾਲ 'ਨੋ ਕਾਸਟ, ਨੋ ਰਿਲੀਜਨ ਸਰਟੀਫਿਕੇਟ' ਲੈਣ ਵਿਚ ਸਫ਼ਲਤਾ ਹਾਸਿਲ ਕੀਤੀ ਹੈ। ਉਸ ਦੀ ਇਹ ਪ੍ਰਾਪਤੀ ਮਹਿਜ਼ ਕਾਗਜ਼ੀ ਨਹੀਂ ਸਗੋਂ ਭਾਰਤ ਵਰਗੇ ਧਾਰਮਿਕ ਪਛਾਣਾਂ ਵਿਚ ਜਕੜੇ ਮੁਲਕ ਦੇ ਧਾਰਮਿਕ ਆਗੂਆਂ ਲਈ ਵੱਡਾ ਸੰਕਟ ਸਾਬਿਤ ਹੋਵੇਗੀ। ਉਸ ਦੀ ਇਸ ਪਹਿਲ ਨੇ ਜਿੱਥੇ ਭਾਰਤੀ ਜਾਤੀਵਾਦੀ ਢਾਂਚੇ ਦੀਆਂ ਚੂਲਾਂ ਹਿਲਾਈਆਂ ਹਨ, ਉੱਥੇ ਅਖੌਤੀ ਬੋਹੜ ਬਣੇ ਧਾਰਮਿਕ ਠੇਕੇਦਾਰਾਂ ਦੀਆਂ ਜੜ੍ਹਾਂ ਵੀ ਹਲੂਣੀਆਂ ਹਨ; ਹਾਲਾਂਕਿ ਕੇਰਲਾ ਰਾਜ ਵਿਚ ਪਹਿਲਾਂ ਵੀ ਇਸ ਤਰ੍ਹਾਂ ਦੀ ਮੁਹਿੰਮ ਸ਼ੁਰੂ ਹੋਈ ਸੀ ਪਰ ਅਧਿਕਾਰਿਤ ਤੌਰ 'ਤੇ ਇਹ ਜਿੱਤ, ਸਨੇਹਾ ਨੇ ਆਪਣੇ ਨਾਮ ਕਰਵਾਈ ਹੈ। ਦਿਲਚਸਪ ਗੱਲ ਇਹ ਵੀ ਹੈ ਕਿ ਉਸ ਦੀ ਇਸ ਪ੍ਰਾਪਤੀ ਨੂੰ ਮਿਲਿਆ ਥੋੜ੍ਹਾ ਜਿਹਾ ਹੁਲਾਰਾ ਵੀ ਚੋਣਾਂ ਦੇ ਇਸ ਮੌਸਮ ਵਿਚ ਉਨ੍ਹਾਂ ਜੁਗਾੜੂ ਵਿਧਾਇਕਾਂ ਲਈ ਕਿਸੇ ਚੁਬਾਤੀ ਤੋਂ ਘੱਟ ਨਹੀਂ ਹੋਣਾ ਜੋ ਜਾਤ ਧਰਮ ਦੇ ਨਾਮ 'ਤੇ ਵੋਟਾਂ ਮੰਗਣ ਵਾਲੇ ਸਨ। ਹੁਣ ਭਾਵੇਂ ਲੰਮੇ ਇੰਤਜ਼ਾਰ ਬਾਅਦ ਹੀ ਸਹੀ ਪਰ ਇਹ ਸਰਟੀਫਿਕੇਟ ਸ਼ੁਭ ਸ਼ਗਨ ਹੈ। ਇਸ ਕੰਮ ਵਾਸਤੇ ਸਨੇਹਾ ਵਧਾਈ ਦੀ ਹੱਕਦਾਰ ਹੈ। ਉਸ ਦਾ ਇਹ 'ਨੋ ਕਾਸਟ ਤੇ ਨੋ ਰਿਲੀਜਨ' ਵਾਲਾ ਸਰਟੀਫਿਕੇਟ ਜਾਤੀ ਨਿਖੇੜੇ ਅਤੇ ਧਾਰਮਿਕ ਵੱਖਵਾਦ ਦੇ ਮਸਲਿਆਂ ਦੇ ਹੱਲ ਲਈ ਵੀ ਵੱਡਾ ਸੁਝਾਅ ਹੈ।

ਇਸ ਤੋਂ ਵੀ ਵੱਡੀ ਗੱਲ ਹੈ ਕਿ ਧਰਮ ਨੂੰ ਨਾ ਮੰਨ ਕੇ ਨਾਸਤਕ ਹੋਣਾ ਸ਼ਾਇਦ ਇੰਨੀ ਵੱਡੀ ਪ੍ਰਾਪਤੀ ਨਹੀਂ ਜਿੰਨਾ ਸਨੇਹਾ ਵਰਗੀ ਔਰਤ ਲਈ ਇਨਸਾਨ ਹੋ ਕੇ ਆਪਣੇ ਅੰਦਰ ਦੀ ਦ੍ਰਿੜਤਾ ਦੀ ਠੋਕ ਕੇ ਪੈਰਵਾਈ ਕਰਨਾ ਅਤੇ ਵਿਸ਼ਵਾਸ ਪੈਦਾ ਕਰਨਾ ਹੈ। ਉਸ ਦਾ ਆਪਣੀ ਹੋਂਦ ਨੂੰ ਸਾਬਿਤ ਕਰਨ ਦੀ ਲੜਾਈ ਲੜਨਾ ਅਤੇ ਜਿੱਤਣਾ, ਮੇਰੀ ਜਾਚੇ ਅਸਲ ਸਚਾਈ ਹੈ। ਇਸ ਲੜਾਈ ਲਈ ਮੇਰਾ ਸਨੇਹਾ ਨੂੰ ਦਿਲੋਂ ਨਮਨ ਹੈ। ਆਸ ਹੈ, ਉਸ ਦੀ ਇਹ ਕੋਸ਼ਿਸ਼ ਭਾਰਤੀ ਸਮਾਜਿਕ-ਤੰਤਰ ਵਿਚ ਬਦਲਾਓ ਲਈ ਯੁੱਗ ਪਲਟਾਊ ਹੱਲ ਅਤੇ ਅਗਵਾਈ ਸਾਬਿਤ ਹੋਵੇਗੀ। ਇਸ ਤੋਂ ਅਗਵਾਈ ਲੈਂਦਿਆਂ ਸਾਨੂੰ ਵੀ ਪੰਜਾਬ ਵਿਚ ਇਸ ਤਰ੍ਹਾਂ ਦਾ 'ਕੋਈ ਜਾਤ ਤੇ ਕੋਈ ਧਰਮ ਨਹੀਂ' ਦਾ ਪ੍ਰਮਾਣ ਪੱਤਰ ਹਾਸਿਲ ਕਰਨ ਲਈ ਜਥੇਬੰਦ ਮੁਹਿੰਮ ਸ਼ੁਰੂ ਕਰਨੀ ਚਾਹੀਦੀ ਹੈ।

# ਲੋਕ ਸਭਾ ਚੋਣਾਂ: ਰਾਸ਼ਟਰਵਾਦ, ਕੌਮੀ ਸੁਰੱਖਿਆ ਤੇ ਸਹਿਹੋਂਦ ਦੇ ਮਸਲੇ



ਹਮੀਰ ਸਿੰਘ

ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਤਕਰੀਬਨ ਸੱਤ ਦਹਾਕੇ ਹੰਢਾ ਚੁੱਕੀ ਹੈ। ਚੋਣਾਂ ਹੁੰਦੀਆਂ ਹਨ ਅਤੇ ਸਰਕਾਰਾਂ ਤਬਦੀਲ ਹੋ ਜਾਂਦੀਆਂ ਹਨ; ਇੱਥੋਂ ਤੱਕ ਇਹ ਜਮਹੂਰੀਅਤ ਪੱਕੇ ਪੈਰੀਂ ਹੋਈ ਦਿਖਾਈ ਦਿੰਦੀ ਹੈ ਪਰ ਵੋਟਾਂ ਵਿਚ ਜਿੱਤ ਹਾਸਲ ਕਰਨ ਲਈ ਧਨ, ਬਲ, ਧਰਮ, ਜਾਤ ਅਤੇ ਹੋਰ ਤਰ੍ਹਾਂ ਤਰ੍ਹਾਂ ਦੇ ਅਪਣਾਏ ਜਾਣ ਵਾਲੇ ਢੰਗ ਤਰੀਕੇ ਜਮਹੂਰੀ ਜੀਵਨ ਜਾਚ ਰਾਹੀਂ ਸਿੱਖੇ ਜਾਣ ਵਾਲੇ ਸਲੀਕੇ ਤੋਂ ਕੋਹਾਂ ਦੂਰ ਹਨ। ਆਪਣੀ ਗੱਲ ਕਹਿਣ ਅਤੇ ਦੂਸਰੇ ਦੀ ਸੁਣਨ ਦੀ ਰਵਾਇਤ ਖ਼ਤਮ ਹੁੰਦੀ ਦਿਖਾਈ ਦੇ ਰਹੀ ਹੈ।

2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰੀ ਯੂਪੀਏ ਸਰਕਾਰ ਨੂੰ ਖਦੇੜਨ ਖ਼ਾਤਿਰ, ਹਰ ਸਾਲ ਦੋ ਕਰੋੜ ਨੌਕਰੀਆਂ ਦੇਣ, ਲੋਕ ਭਲਾਈ ਦੀ ਦਿਸ਼ਾ ਵਿਚ ਚੱਲਦਿਆਂ 'ਸਭ ਕਾ ਸਾਥ ਸਭ ਕਾ ਵਿਕਾਸ' ਅਤੇ 'ਅੱਛੇ ਦਿਨਾਂ' ਦੇ ਨਾਅਰਿਆਂ ਦੀ ਗੂੰਜ ਵਿਚ ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਜਪਾ ਨੇ ਪਿਛਲੇ 30 ਸਾਲਾਂ ਦਾ ਮਿਲੀਆਂ ਜੁਲੀਆਂ ਸਰਕਾਰਾਂ ਦਾ ਰਿਕਾਰਡ ਤੋੜ ਕੇ ਸਪਸ਼ਟ ਬਹੁਮਤ ਹਾਸਲ ਕਰ ਲਿਆ। ਇਹ ਅਲੱਗ ਗੱਲ ਹੈ ਕਿ ਉਸ ਸਮੇਂ ਵੀ 282 ਸੀਟਾਂ ਦੇ ਬਾਵਜੂਦ ਭਾਜਪਾ ਨੂੰ ਕੁੱਲ ਵੋਟਾਂ ਦਾ 19 ਫੀਸਦ ਅਤੇ ਪੋਲ ਹੋਈਆਂ ਵੋਟਾਂ ਦਾ 31 ਫੀਸਦ ਹਿੱਸਾ ਹੀ ਮਿਲਿਆ ਸੀ।

ਉਸ ਵਕਤ ਰਾਸ਼ਟਰੀ ਸੁਰੱਖਿਆ ਅਤੇ ਇਸ ਨਾਲ ਜੁੜੇ ਏਜੰਡੇ ਚੋਣ ਮਨੋਰਥ ਪੱਤਰ ਦੇ ਆਖਰੀ ਪੰਨਿਆਂ ਉੱਤੇ ਚਲੇ ਗਏ ਸਨ। ਪੰਜ ਸਾਲ ਬਾਅਦ ਆਪਣੀਆਂ ਯੋਜਨਾਵਾਂ ਅਤੇ ਕਾਰਗੁਜ਼ਾਰੀ ਉੱਤੇ ਵੋਟ ਮੰਗਣ ਦੇ ਬਜਾਇ ਚੋਣ ਮਨੋਰਥ ਪੱਤਰ ਦੀ ਤਰਤੀਬ ਬਦਲ ਗਈ ਹੈ। ਰਾਸ਼ਟਰਵਾਦ, ਕੌਮੀ ਸੁਰੱਖਿਆ, ਜੰਮੂ ਕਸ਼ਮੀਰ ਨੂੰ ਮਿਲੇ ਵਿਸ਼ੇਸ਼ ਦਰਜੇ ਵਾਲੀ ਧਾਰਾ 370 ਅਤੇ 35 ਏ ਖ਼ਤਮ ਕਰਨ ਦੇ ਪੁਰਾਣੇ ਮੁੱਦੇ ਮੁੜ ਪਹਿਲੇ ਪੰਨੇ ਉੱਤੇ ਆ ਗਏ ਹਨ। ਰੋਜ਼ੀ ਰੋਟੀ ਲਈ ਭਰਤੀ ਹੋਏ ਸੀਆਰਪੀਐੱਫ ਅਤੇ ਸੈਨਾ ਦੇ ਨੌਜਵਾਨਾਂ ਦੀਆਂ ਕਸ਼ਮੀਰ ਵਰਗੇ ਗੜਬੜ ਵਾਲੇ ਖੇਤਰ ਵਿਚ ਜਾ ਰਹੀਆਂ ਜਾਨਾਂ ਉੱਤੇ ਵੋਟ ਦੀ ਸਿਆਸਤ ਕੀਤੀ ਜਾ ਰਹੀ ਹੈ। ਜੇ ਨਵੇਂ ਬਣਾਏ ਤਰਜੀਹੀ ਮੁੱਦਿਆਂ ਉੱਤੇ ਵੀ ਝਾਤ ਮਾਰੀ ਜਾਵੇ ਤਾਂ ਕਾਰਗੁਜ਼ਾਰੀ ਨਿਰਾਸ਼ਾਜਨਕ ਹੀ ਮਿਲੇਗੀ। ਰਾਸ਼ਟਰਵਾਦ ਦੇ ਨਾਮ ਉੱਤੇ ਫੈਲਾਏ ਜਾ ਰਹੇ ਅੰਧ-ਰਾਸ਼ਟਰਵਾਦ ਨਾਲ ਜੰਮੂ ਕਸ਼ਮੀਰ ਦੇ ਲੋਕਾਂ ਅੰਦਰ ਬੇਗਾਨਗੀ ਦੀ ਭਾਵਨਾ ਹੋਰ ਵਧ ਰਹੀ ਹੈ। ਜੰਮੂਕਸ਼ਮੀਰ ਲਈ ਧਾਰਾ 370 ਸੰਵਿਧਾਨਕ ਪ੍ਰਬੰਧ ਹੈ। ਅਸਲ ਵਿਚ ਇਹ 1947 ਤੋਂ ਬਾਅਦ ਰਿਆਸਤ ਨੂੰ ਨਾਲ ਰੱਖਣ ਲਈ ਕੀਤੇ ਸਮਝੌਤੇ ਨੂੰ ਸੰਵਿਧਾਨਕ ਰੂਪ ਵਿਚ ਲਾਗੂ ਕਰਨ ਦਾ ਤਰੀਕਾ ਮਾਤਰ ਹੈ। ਅਜੇ ਤੱਕ ਜੰਮੂ ਕਸ਼ਮੀਰ ਦੇ ਸੰਵਿਧਾਨ ਮੁਤਾਬਿਕ ਵਿਧਾਨ ਸਭਾ ਦੀਆਂ 24 ਸੀਟਾਂ ਪਾਕਿਸਤਾਨ ਦੇ ਕਬਜ਼ੇ ਵਾਲੇ ਹਿੱਸੇ ਦੀਆਂ ਹਨ ਅਤੇ ਇਹ ਚੋਣ ਸਮੇਂ ਖਾਲੀ ਰੱਖੀਆਂ ਜਾਂਦੀਆਂ ਹਨ। ਕੌਮਾਂਤਰੀ ਸਰਹੱਦ ਨਹੀਂ ਐਲਾਨੀ ਗਈ। ਇਸ ਦਾ ਭਾਵ ਹੈ, ਅਜੇ ਇਸ ਮਸਲੇ ਦਾ ਸਥਾਈ ਹੱਲ ਹੋਣਾ ਹੈ।

ਜੇ ਭਾਜਪਾ ਸੱਚੀਂ ਹੀ ਧਾਰਾ 370 ਖਤਮ ਕਰਨ ਦੇ ਪੱਖ ਵਿਚ ਹੈ ਤਾਂ 2014 ਦੀਆਂ ਲੋਕ ਸਭਾ ਜਿੱਡਾ ਫਤਵਾ ਮਿਲਣਾ ਤਾਂ ਸੰਭਵ ਨਹੀਂ ਹੁੰਦਾ, ਉਸ ਵਕਤ ਪੀਡੀਪੀ ਨਾਲ ਸਰਕਾਰ ਬਣਾ ਕੇ ਜੰਮੂ ਕਸ਼ਮੀਰ ਵਿਚ ਵੀ ਇਹ ਸੱਤਾ ਦੇ ਝੂਟੇ ਕਿਉਂ ਲੈਂਦੀ ਰਹੀ? ਅਲੱਗ ਪ੍ਰਧਾਨ, ਅਲੱਗ ਸੰਵਿਧਾਨ ਅਤੇ ਨਿਸ਼ਾਨ ਦੀ ਗੱਲ ਪ੍ਰਧਾਨ ਮੰਤਰੀ ਹੁਣ ਪ੍ਰਚਾਰ ਕੇ ਇਸ ਨੂੰ ਪਾਕਿਸਤਾਨ ਪੱਖੀ ਹੋਣ ਦਾ ਲਾਈਸੈਂਸ ਦੇ ਰਹੇ ਹਨ। ਮੁਢਲੇ ਤੌਰ ਉੱਤੇ ਜੰਮੂ ਕਸ਼ਮੀਰ ਦੇ ਸੰਵਿਧਾਨ ਵਿਚ ਇਹ ਤਿੰਨੇ ਗੱਲਾਂ ਸਨ। ਜੰਮੂ ਕਸ਼ਮੀਰ ਦੇ ਤਤਕਾਲੀ ਪ੍ਰਧਾਨ ਮੰਤਰੀ ਸ਼ੇਖ ਅਬਦੁੱਲਾ ਨੂੰ ਅਗਸਤ 1953 ਵਿਚ ਗ੍ਰਿਫ਼ਤਾਰ ਕਰਕੇ 11 ਸਾਲ ਜੇਲ੍ਹ ਵਿਚ ਰੱਖਿਆ ਅਤੇ ਬਖ਼ਸ਼ੀ ਗੁਲਾਮ ਮੁਹੰਮਦ ਰਾਹੀਂ ਕਰਵਾਈ ਸੰਵਿਧਾਨਕ ਸੋਧ ਰਾਹੀਂ ਅਗਾਂਹ ਮੁੱਖ ਮੰਤਰੀ ਚੁਣੇ ਜਾਣ ਲੱਗੇ।

ਦੇਸ਼ ਵਿਚ ਸਹੀ ਸੰਘਵਾਦ (ਫੈਡਰਲਿਜ਼ਮ) ਦੀ ਮੰਗ ਸੰਵਿਧਾਨ ਲਾਗੂ ਹੋਣ ਦੇ ਸਮੇਂ ਤੋਂ ਹੀ ਹੋ ਰਹੀ ਹੈ। ਪੰਜਾਬ ਵਿਚ ਅਕਾਲੀ ਦਲ, ਦੇਸ਼ ਭਰ ਵਿਚ ਖੱਬੇ-ਪੱਖੀ ਅਤੇ ਹੁਣ ਖੇਤਰੀ ਪਾਰਟੀਆਂ, ਖਾਸ ਕਰਕੇ ਦੱਖਣੀ ਰਾਜਾਂ ਦੇ ਬਹੁਤ ਸਾਰੇ ਆਗੂ ਵਿਸ਼ੇਸ਼ ਜਾਂ ਵੱਧ ਅਧਿਕਾਰਾਂ ਦੀ ਮੰਗ ਕਰ ਰਹੇ ਹਨ। ਇਹ ਅਲੱਗ ਗੱਲ ਹੈ ਕਿ ਭਾਜਪਾ ਨੂੰ ਬਿਨਾ ਸ਼ਰਤ ਹਮਾਇਤ ਦਿੰਦਿਆਂ ਅਕਾਲੀ ਦਲ ਆਪਣੀ ਖੇਤਰੀ ਪਛਾਣ ਗੁਆ ਰਿਹਾ ਹੈ, ਕਿਉਂਕਿ ਇਸ ਅੰਦਰ ਦੇਸ਼ ਵਿਚ ਮਨੁੱਖੀ ਅਧਿਕਾਰਾਂ ਦੇ ਹੋ ਰਹੇ ਘਾਣ, ਘੱਟਗਿਣਤੀਆਂ, ਅਫਸਪਾ, ਧਾਰਾ 370 ਸਮੇਤ ਭਾਜਪਾ ਤੋਂ ਵੱਖਰਾ ਸਟੈਂਡ ਲੈਣ ਦੇ ਬਜਾਇ ਮੋਦੀ ਭਗਤੀ ਜ਼ਿਆਦਾ ਦਿਖਾਈ ਦਿੰਦੀ ਹੈ। ਦੁਨੀਆਂ ਭਰ ਵਿਚ ਇਹ ਮਾਨਤਾ ਹੈ ਕਿ ਵੰਨ-ਸੁਵੰਨਤਾ ਵਾਲੇ ਦੇਸ਼ਾਂ ਵਿਚ ਸਹੀ ਰੂਪ ਵਿਚ ਸੰਘੀ ਢਾਂਚਾ ਹੀ ਰਾਸ਼ਟਰਵਾਦ ਨੂੰ ਮਜ਼ਬੂਤ ਕਰਨ ਦਾ ਸਹੀ ਤਰੀਕਾ ਹੁੰਦਾ ਹੈ ਪਰ ਭਾਰਤ ਅੰਦਰ ਰਾਜਾਂ ਨੂੰ ਅਧਿਕਾਰਾਂ ਦੇ ਬਜਾਇ ਤਾਕਤਾਂ ਦੇ ਕੇਂਦਰੀਕਰਨ ਦਾ ਰੁਝਾਨ ਹੈ। ਫੌਜੀ ਕਾਰਵਾਈ ਜਾਂ ਇਸ ਨਾਲ ਸਬੰਧਿਤ ਕਿਸੇ ਵੀ ਮੁੱਦੇ ਉੱਤੇ ਵੱਖਰੀ ਗੱਲ ਕਰਨ ਨੂੰ ਦੇਸ਼ਧ੍ਰੋਹੀ ਤੱਕ ਗਰਦਾਨ ਦੇਣ ਦੀ ਤੰਗਨਜ਼ਰੀ ਸੱਤਾਧਾਰੀ ਵਿਹਾਰ ਦਾ ਤਰੀਕਾ ਬਣ ਰਹੀ ਹੈ।



ਦੁਨੀਆਂ ਭਰ ਵਿਚ ਕੌਮੀ ਸੁਰੱਖਿਆ ਦੇ ਮਾਇਨੇ ਤਬਦੀਲ ਹੋ ਰਹੇ ਹਨ। ਕੇਵਲ ਫੌਜੀ ਤਾਕਤ ਹੀ ਕੌਮੀ ਸੁਰੱਖਿਆ ਨਹੀਂ ਬਲਕਿ ਸਿਆਸੀ ਸੱਤਾ ਵਿਚ ਲੋਕਾਂ ਦੀ ਵੱਧ ਤੋਂ ਵੱਧ ਹਿੱਸੇਦਾਰੀ, ਸਭ ਲਈ ਇਕੋ ਜਿਹੀ ਵਿੱਦਿਆ, ਖ਼ੁਰਾਕ ਲਈ ਆਤਮ-ਨਿਰਭਤਾ, ਜਾਗਰੂਕ ਲੋਕ, ਮਨੁੱਖੀ ਅਧਿਕਾਰਾਂ ਦਾ ਮਿਆਰ, ਸਹਿਹੋਂਦ, ਭਾਈਚਾਰਕ ਸਾਂਝ ਵੀ ਓਨੀ ਹੀ ਜ਼ਰੂਰੀ ਹੈ। ਧਨ ਅਤੇ ਬਾਹੂਬਲ ਦੇ ਵਧ ਰਹੇ ਦਖ਼ਲ ਕਾਰਨ ਆਮ ਆਦਮੀ ਦਾ ਸਿਆਸੀ ਸੱਤਾ ਵਿਚ ਦਾਖ਼ਲਾ ਤਕਰੀਬਨ ਬੰਦ ਹੋ ਚੁੱਕਾ ਹੈ। ਗਰੀਬੀ-ਅਮੀਰੀ ਦੇ ਪਾੜੇ ਵਿਚ ਭਾਰਤ ਪਹਿਲੇ ਨੰਬਰ ਉੱਤੇ ਹੈ। ਗਰੀਬਾਂ ਦੇ ਨਾਮ ਉੱਤੇ ਵੋਟ ਮੰਗਣ ਅਤੇ ਸਭ ਨੀਤੀਆਂ ਅਮੀਰ ਕਾਰਪੋਰੇਟ ਘਰਾਣਿਆਂ ਦੀ ਸੇਵਾ ਵਿਚ ਸਮਰਪਿਤ ਕਰਨ ਦਾ ਤਰੀਕਾ ਰਾਸ਼ਟਰੀ ਮਜ਼ਬੂਤੀ ਦਾ ਤਰੀਕਾ ਨਹੀਂ ਹੋ ਸਕਦਾ। ਦੇਸ਼ ਅਤੇ ਪੰਜਾਬ ਵਰਗੇ ਸਿਰਮੌਰ ਸੂਬੇ ਵਿਚੋਂ ਨੌਜਵਾਨ ਵਰਗ ਬਾਹਰ ਦੌੜ ਜਾਣਾ ਚਾਹੁੰਦਾ ਹੈ। ਭਾਰਤ ਬਿਹਤਰੀਨ ਮਨੁੱਖੀ ਦਿਮਾਗ ਅਤੇ ਪ੍ਰਤਿਭਾ ਆਪਣੇ ਕੋਲ ਰੱਖਣ ਵਿਚ ਨਾਕਾਮ ਹੋ ਰਿਹਾ ਹੈ। ਅਜਿਹੀ ਅਸਫਲਤਾ ਦੇ ਕਾਰਨ ਹੀ ਨਰਿੰਦਰ ਮੋਦੀ ਸ਼ਾਇਦ ਇਤਿਹਾਸ ਦੁਹਰਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਦਾ ਇਹ ਕਹਿਣਾ ਕਿ ਮੈਂ ਰਾਸ਼ਟਰ ਮਜ਼ਬੂਤ ਕਰਨ ਦੀ ਗੱਲ ਕਰਦਾ ਹਾਂ ਅਤੇ ਵਿਰੋਧੀ ਮੋਦੀ ਹਟਾਉਣ ਦੀ ਗੱਲ ਕਰਦੇ ਹਨ। ਕਦੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਕਿਹਾ ਸੀ: ਮੈਂ ਕਹਿੰਦੀ ਹਾਂ, ਗਰੀਬੀ ਹਟਾਓ – ਵਿਰੋਧੀ ਕਹਿੰਦੇ ਹਨ, ਇੰਦਰਾ ਹਟਾਓ। ਇਸ ਨਾਅਰੇ ਨਾਲ ਉਨ੍ਹਾਂ ਦੀ ਅਗਵਾਈ ਵਿਚ ਕਾਂਗਰਸ ਮਾਰਚ 1971 ਵਿਚ ਹੋਈਆਂ ਚੋਣਾਂ ਜਿੱਤਣ ਵਿਚ ਕਾਮਯਾਬ ਰਹੀ। ਉਸੇ ਸਾਲ ਦਸੰਬਰ ਵਿਚ ਬੰਗਲਾਦੇਸ਼ ਵਿਚ ਹੋਈ ਬਗਾਵਤ ਨੂੰ ਸਹਿਯੋਗ ਦੇ ਕੇ ਨਵਾਂ ਦੇਸ਼ ਬਣਾਉਣ ਵਿਚ ਭੂਮਿਕਾ ਨਿਭਾ ਕੇ ਮਜ਼ਬੂਤ ਆਗੂ ਵਜੋਂ ਸਥਾਪਿਤ ਹੋ ਗਈ ਪਰ ਇਹ ਜਲਵਾ ਜ਼ਿਆਦਾ ਦੇਰ ਨਹੀਂ ਚੱਲਿਆ। ਗਰੀਬੀ, ਬੇਰੁਜ਼ਗਾਰੀ ਅਤੇ ਹੋਰ ਸੰਕਟਾਂ ਨਾਲ ਜੂਝਦੇ ਗੁਜਰਾਤ, ਬਿਹਾਰ ਅਤੇ ਹੋਰ ਸੂਬਿਆਂ ਦੇ ਲੋਕਾਂ ਤੇ ਵਿਦਿਆਰਥੀ ਲਹਿਰਾਂ ਜ਼ੋਰ ਫੜਨ ਲੱਗ ਗਈਆਂ। ਇਸੇ ਦੌਰਾਨ ਪਹਿਲੀ ਵਾਰ ਨਿਰਧਾਰਤ ਹੱਦ ਤੋਂ ਵੱਧ ਪੈਸਾ ਲਗਾਉਣ ਦੇ ਦੋਸ਼ ਹੇਠ ਰਾਜ ਨਾਰਾਇਣ ਵੱਲੋਂ ਦਰਜ ਕਰਾਏ ਮਾਮਲੇ ਵਿਚ ਅਲਾਹਾਬਾਦ ਹਾਈਕੋਰਟ ਦਾ ਫੈਸਲਾ ਉਲਟਾ ਆ ਗਿਆ ਤਾਂ ਸਮੁੱਚੇ ਹਾਲਾਤ ਨੂੰ ਦੇਖਦਿਆਂ ਜੂਨ 1975 ਵਿਚ ਦੇਸ਼ ਐਮਰਜੈਂਸੀ ਦੇ ਹਵਾਲੇ ਕਰ ਦਿੱਤਾ ਗਿਆ।

ਫਿਰ 1977 ਦੀਆਂ ਚੋਣਾਂ ਵਿਚ ਜਿਸ ਤਰ੍ਹਾਂ ਲੋਕਾਂ ਦਾ ਫਤਵਾ ਆਇਆ, ਉਸ ਨੇ ਪਹਿਲੀ ਵਾਰ ਕੇਂਦਰ ਵਿਚ ਗੈਰ ਕਾਂਗਰਸੀ ਸਰਕਾਰ ਬਣਾਉਣ ਦਾ ਰਾਹ ਸਾਫ ਕਰ ਦਿੱਤਾ। ਇਹ ਅਲੱਗ ਗੱਲ ਹੈ ਕਿ ਉਸ ਵਕਤ ਦੇ ਜਨ ਸੰਘ ਅਤੇ ਸਮਾਜਵਾਦੀਆਂ ਸਮੇਤ ਬਣੀ ਸਿਆਸੀ ਖਿਚੜੀ ਬਹੁਤਾ ਦੇਰ ਤੱਕ ਕਾਇਮ ਨਹੀਂ ਰਹਿ ਸਕੀ। 1980 ਵਿਚ ਹੀ ਮੁੜ ਇੰਦਰਾ ਗਾਂਧੀ ਸੱਤਾ ਵਿਚ ਆ ਗਈ। ਉਸ ਤੋਂ ਬਾਅਦ 1984 ਦੇ ਦਰਬਾਰ ਸਾਹਿਬ ਉੱਤੇ ਹਮਲੇ ਅਤੇ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਸਿੱਖ ਵਿਰੋਧੀ ਕਤਲੇਆਮ ਪਿੱਛੋਂ ਦੇਸ਼ ਭਰ ਵਿਚ ਫੈਲੀਆਂ ਬਹੁਗਿਣਤੀ ਧਾਰਮਿਕ ਭਾਵਨਾਵਾਂ ਕਰਕੇ ਕਾਂਗਰਸ ਇਤਿਹਾਸਕ ਵੋਟਾਂ ਨਾਲ ਸਰਕਾਰ ਬਣਾਉਣ ਵਿਚ ਸਫਲ ਰਹੀ ਸੀ।

ਇਸ ਵਕਤ ਬਹੁਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਅਲੱਗ ਵਿਚਾਰਾਂ, ਪਛਾਣਾਂ ਅਤੇ ਜੀਵਨ ਜਾਚ ਵਾਲੇ ਲੋਕ ਐਮਰਜੈਂਸੀ ਵਰਗੇ ਹਾਲਾਤ ਵਿਚ ਰਹਿ ਰਹੇ ਹਨ; ਖਾਸ ਤੌਰ ਉੱਤੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾ ਕੇ ਭਾਜਪਾ ਬਹੁਗਿਣਤੀ ਭਾਵਨਾਵਾਂ ਉੱਤੇ ਸਵਾਰ ਹੋਣ ਦੀ ਰਣਨੀਤੀ ਉੱਤੇ ਚੱਲ ਰਹੀ ਹੈ। ਇਸ ਦੇ ਡਰ ਤੋਂ ਹੀ ਰਾਹੁਲ ਗਾਂਧੀ ਮੰਦਰਾਂ ਵਿਚ ਜਾ ਕੇ ਖ਼ੁਦ ਨੂੰ ਹਿੰਦੂ ਦਿਖਾਉਣ ਦੀ ਸਿਆਸਤ ਕਰ ਰਹੇ ਹਨ। ਪਾਰਟੀਆਂ ਦੇ ਅੰਦਰ ਜੀ ਹਜ਼ੂਰੀ ਵਾਲੇ ਸੱਭਿਆਚਾਰ ਦਾ ਪਸਾਰਾ ਹੋ ਰਿਹਾ ਹੈ। ਪੱਤਰਕਾਰੀ ਵਿਚ ਸੁਆਲ ਪੁੱਛੇ ਜਾਣ ਦਾ ਰੁਝਾਨ ਕਮਜ਼ੋਰ ਹੋ ਰਿਹਾ ਹੈ ਤਾਂ ਫਿਰ ਤਾਕਤਵਰ ਲੋਕਾਂ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਦਾ ਕੰਮ ਕੌਣ ਕਰੇਗਾ?

ਜਮਹੂਰੀ ਪ੍ਰਬੰਧ ਵਿਚ ਲੋਕ ਸਰਬ ਉੱਚ ਮੰਨੇ ਜਾਂਦੇ ਹਨ। ਸਰਕਾਰੀ ਤੰਤਰ ਦਾ ਹਰ ਸ਼ਖ਼ਸ ਜਾਂ ਵਿੰਗ ਲੋਕਾਂ ਪ੍ਰਤੀ ਜਵਾਬਦੇਹ ਹੋਣਾ ਚਾਹੀਦਾ ਹੈ। ਫੌਜ ਬਾਰੇ ਗੱਲ ਕਰਨ ਨੂੰ ਵੀ ਦੇਸ਼ਧ੍ਰੋਹ, ਪ੍ਰਧਾਨ ਮੰਤਰੀ ਉੱਤੇ ਸੁਆਲ ਉਠਾਉਣ ਨੂੰ ਦੇਸ਼ਧ੍ਰੋਹੀ ਦੇ ਖਿਤਾਬ ਨਾਲ ਨਵਾਜਣ ਵਰਗਾ ਮਾਹੌਲ ਤਾਂ ਤਾਨਾਸ਼ਾਹੀ ਰੁਝਾਨਾਂ ਵਿਚ ਹੀ ਸੰਭਵ ਹੈ। ਲੋਕ ਸਭਾ ਚੋਣਾਂ ਦੌਰਾਨ ਪਿਛਲੇ ਦਾ ਲੇਖਾ ਜੋਖਾ ਜ਼ਰੂਰੀ ਹੈ।

ਕਾਂਗਰਸ ਦੇ ਚੋਣ ਮਨੋਰਥ ਪੱਤਰ ਵਿਚ ਖੇਤੀ ਦਾ ਅਲੱਗ ਬਜਟ, ਦੇਸ਼ ਦੇ 20 ਫੀਸਦ ਗਰੀਬਾਂ ਨੂੰ ਸਾਲ ਵਿਚ 72 ਹਜ਼ਾਰ ਰੁਪਏ ਦੇਣ ਅਤੇ ਸਰਬਵਿਆਪਕ ਬੁਨਿਆਦੀ ਆਮਦਨ, ਰੁਜ਼ਗਾਰ ਦੇਣ, ਅਫਸਪਾ ਨੂੰ ਹਟਾਉਣ, ਅੰਗਰੇਜ਼ਾਂ ਦੇ ਸਮੇਂ ਬਣੇ ਦੇਸ਼ਧ੍ਰੋਹੀ ਕਾਨੂੰਨ ਨੂੰ ਖ਼ਤਮ ਕਰਨ ਵਰਗੇ ਕਈ ਮੁੱਦੇ ਹਨ। ਇਸ ਨਾਲ ਲੋਕਾਂ ਦੇ ਸਰੋਕਾਰਾਂ ਬਾਰੇ ਚਰਚਾ ਸ਼ੁਰੂ ਹੋ ਸਕਦੀ ਹੈ ਪਰ ਇਹ ਪੁੱਛਿਆ ਜਾਣਾ ਚਾਹੀਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਵੀ ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕਰਨ ਦੀ ਗੱਲ ਕੀਤੀ ਸੀ, ਘਰ ਘਰ ਰੋਜ਼ਗਾਰ ਦਾ ਵਾਅਦਾ ਕੀਤਾ ਸੀ, ਉਸ ਦਾ ਕੀ ਬਣਿਆ? ਚੋਣ ਮਨੋਰਥ ਪੱਤਰ ਕਾਨੂੰਨੀ ਦਸਤਾਵੇਜ਼ ਨਾ ਹੋਣ ਕਰਕੇ ਵਾਅਦੇ ਕਰਕੇ ਮੁਕਰਨਾ ਕੋਈ ਮੁਸ਼ਕਿਲ ਕੰਮ ਨਹੀਂ ਹੈ। ਵਿਕਾਸ ਦੇ ਮੌਜੂਦਾ ਮਾਡਲ ਨਾਲ ਵਾਤਾਵਰਨਕ ਸੰਕਟ ਅਤੇ ਗਰੀਬੀ-ਅਮੀਰੀ ਦੇ ਵਧ ਰਹੇ ਪਾੜੇ ਤੋਂ ਨਿਜਾਤ ਪਾਉਣੀ ਕਿਵੇਂ ਸੰਭਵ ਹੈ? ਇਸ ਬੁਨਿਆਦੀ ਸੁਆਲ ਨਾਲ ਸਿੱਝਣ ਤੋਂ ਹਰ ਪਾਰਟੀ ਕੰਨੀ ਕਤਰਾ ਰਹੀ ਹੈ।

# ਸਿਆਸਤ ਦਾ ਅਪਰਾਧੀਕਰਨ ਅਤੇ ਜਮਹੂਰੀਅਤ

ਹਰਵਿੰਦਰ ਸਿੰਘ ਹੰਸਪਾਲ

ਸਾਲ 2014 ਵਾਲੀਆਂ ਲੋਕ ਸਭਾ ਚੋਣਾਂ ਇਤਿਹਾਸਕ ਅਤੇ ਸਾਰੇ ਰਿਕਾਰਡ ਤੋੜਨ ਵਾਲੀਆਂ ਸਨ। 30 ਸਾਲਾਂ ਬਾਅਦ ਲੋਕਾਂ ਨੇ ਸ੍ਰੀ ਨਰਿੰਦਰ ਮੋਦੀ ਨੂੰ ਪੂਰਨ ਬਹੁਮਤ ਦੇ ਕੇ ਪ੍ਰਧਾਨ ਮੰਤਰੀ ਬਣਾਇਆ ਪਰ ਵਿਆਕੁਲ ਕਰਨ ਵਾਲੀ ਗੱਲ ਹੋਰ ਹੈ। ਇਸ 16ਵੀਂ ਲੋਕ ਸਭਾ ਵਿਚ ਲੋਕਾਂ ਨੇ ਹੁਣ ਤੱਕ ਦੇ ਸਭ ਤੋਂ ਵੱਧ ਨੁਮਾਇੰਦੇ ਅਪਰਾਧਿਕ ਪਿਛੋਕੜ ਵਾਲੇ ਜਿਤਾਏ। ਇਕ ਵਿਸ਼ਲੇਸ਼ਣ ਅਨੁਸਾਰ, ਉਦੋਂ 186 ਸੰਸਦ ਮੈਂਬਰ ਉਹ ਜਿੱਤੇ ਜਿਨ੍ਹਾਂ ਖ਼ਿਲਾਫ ਅਪਰਾਧਿਕ ਮਾਮਲੇ ਕਚਿਹਰੀਆਂ ਵਿਚ ਚਲ ਰਹੇ ਸਨ। ਇਹ ਗਿਣਤੀ 34% ਬਣਦੀ ਹੈ।

ਇਸ ਤੋਂ ਵੀ ਵੱਧ ਪਰੇਸ਼ਾਨ ਕਰਨ ਵਾਲੇ ਤੱਥ ਇਹ ਹਨ ਕਿ ਇਨ੍ਹਾਂ 'ਤੇ ਬਹੁਤ ਸਾਰੇ ਦੋਸ਼ ਉਹ ਹਨ ਜਿਨ੍ਹਾਂ ਨੂੰ ਗੰਭੀਰ ਅਪਰਾਧ ਦੇ ਵਰਗ ਵਿਚ ਰੱਖਿਆ ਜਾਂਦਾ ਹੈ; ਜਿਵੇਂ ਹੱਤਿਆ ਕਰਨੀ, ਅਗਵਾਹ ਕਰਨਾ ਜਾਂ ਔਰਤਾਂ ਖ਼ਿਲਾਫ਼ ਕੀਤੇ ਜੁਰਮ। 2014 ਵਿਚ ਬਣੇ 543 ਸੰਸਦ ਮੈਂਬਰਾਂ ਵਿਚੋਂ 112 ਉਹ ਸਨ ਜਿਨ੍ਹਾਂ 'ਤੇ ਅਜਿਹੇ ਕੇਸ ਸਨ। 9 ਲੋਕ ਸਭਾ ਮੈਂਬਰਾਂ 'ਤੇ ਤਾਂ ਹੱਤਿਆਵਾਂ ਦੇ ਕੇਸ ਸਨ ਅਤੇ 17 ਉੱਤੇ ਹੱਤਿਆ ਲਈ ਹਮਲਾ ਕਰਨ ਦੇ ਦੋਸ਼ ਸਨ ਅਤੇ ਉਹ ਬਰੀ ਵੀ ਨਹੀਂ ਸਨ ਹੋਏ। ਗੰਭੀਰ ਜੁਰਮਾਂ ਵਾਲੇ ਸੰਸਦ ਮੈਂਬਰਾਂ ਦੀ ਗਿਣਤੀ ਵੀ ਵਧੀ ਹੈ। ਇਹੋ ਜਿਹੇ ਸੰਸਦ ਮੈਂਬਰ 2004 ਵਿਚ 11% ਸਨ, 2009 ਵਿਚ 15% ਅਤੇ 2014 ਵਿਚ ਇਹ ਗਿਣਤੀ 21% ਹੋ ਗਈ।

ਸੁਪਰੀਮ ਕੋਰਟ ਦੀ ਹਦਾਇਤ (2003) ਅਨੁਸਾਰ ਚੋਣ ਲੜਨ ਵਾਲੇ ਹਰ ਉਮੀਦਵਾਰ ਨੂੰ ਆਪਣੇ ਫ਼ੌਜਦਾਰੀ, ਆਰਥਿਕ ਅਤੇ ਵਿਦਿਅਕ ਰਿਕਾਰਡ ਦੱਸਣੇ ਜ਼ਰੂਰੀ ਹੋ ਗਏ। 2013 ਅਦਾਲਤੀ ਹੁਕਮ ਅਨੁਸਾਰ ਅਪਰਾਧੀ ਸ਼ਖ਼ਸ ਚੋਣ ਵਿਚ ਹਿੱਸਾ ਹੀ ਨਹੀਂ ਲੈ ਸਕਦੇ। ਕੁੱਝ ਸਿਆਸਦਾਨਾਂ ਦਾ ਕਹਿਣਾ ਹੈ ਕਿ ਉਨ੍ਹਾਂ 'ਤੇ ਸਿਆਸਤ ਤੋਂ ਪ੍ਰੇਰਿਤ ਦੋਸ਼ ਮੜ੍ਹ ਦਿੱਤੇ ਜਾਂਦੇ ਹਨ ਅਤੇ ਉਹ ਅਜੇ ਅਦਾਲਤ ਵੱਲੋਂ ਦੋਸ਼ੀ ਕਰਾਰ ਨਹੀਂ ਦਿੱਤੇ ਗਏ। ਅਦਾਲਤਾਂ ਦਾ ਵੀ ਹਾਲ ਐਸਾ ਹੀ ਹੈ ਕਿ ਦੋਸ਼ ਸਾਬਤ ਕਰਨ ਵਿਚ ਕਈ ਕਈ ਦਹਾਕੇ ਲਗ ਜਾਂਦੇ ਹਨ। ਚੋਣਾਂ ਮਹਿੰਗੀਆਂ ਹੋ ਰਹੀਆਂ ਹਨ, ਇਸ ਲਈ ਉਹ ਉਮੀਦਵਾਰ ਜਿਨ੍ਹਾਂ ਦੇ ਅਪਰਾਧੀਆਂ ਨਾਲ ਸਬੰਧ ਹੋਣ, ਸਿਆਸੀ ਪਾਰਟੀਆਂ ਨੂੰ ਚੰਗੇ ਲਗਦੇ ਹਨ, ਕਿਉਂ ਜੋ ਉਨ੍ਹਾਂ ਦੀਆਂ ਜੇਬਾਂ ਭਾਰੀਆਂ ਹੁੰਦੀਆਂ ਹਨ। 2014 ਵਿਚ ਚੁਣੇ ਗਏ ਲੋਕ ਸਭਾ ਮੈਂਬਰਾਂ ਵਿਚੋਂ ਔਸਤਨ ਪਹਿਲਿਆਂ ਨਾਲੋਂ ਮਾਲਦਾਰ ਸਨ। ਇਕ ਸਰਵੇਖਣ ਅਨੁਸਾਰ 2014 ਵਿਚ ਬਣੇ ਲੋਕ ਸਭਾ ਮੈਂਬਰਾਂ ਦੀ ਔਸਤਨ ਐਲਾਨੀ ਜਾਇਦਾਦ 14.61 ਕਰੋੜ ਸੀ ਜਦੋਂ ਕਿ 2009 ਵਿਚ ਇਹ 5.35 ਕਰੋੜ ਸੀ।



ਸੁਪਰੀਮ ਕੋਰਟ ਦੇ 2018 ਦੇ ਇਕ ਫੈਸਲੇ ਵਿਚ ਕਿਹਾ ਗਿਆ ਹੈ ਕਿ ਸਿਆਸਤ ਦਾ ਅਪਰਾਧੀਕਰਨ ਜਮਹੂਰੀਅਤ ਨੂੰ ਘੁਣ ਵਾਂਗ ਖਾ ਰਿਹਾ ਹੈ। ਇਸ ਲਈ ਦਾਗੀ ਨੇਤਾਵਾਂ ਦੇ ਮਾਮਲੇ ਵਿਚ ਸੰਸਦ ਨੂੰ ਤੁਰੰਤ ਕਾਨੂੰਨ ਬਣਾਉਣਾ ਚਾਹੀਦਾ ਹੈ। ਸੁਪਰੀਮ ਕੋਰਟ ਨੇ ਦਾਗੀ ਨੇਤਾਵਾਂ ਨੂੰ ਚੋਣ ਲੜਨ ਤੋਂ ਰੋਕਿਆ ਤਾਂ ਨਹੀਂ ਪਰ ਸਖ਼ਤੀ ਕਾਫੀ ਦਿਖਾਈ। ਚੋਣ ਲੜਨ ਤੋਂ ਪਹਿਲਾਂ ਹਰ ਉਮੀਦਵਾਰ ਨੂੰ ਆਪਣਾ ਅਪਰਾਧਿਕ ਰਿਕਾਰਡ ਚੋਣ ਕਮਿਸ਼ਨ ਸਾਹਮਣੇ ਪੇਸ਼ ਕਰਨਾ ਹੋਵੇਗਾ। ਸੁਪਰੀਮ ਕੋਰਟ ਨੇ ਦਾਗੀ ਨੇਤਾਵਾਂ 'ਤੇ ਆਪਣੇ ਲਈ ਸੀਮਾ ਮਿਥਣ ਤੋਂ ਇਲਾਵਾ ਕੇਂਦਰ ਅਤੇ ਸੰਸਦ ਲਈ ਕੁੱਝ ਸੇਧਾਂ ਵੀ ਜਾਰੀ ਕੀਤੀਆਂ। ਸੰਵਿਧਾਨਕ ਬੈਂਚ ਨੇ ਸੰਸਦ ਨੂੰ ਇਹ ਜ਼ਿੰਮੇਵਾਰੀ ਸੌਂਪਦਿਆਂ ਕਿਹਾ ਕਿ ਵਕਤ ਆ ਗਿਆ ਹੈ ਕਿ ਸੰਸਦ ਅਜਿਹਾ ਕਾਨੂੰਨ ਬਣਾਏ ਕਿ ਅਪਰਾਧੀ ਸਿਆਸਤ ਤੋਂ ਦੂਰ ਰਹਿਣ। ਸਿਆਸੀ ਜੁਰਮ ਜਮਹੂਰੀਅਤ ਦੀ ਰਾਹ ਵਿਚ ਰੁਕਾਵਟ ਹਨ ਅਤੇ ਪੈਸੇ ਦੀ ਤਾਕਤ ਨੂੰ ਸਿਆਸਤ ਤੋਂ ਦੂਰ ਰੱਖਣਾ ਸੰਸਦ ਦਾ ਫਰਜ਼ ਹੈ। ਅਦਾਲਤ ਨੇ ਕਿਹਾ ਕਿ ਪਾਰਟੀਆਂ ਨੂੰ ਚੋਣਾਂ ਵਿਚ ਉੱਤਰੇ ਉਮੀਦਵਾਰਾਂ ਦੇ ਪਿਛੋਕੜ ਦੀ ਜਾਣਕਾਰੀ ਇੰਟਰਨੈੱਟ ਅਤੇ ਮੀਡੀਆ ਵਿਚ ਦੇਣੀ ਚਾਹੀਦੀ ਹੈ।

ਅਦਾਲਤ ਦੇ ਇਨ੍ਹਾਂ ਫੈਸਲਿਆਂ ਦਾ ਕਿੰਨਾ ਕੁ ਅਸਰ ਹੋਇਆ ਹੈ, ਇਸ ਦਾ ਅੰਦਾਜ਼ਾ ਹੁਣੇ ਕੀਤੇ ਚੋਣ ਕਮਿਸ਼ਨ ਦੇ ਐਲਾਨ ਤੋਂ ਲਾਇਆ ਜਾ ਸਕਦਾ ਹੈ। ਕਮਿਸ਼ਨ ਨੇ ਸੈਂਕੜੇ ਜਨਰਲ ਤੇ ਖਰਚਾ ਆਬਜ਼ਰਵਰ ਅਤੇ ਸਟੈਟਿਕ ਤੇ ਮੋਬਾਈਲ ਚੌਕਸੀ ਟੀਮਾਂ ਮੁਲਕ ਵਿਚ ਲਗਾਈਆਂ ਹਨ। ਇਸ ਦੇ ਬਾਵਜੂਦ ਐਨ-ਫੋਰਸਮੈਂਟ ਏਜੰਸੀਆਂ ਨੇ ਕਰੋੜਾਂ ਦੇ ਹਿਸਾਬ ਨਾਲ ਗੈਰ ਕਾਨੂੰਨੀ ਪੈਸਾ, ਸ਼ਰਾਬ, ਨਸ਼ੀਲੇ ਪਦਾਰਥ, ਸੋਨਾ ਚਾਂਦੀ ਆਦਿ ਮੁਲਕ ਭਰ ਵਿਚੋਂ ਫੜੇ ਹਨ।

ਜਿਵੇਂ ਸੁਪਰੀਮ ਕੋਰਟ ਨੇ ਹਦਾਇਤਾਂ ਦਿੱਤੀਆਂ ਹੀ ਹਨ, ਉਨ੍ਹਾਂ ਅਨੁਸਾਰ ਚੋਣ ਕਮਿਸ਼ਨ ਹੁਣ ਅਪਰਾਧਿਕ ਉਮੀਦਵਾਰਾਂ ਦਾ ਸਾਰਾ ਵੇਰਵਾ ਵੋਟਰਾਂ ਤੱਕ ਪ੍ਰਿੰਟ ਤੇ ਇਲੈਕਟਰੌਨਿਕ ਮੀਡੀਆ ਰਾਹੀਂ ਵੱਧ ਤੋਂ ਵੱਧ ਪਹੁੰਚਾਵੇ ਤਾਂ ਜੋ ਵੋਟਰਾਂ ਨੂੰ ਉਮੀਦਵਾਰਾਂ ਦੀ ਸਾਰੀ ਸਹੀ ਅਪਰਾਧਿਕ ਜਾਣਕਾਰੀ ਹੋਵੇ। ਵੋਟ ਪਾਉਣ ਸਮੇਂ ਵੋਟਰਾਂ ਨੂੰ ਵੀ ਐਸੇ ਅਪਰਾਧਿਕ ਉਮੀਦਵਾਰਾਂ ਨੂੰ ਵੋਟ ਪਾਉਣ ਤੋਂ ਪਹਿਲਾਂ ਵਾਰ ਵਾਰ ਸੋਚਣਾ ਹੋਵੇਗਾ ਕਿ ਉਨ੍ਹਾਂ ਕਿਹੋ ਜਿਹੇ ਨੁਮਾਇੰਦੇ ਸੰਸਦ ਵਿਚ ਭੇਜਣੇ ਹਨ। ਲੋੜ ਹੈ, ਸਾਡੇ ਨੁਮਾਇੰਦੇ ਸਾਫ-ਸੁਥਰੇ ਅਤੇ ਸੇਵਾ ਭਾਵ ਨਾਲ ਕੰਮ ਕਰਨ ਵਾਲੇ ਹੋਣ। ਅੱਜ ਮੁਲਕ ਦੇ ਬਹੁਤੇ ਸਾਰੇ ਮਸਲੇ ਅਜਿਹੇ ਹਨ ਜਿਹੜੇ ਸੌਖੇ ਤੇ ਸਰਲ ਤਰੀਕੇ ਨਾਲ ਨਜਿੱਠੇ ਜਾ ਸਕਦੇ ਹਨ ਪਰ ਸੰਸਦ ਮੈਂਬਰਾਂ ਦੀ ਕਿਸੇ ਨਾ ਕਿਸੇ ਦੂਸ਼ਿਤ ਸੋਚ ਕਾਰਨ ਮੁਲਕ ਦੇ ਵੱਡੇ ਤਾਂ ਕੀ, ਛੋਟੇ ਛੋਟੇ ਮਸਲੇ ਵੀ ਲਟਕਦੇ ਰਹਿੰਦੇ ਹਨ।

ਛੋਟੀ ਜਿਹੀ ਗੱਲ ਹੈ: ਮੁਲਕ ਦੇ ਆਜ਼ਾਦ ਹੋਣ ਤੋਂ 70 ਸਾਲ ਬਾਅਦ ਵੀ ਅਸੀਂ ਸਹੀ ਢੰਗ ਨਾਲ ਪਿੰਡਾਂ ਦੀਆਂ ਗਲੀਆਂ, ਨਾਲੀਆਂ ਹੀ ਨਹੀਂ ਬਣਾ ਸਕੇ। ਕਾਰਨ ਸਿਰਫ ਤੇ ਸਿਰਫ ਭ੍ਰਿਸ਼ਟਾਚਾਰ ਹੈ। ਵੋਟਰ ਚਾਹੁਣ ਤਾਂ ਠੀਕ ਹੋ ਸਕਦਾ ਹੈ। ਪੂਰੀ ਜਾਣਕਾਰੀ ਲੈਣ ਤੋਂ ਬਾਅਦ ਬਗ਼ੈਰ ਕਿਸੇ ਲਾਲਚ ਦੇ ਸਹੀ ਅਤੇ ਸਾਫ ਉਮੀਦਵਾਰਾਂ ਨੂੰ ਵੋਟਾਂ ਪਾਈਆਂ ਜਾਣ। ਲੋੜ ਹੈ ਜਾਗਰੂਕਤਾ ਦੀ, ਜੇ ਵੋਟਰ ਆਪਣੇ ਛੋਟੇ ਛੋਟੇ ਸਵਾਰਥ ਛੱਡ ਕੇ ਭ੍ਰਿਸ਼ਟਾਚਾਰ ਰਹਿਤ ਨੁਮਾਇੰਦੇ ਸੰਸਦ, ਅਸੈਂਬਲੀਆਂ ਤੇ ਪੰਚਾਇਤਾਂ ਵਿਚ ਭੇਜਣ ਤਾਂ ਕੋਈ ਕਾਰਨ ਨਹੀਂ, ਮੁਲਕ ਸਹੀ ਅਰਥਾਂ ਵਿਚ ਤਰੱਕੀ ਨਾ ਕਰੇ। 1985 ਵਿਚ ਠੀਕ ਹੀ ਆਖਿਆ ਗਿਆ ਸੀ ਕਿ ਇਕ ਰੁਪਿਆ ਭੇਜਿਆ ਜਾਂਦਾ ਹੈ ਅਤੇ ਲੋਕਾਂ ਤੱਕ 15 ਪੈਸੇ ਹੀ ਪੁੱਜਦੇ ਹਨ। ਅੱਜ ਸ਼ਾਇਦ 15 ਤੋਂ ਵੀ ਘੱਟ ਹੀ ਪੁੱਜਦੇ ਹੋਣ।

ਜਦੋਂ ਮੁਲਕ ਆਜ਼ਾਦ ਹੋਇਆ ਸੀ, ਉਸ ਸਮੇਂ

(ਸਫਾ 22 ਦੀ ਬਾਕੀ)

# ਭਾਰਤ ਦੇ ਉੱਤਰ-ਪੂਰਬ ’ਚ ਨਵੀਆਂ ਸੁਰੱਖਿਆ ਚੁਣੌਤੀਆਂ




ਜੀ. ਪਾਰਥਾਸਾਰਥੀ

ਇਸ ਵੇਲੇ ਜਨਤਾ ਦਾ ਸਾਰਾ ਧਿਆਨ ਮੁਲਕ ਦੇ ਪੱਛਮ ਵਾਲੇ ਪਾਸੇ ਦੇ ਤਣਾਓ ਅਤੇ ਘਟਨਾਵਾਂ ਵੱਲ ਲੱਗਾ ਹੋਇਆ ਹੈ। ਇਨ੍ਹਾਂ ਘਟਨਾਵਾਂ ਦੀ ਸ਼ੁਰੂਆਤ ਪੁਲਵਾਮਾ ਹਮਲੇ ਅਤੇ ਬਾਲਾਕੋਟ ਵਿਚ ਹਵਾਈ ਹਮਲੇ ਨਾਲ ਹੋਈ ਜਿਸ ਕਾਰਨ ਲੋਕ ਸਭਾ ਚੋਣਾਂ ਦੀ ਬੜੀ ਤਲਖ਼ੀ ਭਰੀ ਮੁਹਿੰਮ ਦੌਰਾਨ ਸਿਆਸੀ ਮਾਹੌਲ ਬਹੁਤ ਭਖ ਗਿਆ। ਭਾਰਤੀ ਸਿਆਸਤ ਦੀ ਅਫ਼ਸੋਸਨਾਕ ਹਕੀਕਤ ਇਹ ਹੈ ਕਿ ਜਦੋਂ ਸਾਰਾ ਧਿਆਨ ਸਾਡੀਆਂ ਪੱਛਮੀ ਸਰਹੱਦਾਂ ਵੱਲ ਲੱਗਾ ਹੋਇਆ ਹੈ, ਤਾਂ ਅਸੀਂ ਆਪਣੀਆਂ ਪੂਰਬੀ ਅਤੇ ਸਮੁੰਦਰੀ ਸਰਹੱਦਾਂ ਵੱਲ ਵਾਪਰ ਰਹੇ ਘਟਨਾਕ੍ਰਮ ਨੂੰ ਬਿਲਕੁਲ ਅਣਡਿੱਠ ਕਰ ਛੱਡਿਆ ਹੈ। ਭਾਰਤ ਦੀ ਮਿਆਂਮਾਰ ਤੇ ਬੰਗਲਾਦੇਸ਼ ਨਾਲ ਲੱਗਦੀ 5800 ਕਿਲੋਮੀਟਰ ਲੰਬੀ ਪੂਰਬੀ ਸਰਹੱਦ ਅਸਾਮ, ਤ੍ਰਿਪੁਰਾ, ਮਿਜ਼ੋਰਮ, ਮੇਘਾਲਿਆ, ਪੱਛਮੀ ਬੰਗਾਲ, ਨਾਗਾਲੈਂਡ, ਮਨੀਪੁਰ ਅਤੇ ਅਰੁਣਾਚਲ ਪ੍ਰਦੇਸ਼ ਤੱਕ ਫੈਲੀ ਹੋਈ ਹੈ। ਇਹ ਸਾਰੇ ਸੂਬੇ ਸਰਹੱਦ ਪਾਰਲੀ ਦਹਿਸ਼ਤਗਰਦੀ ਅਤੇ ਵੱਖਵਾਦੀ ਚੁਣੌਤੀਆਂ ਦਾ ਸਾਹਮਣਾ ਕਰਦੇ ਰਹੇ ਹਨ ਜਾਂ ਕਰ ਰਹੇ ਹਨ।

ਭਾਰਤ ਦੇ ਉੱਤਰ-ਪੂਰਬ ਵਿਚ ਸਰਗਰਮ ਹਥਿਆਰਬੰਦ ਵੱਖਵਾਦੀ ਗਰੁੱਪ ਹਾਲ ਹੀ ਵਿਚ ਅਖੌਤੀ ਬੈਨਰ ’ਯੂਨਾਈਟਿਡ ਲਿਬਰੇਸ਼ਨ ਫਰੰਟ ਆਫ਼ ਵੈਸਟਰਨ ਸਾਊਥ ਏਸ਼ੀਆ’ ਤਹਿਤ ਇਕਮੁੱਠ ਹੋਏ ਹਨ। ਇਨ੍ਹਾਂ ਗਰੁੱਪਾਂ ਵਿਚ ਯੂਨਾਈਟਿਡ ਲਿਬਰੇਸ਼ਨ ਫਰੰਟ ਆਫ਼ ਅਸਾਮ (ਉਲਫ਼ਾ), ਨੈਸ਼ਨਲ ਸੋਸ਼ਲਿਸਟ ਕੌਂਸਲ ਆਫ਼ ਨਾਗਾਲੈਂਡ (ਐੱਨਐੱਸਸੀਐੱਨ-ਕੇ), ਕਾਮਤਾਪੁਰ ਲਿਬਰੇਸ਼ਨ ਆਰਗੇਨਾਈਜ਼ੇਸ਼ਨ ਅਤੇ ਨੈਸ਼ਨਲ ਡੈਮੋਕ੍ਰੈਟਿਕ ਫਰੰਟ ਆਫ਼ ਬੋਡੋਲੈਂਡ (ਅਸਾਮ) ਸ਼ਾਮਲ ਹਨ। ਉਨ੍ਹਾਂ ਨੂੰ ਇਕ ਦਹਾਕਾ ਪਹਿਲਾਂ ਸ਼ੇਖ਼ ਹਸੀਨਾ ਦੇ ਸੱਤਾ ਸੰਭਾਲਣ ’ਤੇ ਬੰਗਲਾਦੇਸ਼ ਤੋਂ ਬਾਹਰ ਧੱਕ ਦਿੱਤਾ ਗਿਆ ਸੀ। ਉਸ ਤੋਂ ਪਹਿਲੀ ਬੰਗਲਾਦੇਸ਼ੀ ਪ੍ਰਧਾਨ ਮੰਤਰੀ ਬੇਗਮ ਖ਼ਾਲਿਦਾ ਜ਼ਿਆ ਦੇ ਆਈਐੱਸਆਈ ਨਾਲ ਕਰੀਬੀ ਰਿਸ਼ਤੇ ਸਨ ਅਤੇ ਉਹ ਭਾਰਤੀ ਵੱਖਵਾਦੀ ਗਰੁੱਪਾਂ ਨੂੰ ਆਪਣੇ ਮੁਲਕ ਦੀ ਸਰਜ਼ਮੀਨ ਉਤੇ ਖੁੱਲ੍ਹੇਆਮ ਕੰਮ ਕਰਨ ਦਿੰਦੀ ਸੀ ਜੋ ਬੰਗਲਾਦੇਸ਼ੀ ਇੰਤਹਾਪਸੰਦ ਤੇ ਦਹਿਸ਼ਤੀ ਜਥੇਬੰਦੀਆਂ ਜਿਵੇਂ ਜਮਾਤ-ਏ-ਇਸਲਾਮੀ ਤੇ ਜਮਾਤ-ਉਲ-ਮੁਜਾਹਿਦੀਨ ਨਾਲ ਮਿਲ ਕੇ ਅਜਿਹਾ ਕਰਦੇ ਸਨ। ਇਸ ਤੋਂ ਬਾਅਦ ਇਹ ਵੱਖਵਾਦੀ ਗਰੁੱਪ ਮਿਆਂਮਾਰ ਅਤੇ ਮਿਆਂਮਾਰ ਨਾਲ ਲੱਗਦੇ ਚੀਨੀ ਸੂਬੇ ਯੂਨਾਨ ਦੀ ਸਰਹੱਦ ਤੋਂ ਅਤੇ ਇਸ ਦੇ ਅੰਦਰੋਂ ਕੰਮ ਕਰ ਰਹੇ ਹਨ।

ਚੀਨ ਇਸ ਦੇ ਨਾਲ ਹੀ ਮਿਆਂਮਾਰ ਦੇ ਵੱਖਵਾਦੀ ਗਰੁੱਪਾਂ ਜਿਵੇਂ ਕਾਚਿਨ ਇੰਡੀਪੈਂਡੈਂਸ ਆਰਮੀ, ਅਰਾਕਾਨ ਆਰਮੀ ਅਤੇ ਯੂਨਾਈਟਿਡ ਵਾ ਸਟੇਟ ਆਰਮੀ ਨੂੰ ਵੀ ਸੁਰੱਖਿਅਤ ਟਿਕਾਣੇ ਮੁਹੱਈਆ ਕਰਾਉਂਦਾ ਹੈ। ਚੀਨ ਇਨ੍ਹਾਂ ਸਬੰਧਾਂ ਦਾ ਇਸਤੇਮਾਲ ਆਪਣੇ ਫ਼ਾਇਦੇ ਲਈ ਕਰਦਾ ਹੈ, ਤਾਂ ਕਿ ਉਹ ਆਰਥਿਕ ਤੇ ਬੁਨਿਆਦੀ ਢਾਂਚਾ ਪ੍ਰਾਜੈਕਟਾਂ ਵਿਚ ਮਿਆਂਮਾਰ ਦਾ ਸਹਿਯੋਗ ਹਾਸਲ ਕਰ ਸਕੇ। ਉਂਝ, ਮਿਆਂਮਾਰ ਦੀ ਫ਼ੌਜ ਨੇ ਹਾਲੀਆ ਮਹੀਨਿਆਂ ਦੌਰਾਨ ਐੱਨਐੱਸਸੀਐੱਨ (ਖਾਪਲਾਂਗ) ਖ਼ਿਲਾਫ਼ ਜ਼ੋਰਦਾਰ ਕਾਰਵਾਈ ਕਰਦਿਆਂ ਇਸ ਦੇ ਟਿਕਾਣਿਆਂ ਉਤੇ ਹਮਲੇ ਬੋਲੇ ਜਿਸ ਸਦਕਾ ਇਸ ਅਲਹਿਦਗੀਪਸੰਦ ਗਰੁੱਪ ਨੂੰ ਆਪਣੀਆਂ ਸਰਹੱਦ-ਪਾਰਲੀਆਂ ਦਹਿਸ਼ਤੀ ਸਰਗਰਮੀਆਂ ਠੱਪ ਕਰਨੀਆਂ ਪਈਆਂ। ਮਿਆਂਮਾਰ ਵਿਚ ਐੱਨਐੱਸਸੀਐੱਨ (ਕੇ) ਦੇ ਆਗੂਆਂ ਅਤੇ ਮੈਂਬਰਾਂ ਦੀਆਂ ਆਮ ਸਰਗਰਮੀਆਂ ਉਤੇ ਵੀ ਸਖ਼ਤ ਬੰਦਸ਼ਾਂ ਆਇਦ ਕੀਤੀਆਂ ਗਈਆਂ ਹਨ।

ਮਿਆਂਮਾਰ ਫ਼ੌਜ ਨੇ ਉਲਫ਼ਾ ਖ਼ਿਲਾਫ਼ ਵੀ ਸਖ਼ਤ ਕਾਰਵਾਈ ਕਰਦਿਆਂ ਤੇ ਹਾਲ ਹੀ ਵਿਚ ਮਿਆਂਮਾਰ ਸਥਿਤ ਇਸ ਦੇ ਇਕ ਅੱਡੇ ਉਤੇ ਹਮਲੇ ਦੌਰਾਨ ਇਸ ਦੇ ਸੀਨੀਅਰ ਆਗੂ ਜਯੋਤਿਰਮੋਏ ਅਸੋਮ ਨੂੰ ਮਾਰ ਮੁਕਾਇਆ। ਇਸੇ ਤਰ੍ਹਾਂ ਮਿਆਂਮਾਰ ਦੀ ਭਾਰਤ ਨਾਲ ਲੱਗਦੀ ਸਰਹੱਦ ਲਾਗਿਉਂ ਐੱਨਐੱਸਸੀਐੱਨ (ਕੇ) ਦੇ ਹਥਿਆਰਬੰਦ ਮੈਂਬਰਾਂ ਨੂੰ ਵੀ ਹਟਾ ਕੇ ਉਨ੍ਹਾਂ ਨੂੰ ਕੈਂਪਾਂ ਵਿਚ ਮਹਿਦੂਦ ਕਰ ਦਿੱਤਾ ਗਿਆ ਹੈ। ਮਿਆਂਮਾਰ ਵੱਲੋਂ ਭਾਰਤ ਨੂੰ ਸਹਿਯੋਗ ਦੇਣ ਲਈ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ ਜਿਸ ਨਾਲ ਨਾਗਾਲੈਂਡ ਵਿਚ ਭਾਰਤ ਦੇ ਅਮਨ ਅਮਲ ਦਾ ਰਾਹ ਪੱਧਰਾ ਹੋਇਆ।




ਮਿਆਂਮਾਰ ਫ਼ੌਜ ਵੱਲੋਂ ਮੁਲਕ ਦੇ ਸੂਬੇ ਰਖਾਈਨ ਵਿਚ ਮੁਸਲਿਮ ਰੋਹਿੰਗੀਆ ਆਬਾਦੀ ਖ਼ਿਲਾਫ਼ ਕੀਤੀ ਕਾਰਵਾਈ ਇਸ ਵਕਤ ਆਲਮੀ ਚਿੰਤਾ ਦਾ ਵਿਸ਼ਾ ਹੈ। ਅੰਦਾਜ਼ਨ 11 ਲੱਖ ਰੋਹਿੰਗੀਆ ਮੁਸਲਮਾਨ ਜਾਨਾਂ ਬਚਾ ਕੇ ਬੰਗਲਾਦੇਸ਼ ਭੱਜ ਗਏ, ਜਿਥੇ ਉਹ ਬੜੇ ਔਖੇ ਹਾਲਾਤ ਵਿਚ ਰਹਿ ਰਹੇ ਹਨ। ਥੋੜ੍ਹੇ ਜਿਹੇ ਰੋਹਿੰਗੀਆ ਮੁਸਲਮਾਨ ਇੰਡੋਨੇਸ਼ੀਆ ਅਤੇ ਭਾਰਤ ਵੀ ਪਹੁੰਚੇ ਹਨ। ਚੀਨ ਅਤੇ ਜਪਾਨ ਨੇ ਰੋਹਿੰਗੀਆ ਸ਼ਰਨਾਰਥੀਆਂ ਦੀ ਮੁੜ-ਵਾਪਸੀ ਅਤੇ ਮੁੜ-ਵਸੇਬੇ ਲਈ ਢੁਕਵੀਂ ਇਮਦਾਦ ਦੇਣ ਦਾ ਭਰੋਸਾ ਦਿੱਤਾ ਹੈ। ਇਨ੍ਹਾਂ ਸ਼ਰਨਾਰਥੀਆਂ ਨੂੰ ਪਹਿਲਾਂ ਹੀ ਪੱਛਮੀ ਮੁਲਕਾਂ ਅਤੇ ਸੰਯੁਕਤ ਰਾਸ਼ਟਰ (ਯੂਐੱਨ) ਦੇ ਅਦਾਰਿਆਂ ਤੋਂ ਰਾਹਤ ਸਮੱਗਰੀ ਤੇ ਮਾਲੀ ਇਮਦਾਦ ਮਿਲ ਰਹੀ ਹੈ।

ਮਿਆਂਮਾਰ ਦੀ ਇਸ ਕਾਰਵਾਈ ਅਤੇ ਰੋਹਿੰਗੀਆ ਦੀ ਮੰਦਹਾਲੀ ਦੀ ਦੁਨੀਆਂ ਭਰ ਦੇ ਮੁਲਕਾਂ ਅਤੇ ਓਆਈਸੀ (ਆਰਗੇਨਾਈਜ਼ੇਸ਼ਨ ਆਫ਼ ਇਸਲਾਮਿਕ ਕੋਆਪ੍ਰੇਸ਼ਨ) ਵਰਗੀਆਂ ਜਥੇਬੰਦੀਆਂ ਨੇ ਜ਼ੋਰਦਾਰ ਨਿਖੇਧੀ ਕੀਤੀ ਹੈ। ਇਹ ਮਾਮਲਾ ਯੂਐੱਨ ਸਲਾਮਤੀ ਕੌਂਸਲ ਵਿਚ ਨਹੀਂ ਵਿਚਾਰਿਆ ਜਾ ਸਕਿਆ ਕਿਉਂਕਿ ਮਿਆਂਮਾਰ ਖ਼ਿਲਾਫ਼ ਪਾਬੰਦੀਆਂ ਦੀ ਕਿਸੇ ਵੀ ਕੋਸ਼ਿਸ਼ ਨੂੰ ਚੀਨ ਅਤੇ ਰੂਸ ਵੱਲੋਂ ਵੀਟੋ ਕਰ ਦੇਣ ਦੀ ਸੰਭਾਵਨਾ ਹੈ। ਇਹ ਵੀ ਧਿਆਨ ਦੇਣ ਵਾਲੀ ਗੱਲ ਹੈ ਕਿ ਰੋਹਿੰਗੀਆ ਸ਼ਰਨਾਰਥੀਆਂ ਦੇ ਲਗਾਤਾਰ ਬੰਗਲਾਦੇਸ਼ ਵਿਚ ਰਹਿਣ ਦਾ ਬੰਗਲਾਦੇਸ਼ ਦੇ ਕੱਟੜਪੰਥੀ ਇਸਲਾਮੀ ਗਰੁੱਪਾਂ ਅਤੇ ਪਾਕਿਸਤਾਨ ਵੱਲੋਂ ਸ਼ੇਖ਼ ਹਸੀਨਾ ਸਰਕਾਰ ਨੂੰ ਅਸਥਿਰ ਕਰਨ ਲਈ ਨਾਜਾਇਜ਼ ਲਾਹਾ ਲਏ ਜਾਣ ਦਾ ਖ਼ਦਸ਼ਾ ਹੈ। ਇਸ ਨਾਲ ਉੱਤਰ-ਪੂਰਬ ਦੀ ਸ਼ਾਂਤੀ ਤੇ ਸੁਰੱਖਿਆ ਲਈ ਵੀ ਖ਼ਤਰਾ ਖੜ੍ਹਾ ਹੋਵੇਗਾ।

ਭਾਰਤ ਅਤੇ ਬੰਗਲਾਦੇਸ਼ ਨਾਲ ਲੱਗਦੀ ਮਿਆਂਮਾਰ ਦੀ ਪੱਛਮੀ ਸਰਹੱਦ ਨੂੰ ਨਵੀਆਂ ਚੁਣੌਤੀਆਂ ਵੀ ਦਰਪੇਸ਼ ਹਨ ਜਿਹੜੀਆਂ ’ਅਰਾਕਾਨ ਆਰਮੀ’ ਦੇ ਸੈਂਕੜੇ ਬਾਗ਼ੀਆਂ ਨੇ ਖੜ੍ਹੀਆਂ ਕੀਤੀਆਂ ਹਨ। ਇਹ ਲੋਕ ਮਿਆਂਮਾਰ ਦੀ ਮਿਜ਼ੋਰਮ ਅਤੇ ਮਨੀਪੁਰ ਨਾਲ ਲੱਗਦੀ ਸਰਹੱਦ ਦੇ ਆਰ-ਪਾਰ ਸਰਗਰਮ ਹਨ। ਭਾਰਤ ਅਤੇ ਮਿਆਂਮਾਰ ਦੀਆਂ ਫ਼ੌਜਾਂ ਵੱਲੋਂ ਇਨ੍ਹਾਂ ਦੇ ਟਾਕਰੇ ਲਈ ਮਿਲ-ਜੁਲ ਕੇ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਇਹ ਖ਼ਿੱਤਾ ਭਾਰਤ ਲਈ ਖ਼ਾਸ ਅਹਿਮੀਅਤ ਵਾਲਾ ਹੈ। ਦੱਸਣਯੋਗ ਹੈ ਕਿ ਚਾਰੇ ਪਾਸਿਉਂ ਜ਼ਮੀਨ ਨਾਲ ਘਿਰੇ (ਸਮੁੰਦਰੀ ਸਾਹਿਲ ਤੇ ਬੰਦਰਗਾਹਾਂ ਤੋਂ ਵਿਰਵੇ) ਮਿਜ਼ੋਰਮ ਅਤੇ ਉਤਰ-ਪੂਰਬ ਦੇ ਦੂਜੇ ਸੂਬਿਆਂ ਨੂੰ ਬੰਗਾਲ ਦੀ ਖਾੜੀ ਸਥਿਤ ਮਿਆਂਮਾਰ ਦੀ ਸਿਤਵੇ ਬੰਦਰਗਾਹ ਨਾਲ ਜੋੜਨ ਵਾਲਾ, ਅਹਿਮ ਰਣਨੀਤਕ ਪ੍ਰਾਜੈਕਟ ’ਕਾਲਾਦਾਨ ਕੌਰੀਡੋਰ’ ਭਾਰਤ ਦੀ ਸਹਾਇਤਾ ਨਾਲ ਇਸੇ ਖ਼ਿੱਤੇ ਵਿਚ ਉਸਾਰਿਆ ਜਾ ਰਿਹਾ ਹੈ। ਇਹ ਕੌਰੀਡੋਰ ਸਾਡੇ ਉੱਤਰ-ਪੂਰਬੀ ਸੂਬਿਆਂ ਨੂੰ ਸਿਤਵੇ ਬੰਦਰਗਾਹ ’ਤੇ ਖਾੜੀ ਬੰਗਾਲ ਤੱਕ ਸਿੱਧੀ ਰਸਾਈ ਮੁਹੱਈਆ ਕਰਾਵੇਗਾ। ਇਸ ਨਾਲ ਨਾ ਸਿਰਫ਼ ਉਤਰ-ਪੂਰਬੀ ਰਾਜਾਂ ਨੂੰ ਬਾਕੀ ਭਾਰਤ ਤੋਂ ਆਪਣਾ ਮਾਲ ਲਿਆਉਣ-ਲਿਜਾਣ ਵਿਚ ਸੌਖ ਸਦਕਾ ਆਰਥਿਕ ਲਾਭ ਹੋਵੇਗਾ ਸਗੋਂ ਸਿਲੀਗੁੜੀ ਰੇਲ ਲਾਈਨ ’ਤੇ ਰੁਕਾਵਟ ਪੈਦਾ ਹੋਣ ਦੀ ਸੂਰਤ ਵਿਚ ਕਾਲਾਦਾਨ ਕੌਰੀਡੋਰ ਰਾਹੀਂ ਉੱਤਰ-ਪੂਰਬ ਤੱਕ ਲਗਾਤਾਰ ਰਸਾਈ ਵੀ ਸੰਭਵ ਹੋ ਸਕੇਗੀ।

ਇਸ ਦੌਰਾਨ ਚੀਨ ਵੀ ਮਿਆਂਮਾਰ ਵਿਚ ਸੜਕੀ, ਰੇਲ ਤੇ ਊਰਜਾ ਪ੍ਰਾਜੈਕਟ ਉਸਾਰ ਰਿਹਾ ਹੈ ਤਾਂ ਕਿ ਇਹ ਆਪਣੇ ਜ਼ਮੀਨ ਨਾਲ ਘਿਰੇ ਸੂਬੇ ਯੂਨਾਨ ਨੂੰ ਖਾੜੀ ਬੰਗਾਲ ਦੀ ਕਯਾਕਾਪੂ ਬੰਦਰਗਾਹ ਨਾਲ ਜੋੜ ਸਕੇ। ਮਿਆਂਮਾਰ ਸਥਿਤ ਇਹ ਬੰਦਰਗਾਹ ਭਾਰਤ ਵੱਲੋਂ ਉਸਾਰੀ ਸਿਤਵੇ ਬੰਦਰਗਾਹ ਤੋਂ ਜ਼ਿਆਦਾ ਦੂਰ ਨਹੀਂ ਹੈ। ਚੀਨ ਦੇ ਆਵਾਜਾਈ ਤੇ ਊਰਜਾ ਕੌਰੀਡੋਰ ਨੂੰ ਮਿਆਂਮਾਰ ਵਿਚ ਮੁਲਕ ਦੀ ਲੁੱਟ-ਖਸੁੱਟ ਵਾਲੇ ਪ੍ਰਾਜੈਕਟ ਵਜੋਂ ਦੇਖਿਆ ਜਾ ਰਿਹਾ ਹੈ ਜਿਸ ਕਾਰਨ ਇਕ ਪਣਬਿਜਲੀ ਪ੍ਰਾਜੈਕਟ, ਮੀਤਸੋਨ ਡੈਮ ਖ਼ਿਲਾਫ਼ ਮੁਲਕ ਵਿਚ ਰੋਸ ਮੁਜ਼ਾਹਰੇ ਵੀ ਹੋਏ ਹਨ, ਕਿਉਂਕਿ ਇਸ ਕਾਰਨ ਵਾਤਾਵਰਨ ਪੱਖੋਂ ਗੰਭੀਰ ਚਿੰਤਾਵਾਂ ਜ਼ਾਹਰ ਕੀਤੀਆਂ ਜਾ ਰਹੀਆਂ ਹਨ। ਇਸ ਪ੍ਰਾਜੈਕਟ ਰਾਹੀਂ ਪੈਦਾ ਹੋਣ ਵਾਲੀ ਬਿਜਲੀ ਦਾ ਵੱਡਾ ਹਿੱਸਾ ਮਿਆਂਮਾਰ ਨਹੀਂ ਸਗੋਂ ਚੀਨ ਵੱਲੋਂ ਵਰਤਿਆ ਜਾਵੇਗਾ। ਚੀਨ ਵੱਲੋਂ ਮਿਆਂਮਾਰ ਸਰਕਾਰ ਨੂੰ ਇਹ ਚਿੰਤਾਵਾਂ ਨਜ਼ਰਅੰਦਾਜ਼ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ।

ਹਾਲੀਆ ਦਿਨਾਂ ਦੌਰਾਨ ਅਜਿਹੀਆਂ ਘਟਨਾਵਾਂ ਵੀ ਵਾਪਰੀਆਂ, ਜਦੋਂ ਕਾਚਿਨ ਇੰਡੀਪੈਂਡੈਂਸ ਆਰਮੀ ਰਾਹੀਂ ਚੀਨ ਨਾਲ ਕਰੀਬੀ ਰਿਸ਼ਤੇ ਰੱਖਦੀ ਅਰਾਕਾਨ ਆਰਮੀ ਨੇ ਕਾਲਾਦਾਨ ਕੌਰੀਡੋਰ ਦੀ ਉਸਾਰੀ ਕਰ ਰਹੇ ਮਿਆਂਮਾਰ ਦੇ ਕਾਮਿਆਂ ਉਤੇ ਹਮਲੇ ਕੀਤੇ ਹਨ। ਚੀਨ ਬਿਨਾਂ ਸ਼ੱਕ, ਆਪਣੇ ਆਰਥਿਕ ਕੌਰੀਡੋਰ ਦੇ ਕਰੀਬ ਭਾਰਤ ਵੱਲੋਂ ਉਸਾਰੀ ਬੰਦਰਗਾਹ ਦੀ ਹੋਂਦ ਤੋਂ ਚੰਗਾ ਮਹਿਸੂਸ ਨਹੀਂ ਕਰਦਾ। ਚੀਨ ਦਾ ਵਡੇਰਾ ਰਣਨੀਤਕ ਨਿਸ਼ਾਨਾ ਖਾੜੀ ਬੰਗਾਲ ਅਤੇ ਹਿੰਦ ਮਹਾਸਾਗਰ ਤੱਕ ਸਿੱਧੀ ਰਸਾਈ ਲਈ ਮਿਆਂਮਾਰ ਦੀ ਸਰਜ਼ਮੀਨ ਦੇ ਬੇਰੋਕ ਇਸਤੇਮਾਲ ਦਾ ਹੱਕ ਹਾਸਲ ਕਰਨਾ ਹੈ। ਸਾਡੀਆਂ ਪੂਰਬੀ ਸਰਹੱਦਾਂ ਉਤੇ ਇਲਾਕਾਈ ਸਥਿਰਤਾ ਲਈ ਇਕ ਹੋਰ ਗੰਭੀਰ ਖ਼ਤਰਾ ਬੰਗਲਾਦੇਸ਼ ਦੇ ਅੰਦਰ ਅਤੇ ਖਾੜੀ ਬੰਗਾਲ ਦੇ ਪੂਰੇ ਸਾਹਿਲੀ ਖੇਤਰ ਵਿਚ ਉੱਭਰ ਰਹੇ ਤਣਾਵਾਂ ਕਾਰਨ ਪੈਦਾ ਹੋ ਸਕਦਾ ਹੈ। ਰੋਹਿੰਗੀਆ ਮੁੱਦੇ ਕਾਰਨ ਪੈਦਾ ਹੋ ਰਹੀ ਨਾਰਾਜ਼ਗੀ ਅਤੇ ਇਸ ਦੇ ਸਿੱਟੇ ਵਜੋਂ ਬੰਗਲਾਦੇਸ਼ ਦੇ ਅੰਦਰ ਕੱਟੜਪੰਥੀ ਗਰੁੱਪਾਂ ਦੇ ਹੋ ਰਹੇ ਉਭਾਰ ਕਰ ਕੇ ਇਹ ਤਣਾਅ ਉਦੋਂ ਤੱਕ ਹੋਰ ਵਧਣਗੇ, ਜਦੋਂ ਤੱਕ ਰੋਹਿੰਗੀਆ ਸ਼ਰਨਾਰਥੀਆਂ ਦੀ ਮਿਆਂਮਾਰ ਨੂੰ ਵਾਪਸੀ ਨਹੀਂ ਹੁੰਦੀ। ਇਸ ਸ਼ਰਨਾਰਥੀ ਸੰਕਟ ਦਾ ਅਸਰ ਨਾ ਸਿਰਫ਼ ਮਿਆਂਮਾਰ ਅਤੇ ਬੰਗਲਾਦੇਸ਼ ਵਿਚ ਸਗੋਂ ਇੰਡੋਨੇਸ਼ੀਆ ਵਰਗੇ ਗੁਆਂਢੀ ਆਸੀਆਨ ਮੁਲਕਾਂ ਵਿਚ ਵੀ ਮਹਿਸੂਸ ਕੀਤਾ ਜਾ ਰਿਹਾ ਹੈ। ਜਿਥੇ ਅਮਰੀਕਾ ਤੇ ਇਸ ਦੇ ਯੂਰੋਪੀਅਨ ਭਾਈਵਾਲਾਂ ਨੇ ਰੋਹਿੰਗੀਆ ਸ਼ਰਨਾਰਥੀਆਂ ਲਈ ਮਾਲੀ ਇਮਦਾਦ ਮੁਹੱਈਆ ਕਰਵਾਈ ਹੈ, ਉਥੇ ਉਨ੍ਹਾਂ ਵੱਲੋਂ ਕੀਤੀ ਆਲੋਚਨਾ ਕਾਰਨ ਮਿਆਂਮਾਰ ਨੇ, ਸ਼ਰਨਾਰਥੀਆਂ ਦੀ ਵਾਪਸੀ ਦੇ ਮੁੱਦੇ ਉਤੇ ਆਪਣਾ ਸਟੈਂਡ ਹੋਰ ਸਖ਼ਤ ਕਰ ਲਿਆ ਹੈ। ਭਾਰਤ ਨੂੰ ਚਾਹੀਦਾ ਹੈ ਕਿ ਉਹ ਚੀਨ, ਜਪਾਨ, ਇੰਡੋਨੇਸ਼ੀਆ, ਬੰਗਲਾਦੇਸ਼, ਮਲੇਸ਼ੀਆ ਹੋਰ ਆਸੀਆਨ ਮੁਲਕਾਂ ਦੀ ਸ਼ਮੂਲੀਅਤ ਨਾਲ ਅਜਿਹਾ ਢਾਂਚਾ ਵਿਕਸਤ ਕਰਨ ਲਈ ਇਲਾਕਾਈ ਪਹਿਲਕਦਮੀ ਦੀ ਕੋਸ਼ਿਸ਼ ਕਰੇ ਜਿਸ ਰਾਹੀਂ ਰੋਹਿੰਗੀਆ ਸ਼ਰਨਾਰਥੀਆਂ ਦੀ ਬੰਗਲਾਦੇਸ਼ ਤੋਂ ਉਨ੍ਹਾਂ ਦੇ ਜੱਦੀ ਮੁਲਕ ਮਿਆਂਮਾਰ ਨੂੰ ਛੇਤੀ ਵਾਪਸੀ ਸੰਭਵ ਹੋ ਸਕੇ। ਰੋਹਿੰਗੀਆ ਸ਼ਰਨਾਰਥੀਆਂ ਦੀ ਮੰਦਹਾਲੀ ਨੂੰ ਅਮਨ ਤੇ ਸਥਿਰਤਾ ਲਈ ਖ਼ਤਰਾ ਨਹੀਂ ਬਣਨ ਦਿੱਤਾ ਜਾਣਾ ਚਾਹੀਦਾ, ਨਾ ਸਿਰਫ਼ ਬੰਗਲਾਦੇਸ਼ ਤੇ ਮਿਆਂਮਾਰ ਵਿਚ ਸਗੋਂ ਖਾੜੀ ਬੰਗਾਲ ਵੱਲ ਭਾਰਤ ਦੇ ਸਮੁੱਚੇ ਆਂਢ-ਗੁਆਂਢ ਵਿਚ ਵੀ।

# ਧੜਾ ਧੜ ਦਲ ਬਦਲੀਆਂ ਦੀ ਰੁੱਤ

ਚੋਣਾਂ ਤੋਂ ਪਹਿਲਾਂ ਦਲ ਬਦਲੀਆਂ ਦਾ ਰੁਝਾਨ ਨਵਾਂ ਨਹੀਂ ਪਰ ਚਿੰਤਾਜਨਕ ਜ਼ਰੂਰ ਹੈ। ਪੰਜਾਬ ਵਿਚ 17ਵੀਂ ਲੋਕ ਸਭਾ ਲਈ ਆਖ਼ਰੀ ਪੜਾਅ ਵਿਚ 19 ਮਈ ਨੂੰ ਵੋਟਾਂ ਪੈਣਗੀਆਂ। ਬਹੁਤ ਸਾਰੇ ਆਗੂ ਧੜਾ ਧੜ ਦਲ ਬਦਲੀ ਕਰ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪੁੱਤਰ ਨੂੰ ਫਰੀਦਕੋਟ ਤੋਂ ਲੋਕ ਸਭਾ ਚੋਣ ਵਿਚ ਮਾਤ ਦੇ ਕੇ ਸਿਆਸੀ ਤੌਰ ਉੱਤੇ ਚਮਕੇ ਜਗਮੀਤ ਸਿੰਘ




ਬਰਾੜ ਅਕਾਲੀ ਦਲ ਦੀ ਛਤਰ-ਛਾਇਆ ਹੇਠ ਆ ਗਏ ਹਨ। ਇਸ ਤੋਂ ਪਹਿਲਾਂ ਉਨ੍ਹਾਂ ਲੋਕ ਯੁੱਧ ਮੋਰਚਾ ਬਣਾਇਆ, ਫਿਰ ਤਿਵਾੜੀ ਕਾਂਗਰਸ ਦੀ ਟਿਕਟ ਤੋਂ ਚੋਣ ਲੜੀ, ਮੁੜ ਕਾਂਗਰਸ ਵਿਚ ਪਰਤ ਆਏ ਸਨ ਪਰ ਦੋ ਸਾਲ ਪਹਿਲਾਂ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਸਮੇਂ ਤ੍ਰਿਣਮੂਲ ਕਾਂਗਰਸ ਦਾ ਪੱਲਾ ਫੜ ਲਿਆ ਅਤੇ ਇਸ ਤੋਂ ਪਹਿਲਾਂ ਭਾਜਪਾ ਦੇ ਰਥ ਵਿਚ ਬਹਿੰਦੇ ਬਹਿੰਦੇ ਰਹਿ ਗਏ ਸਨ।

ਸਭ ਤੋਂ ਹੈਰਾਨੀਜਨਕ ਆਮ ਆਦਮੀ ਪਾਰਟੀ ਦੀ ਟਿਕਟ ਤੋਂ ਚੋਣ ਲੜ ਕੇ ਜਿੱਤੇ ਹਰਿੰਦਰ ਸਿੰਘ ਖਾਲਸਾ ਦਾ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋਣਾ ਹੈ। ਹੰਸ ਰਾਜ ਹੰਸ ਨੇ ਵੀ ਆਪਣੇ ਛੋਟੇ ਜਿਹੇ ਸਿਆਸੀ ਜੀਵਨ ਵਿਚ ਲਗਭਗ ਸਾਰੀਆਂ ਮੁੱਖ ਪਾਰਟੀਆਂ ਦਾ ਨਿੱਘ ਮਾਣ ਲਿਆ ਹੈ। ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਬੇਟੀ ਆਮ ਆਦਮੀ ਪਾਰਟੀ ਦੀ ਟਿਕਟ ਉੱਤੇ ਚੋਣ ਲੜੀ ਸੀ ਅਤੇ ਹੁਣ ਟੌਹੜਾ ਪਰਿਵਾਰ ਮੁੜ ਅਕਾਲੀ ਦਲ ਦੀ ਅਗਵਾਈ ਵਿਚ ਵਾਪਸ ਪਰਤ ਰਿਹਾ ਹੈ। ਬਰਨਾਲਾ ਜ਼ਿਲ੍ਹੇ ਦੇ ਖਹਿਰਾ ਧੜੇ ਦੇ ਮੁੱਖ ਆਗੂ ਕਾਂਗਰਸ ਵਿਚ ਸ਼ਾਮਲ ਹੋ ਗਏ ਹਨ। ਇਕ ਵਾਰ ਤਾਂ ਹੱਦ ਹੀ ਹੋ ਗਈ ਸੀ ਜਦੋਂ ਸਮਾਣਾ ਵਿਧਾਨ ਸਭਾ ਸੀਟ ਤੋਂ ਅਕਾਲੀਆਂ ਅਤੇ ਕਾਂਗਰਸ ਦੇ ਉਮੀਦਵਾਰ ਹੀ ਤਬਦੀਲ ਹੋ ਗਏ ਸਨ। ਚੋਣਾਂ ਦੌਰਾਨ ਇਹ ਨਾਟਕ ਵੀ ਖ਼ੂਬ ਚੱਲਦਾ ਹੈ ਕਿ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਕਾਰਨ ਕੁਝ ਆਗੂਆਂ ਨੂੰ ਛੇ ਸਾਲਾਂ ਲਈ ਪਾਰਟੀ ਵਿਚੋਂ ਕੱਢ ਦਿੱਤਾ ਜਾਂਦਾ ਹੈ ਪਰ ਚੋਣਾਂ ਦੇ ਨਤੀਜਿਆਂ ਤੋਂ ਕੁਝ ਦਿਨਾਂ ਬਾਅਦ ਹੀ ਅਜਿਹੇ ਆਗੂ ਆਪਣੀਆਂ ਪੁਰਾਣੀਆਂ ਥਾਵਾਂ ਉੱਤੇ ਵਾਪਸ ਆ ਜਾਂਦੇ ਹਨ।

ਦਲ ਬਦਲਣ ’ਤੇ ਕੋਈ ਪਾਬੰਦੀ ਨਹੀਂ ਪਰ ਇਸ ਦਾ ਨੈਤਿਕ ਆਧਾਰ ਤਾਂ ਹੀ ਬਣਦਾ ਹੈ, ਜੇ ਇਹ ਕਿਸੇ ਵਿਚਾਰ ਜਾਂ ਅਸੂਲ ਦੇ ਆਧਾਰ ’ਤੇ ਕੀਤੀ ਜਾਵੇ ਅਤੇ ਇਸ ਪਿੱਛੇ ਕੋਈ ਲਾਲਚ ਜਾਂ ਡਰ ਨਾ ਹੋਵੇ। ਮੌਜੂਦਾ ਦੌਰ ਵਿਚ ਸਿਆਸਤ ਵਿਚਾਰਧਾਰਕ ਕਦਰਾਂ ਕੀਮਤਾਂ ਦੇ ਆਧਾਰ ’ਤੇ ਨਹੀਂ ਹੁੰਦੀ। ਇਸ ਲਈ ਬਹੁਤੀਆਂ ਦਲ ਬਦਲੀਆਂ ਹੁਣ ਵਿਚਾਰਾਂ ਦੇ ਵਖਰੇਵੇਂ ਕਾਰਨ ਨਹੀਂ ਬਲਕਿ ਕਿਸੇ ਲਾਲਚ ਜਾਂ ਆਪਣੀ ਪ੍ਰਸੰਗਿਕਤਾ ਬਣਾਈ ਰੱਖਣ ਲਈ ਹੁੰਦੀਆਂ ਹਨ। ਦਲ ਬਦਲੀ ਵਿਰੋਧੀ ਕਾਨੂੰਨ ਬਣਾਉਣ ਦੇ ਬਾਵਜੂਦ ਦਲ ਬਦਲੀਆਂ ਤਾਂ ਰੁਕੀਆਂ ਨਹੀਂ ਪਰ ਇਸ ਨਾਲ ਪਾਰਟੀਆਂ ਅੰਦਰਲੀ ਜਮਹੂਰੀਅਤ ਕੁਚਲੀ ਗਈ ਹੈ ਅਤੇ ਪਾਰਟੀਆਂ ਉੱਤੇ ਕੁਝ ਪਰਿਵਾਰਾਂ ਅਤੇ ਵਿਅਕਤੀਆਂ ਦਾ ਪ੍ਰਭਾਵ ਪ੍ਰਮੁੱਖ ਹੋ ਗਿਆ ਹੈ। ਹਿੰਦੋਸਤਾਨ ਦੀ ਜਮਹੂਰੀਅਤ ਨੂੰ ਇਸ ਵਿਰੋਧਾਭਾਸ ਵਿਰੁੱਧ ਜੂਝਣਾ ਪੈਣਾ ਹੈ।

# ਨਿਆਣੀ ਮੱਤ ਸਿਆਣੀ

ਜਗਦੀਸ਼ ਕੌਰ ਮਾਨ

ਜਦੋਂ ਦੀ ਇਹ ਗੱਲ ਹੈ, ਉਦੋਂ ਮੇਰੀ ਉਮਰ ਮਸੀਂ ਗਿਆਰਾਂ ਕੁ ਸਾਲ ਦੀ ਹੋਵੇਗੀ। ਉਸ ਸਮੇਂ ਕੋਈ ਵੀ ਘਰੇਲੂ ਕੰਮ ਢੰਗ ਸਿਰ ਨਹੀਂ ਸੀ ਆਉਂਦਾ। ਘਰ ਵਿਚ ਹਰ ਕਿਸੇ ਤੋਂ ਝਿੜਕਾਂ ਪੈਂਦੀਆਂ। ਆਪਣੇ ਕੰਮ ਵੀ ਵੇਲੇ ਸਿਰ ਨਾ ਕਰਦੀ। ਸਿਰ ਵਾਹੁਣ ਦੇ ਮਾਮਲੇ ਵਿਚ ਤਾਂ ਅਸਲੋਂ ਹੀ ਆਲਸੀ ਸਾਂ। ਸਾਰਾ ਦਿਨ ਝਾਟਾ ਖਿਲਾਰੀ ਫਿਰਦੀ ਰਹਿੰਦੀ। ਉੱਤੋਂ ਮੁਸੀਬਤ ਇਹ ਕਿ ਵਾਲ ਵੀ ਛੱਲਿਆਂ ਵਾਲੇ ਸਨ। ਮਾਂ ਆਪਣਾ ਫਰਜ਼ ਸਮਝਦੀ ਹੋਈ ਰਸੋਈ ਦੇ ਕੰਮ ਸਿਖਾਉਂਦੀ। ਕੋਈ ਕੰਮ ਚੱਜ ਨਾਲ ਕਰ ਲੈਂਦੀ ਤੇ ਕੋਈ ਵਿਗਾੜ ਕੇ ਧਰ ਦਿੰਦੀ। ਫਿਰ ਮਾਂ ਤੋਂ ਝਿੜਕਾਂ ਖਾਂਦੀ।

ਮਾਂ ਜਿੰਨੀ ਸਹਿਜ ਅਤੇ ਸੁਸ਼ੀਲ ਸੀ, ਪਿਤਾ ਜੀ ਓਨੇ ਹੀ ਅਵੈੜੇ ਸਨ। ਹਰ ਵੇਲੇ ਲੜਨ ਵਾਸਤੇ ਬਹਾਨੇ ਲੱਭਦੇ ਰਹਿੰਦੇ। ਨਿੱਕੀ ਨਿੱਕੀ ਗੱਲ ’ਤੇ ਤਲਖ ਹੋ ਜਾਂਦੇ। ਕਦੇ ਸਾਨੂੰ ਜਵਾਕਾਂ ਨੂੰ ਕੁੱਟ ਦਿੰਦੇ ਤੇ ਕਦੇ ਮਾਂ ਦੇ ਮੌਰ ਸੇਕ ਦਿੰਦੇ। ਸਾਡੀ ਮਾਂ ਵਿਚਾਰੀ ਬੇਕਸੂਰ ਹੁੰਦੀ ਹੋਈ ਵੀ ਕਸੂਰਵਾਰਾਂ ਵਾਂਗ ਨੀਵੀਂ ਪਾਈ ਕੰਮ-ਧੰਦੇ ਲੱਗੀ ਰਹਿੰਦੀ।

ਇਕ ਦਿਨ ਆਥਣ ਵੇਲੇ ਪਿਤਾ ਜੀ ਸਾਡੇ ਬਾਬਾ ਜੀ (ਦਾਦਾ ਜੀ) ਨਾਲ ਖਹਿਬੜ ਪਏ। ਬੋਲ-ਕਬੋਲ ਸੁਣ ਕੇ ਸ਼ਾਂਤ ਸੁਭਾਅ ਦੇ ਬਾਬਾ ਜੀ ਨੂੰ ਵੀ ਉਸ ਦਿਨ ਅੰਤਾਂ ਦਾ ਗੁੱਸਾ ਆ ਗਿਆ। ਮਿਹਣੋਂ-ਮਿਹਣੀਂ ਹੁੰਦਿਆਂ ਤੋਂ ਗੱਲ ਜ਼ਿਆਦਾ ਹੀ ਵਧ ਗਈ। ਲਾਲ-ਪੀਲੇ ਹੁੰਦੇ ਹੋਏ ਪਿਤਾ ਜੀ ਮੇਰੀ ਮਾਂ ਵੱਲ ਮੂੰਹ ਕਰਕੇ ਪੂਰੇ ਹਿਰਖ ਨਾਲ ਬੋਲੇ, “ਸੁਣਦੀ ਏਂ! ਅੱਜ ਇਸ ਬੁੜ੍ਹੇ ਨੂੰ ਰੋਟੀ ਨਹੀਂ ਦੇਣੀ। ਜੇ ਤੂੰ ਰੋਟੀ ਫੜਾਈ ਤਾਂ ਅਹੁ ਦੀਂਹਦੀ ਏ ਨਾ ਖੂੰਜੇ ਵਿਚ ਖੜ੍ਹੀ ਡਾਂਗ, ਇਹ ਤੇਰੇ ਮੌਰਾਂ ’ਤੇ ਟੁੱਟੂਗੀ ਅੱਜ... ਫਿਰ ਨਾ ਕਹੀਂ ਦੱਸਿਆ ਨ੍ਹੀਂ।” ਮਾਂ ਨੇ ਕਿਸੇ ਆਗਿਆਕਾਰ ਬੱਚੇ ਵਾਂਗ ਪਿਤਾ ਜੀ ਦੇ ’ਹੁਕਮਾਂ ਦੀ ਪਾਲਣਾ’ ਕੀਤੀ। ਉਸ ਨੇ ਰੋਟੀ ਤਿਆਰ ਕਰਕੇ ਸਾਰੇ ਟੱਬਰ ਵਾਸਤੇ ਥਾਲੀਆਂ ਵਿਚ ਪਾ ਦਿੱਤੀ ਤੇ ਮੈਂ ਵਾਰੀ ਵਾਰੀ ਥਾਲੀਆਂ ਚੁੱਕ ਕੇ ਸਾਰਿਆਂ ਅੱਗੇ ਰੱਖ ਦਿੱਤੀਆਂ। ਸਾਰੇ ਰੋਟੀ ਖਾ ਰਹੇ ਸਨ। ਮੈਂ ਵੀ ਆਪਣੀ ਕੌਲੀ-ਪਲੇਟ ਵਿਚ ਖਾਣਾ ਪਾ ਕੇ ਇਕ ਪਾਸੇ ਬੈਠ ਗਈ। ਅਜੇ ਪਹਿਲੀ ਬੁਰਕੀ ਮੂੰਹ ਵਿਚ ਪਾਉਣ ਹੀ ਲੱਗੀ ਸਾਂ ਕਿ ਮੇਰੀ ਨਿਗ੍ਹਾ ਸਾਹਮਣੇ ਮੰਜੇ ’ਤੇ ਬੈਠੇ ਬਾਬਾ ਜੀ ’ਤੇ ਪੈ ਗਈ।... ਉਹ ਤਾਂ ਮਿੰਟ ਵੀ ਭੁੱਖ ਨਹੀਂ ਸਹਾਰਦੇ... ਉਹ ਸਾਡੇ ਸਾਰਿਆਂ ਵੱਲ ਇਉਂ ਤੱਕ ਰਹੇ ਸਨ ਜਿਵੇਂ ਕੋਈ ਨਿੱਕਾ ਬਾਲ, ਜਿਸ ਨੂੰ ਕੁਝ ਵੀ (ਦੁੱਧ ਤੋਂ ਸਿਵਾਏ) ਖਾਣਾ ਨਾ ਆਉਂਦਾ ਹੋਵੇ, ਵੱਡਿਆਂ ਨੂੰ ਖਾਂਦਿਆਂ ਤੱਕਦਾ ਹੈ। ਜਾਪਿਆ, ਉਨ੍ਹਾਂ ਦੀ ਤੱਕਣੀ ਵਿਚ ਲਾਚਾਰੀ ਤੇ ਬੇਵਸੀ ਭਰੀ ਹੋਈ ਹੈ। ਪਤਾ ਨਹੀਂ ਕੀ ਕੀ ਸੋਚ ਰਹੇ ਹੋਣਗੇ!

ਮੇਰੇ ਅੰਦਰਲੀ ਹਿੰਮਤ ਨੇ ਸਿਰ ਚੁੱਕਿਆ ਅਤੇ ਸੋਚ ਨੇ ਹੁਲਾਰਾ ਲਿਆ। ਮੈਂ ਸੋਚਿਆ: “ਦੇਖੀ ਜਾਊ ਜਿਹੜੀ ਅੱਜ ਮੇਰੇ ਨਾਲ ਬਣੂ, ਜਿਹੜੀ ਡਾਂਗ ਮੇਰੀ ਮਾਂ ਦਿਆਂ ਮੌਰਾਂ ’ਤੇ ਟੁੱਟਣੀ ਸੀ, ਜੇ ਮੇਰੇ ਮੌਰਾਂ ’ਤੇ ਟੁੱਟ ਗਈ ਤਾਂ ਕੀ ਲੋਹੜਾ ਆਜੂ!” ਮੈਂ ਆਪਣੀ ਪਲੇਟ ਉੱਥੇ ਹੀ ਰੱਖ ਦਿੱਤੀ ਤੇ ਪਾਣੀ ਦੀ ਗੜਵੀ ਭਰ ਕੇ ਬਾਬਾ ਜੀ ਦੇ ਹੱਥ ਸੁੱਚੇ ਕਰਾਉਣ ਲਈ ਜਾ ਖੜ੍ਹੀ ਹੋਈ। ਮੈਂ ਪੂਰੀ ਨਿਮਰਤਾ ਨਾਲ ਝੁਕ ਕੇ ਬਾਬਾ ਜੀ ਨੂੰ ਕਿਹਾ, “ਬਾਬਾ ਜੀ! ਹੱਥ ਧੋ ਲਵੋ, ਮੈਂ ਤੁਹਾਡੇ ਲਈ ਰੋਟੀ ਲੈ ਕੇ ਆਉਂਦੀ ਹਾਂ।” ਬੁੱਢੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ ਤੇ ਭਰੇ ਗੱਚ ਨਾਲ ਉਹ ਮਸਾਂ ਇੰਨਾ ਹੀ ਬੋਲ ਸਕੇ, “ਮੁੰਨੀਏਂ! ਮੈਨੂੰ ਭੁੱਖ ਨਹੀਂ ਐ ਪੁੱਤ...।” ਮੈਂ ਅੱਖ ਦੇ ਫੋਰ ਵਿਚ ਸ਼ਾਇਦ ਆਪਣੀ ਉਮਰ ਤੋਂ ਕਈ ਗੁਣਾ ਵੱਡੀ ਹੋ ਗਈ ਸੀ। ਮੈਂ ਲਾਡ ਭਰੇ ਦਬਕੇ ਨਾਲ ਬੋਲੀ ਸਾਂ, “ਭੁੱਖ ਨਹੀਂ ਇਹਨੂੰ ਵੱਡੇ ਚੌਧਰੀ ਨੂੰ, ਆਪੇ ਤਾਂ ਕਹਿੰਨੇ ਹੁੰਨੇ ਓਂ, ਬਈ ਜਿੱਦਣ ਆਲੂ-ਪਕੌੜਿਆਂ ਦੀ ’ਸਬਜ਼ੀ’ ਬਣੀ ਹੋਵੇ, ਉਦਣ ਮੈਂ ਰੋਟੀ ਵੱਧ ਖਾ ਜਾਨੈਂ। ਅੱਜ ਆਪਾਂ ਆਲੂ-ਪਕੌੜਿਆਂ ਦੀ ’ਸਬਜ਼ੀ’ ਈ ਬਣਾਈ ਐ... ਬਹੁਤੇ ਬਹਾਨੇ ਨਾ ਬਣਾਓ ਹੁਣ, ਕਰੋ ਬੁੱਕ ਮੈਂ ਪਾਣੀ ਪਾਵਾਂ।” ਮੈਂ ਹੁਕਮ ਦੇਣ ਵਾਂਗ ਬੋਲੀ ਸੀ।

# ਵਿਆਹ: ਰਵਾਇਤਾਂ ਤੋਂ ਪਾਰ ਝਾਕਣ ਦਾ ਵੇਲਾ



ਸੋਹਜ ਦੀਪ

ਸਾਡਾ ਭਾਰਤੀ ਸਮਾਜ ਵਿਆਹ ਨੂੰ ਬਹੁਤ ਅਹਿਮੀਅਤ ਦਿੰਦਾ ਹੈ। ਬੱਚੇ ਦੇ ਜਨਮ ਤੋਂ ਹੀ ਉਸ ਦੇ ਵਿਆਹ ਦੇ ਚਾਅ ਭਾਰਤੀ ਮਾਂ-ਬਾਪ ਦੇ ਮਨ ਵਿਚ ਉਸਲਵੱਟੇ ਲੈਣੇ ਸ਼ੁਰੂ ਕਰ ਦਿੰਦੇ ਹਨ ਪਰ ਵਿਆਹ ਕਿਉਂ ਕਰਵਾਉਣਾ ਚਾਹੀਦਾ ਹੈ ਜਾਂ ਮਾਂ-ਪਿਉ ਨੇ ਵਿਆਹ ਕਿਉਂ ਕਰਵਾਇਆ ਸੀ, ਇਹ ਪ੍ਰਸ਼ਨ ਨਾ ਤਾਂ ਕਦੇ ਉਨ੍ਹਾਂ ਨੇ ਖੁਦ ਤੋਂ ਪੁੱਛਿਆ ਹੁੰਦਾ ਹੈ ਅਤੇ ਨਾ ਹੀ ਬੱਚਿਆਂ ਨੂੰ ਇਸ ਬਾਰੇ ਸੋਚਣ ਦਾ ਹੱਕ ਦਿੱਤਾ ਜਾਂਦਾ ਹੈ। ਵਿਆਹ ਕਰਵਾਉਣ ਦੇ ਕੀ ਕਾਰਨ ਹਨ? ਇਸ ਪ੍ਰਸ਼ਨ ਬਾਰੇ ਨਾ ਸਾਡੀ ਪਿਛਲੀ ਪੀੜ੍ਹੀ ਚੇਤਨ ਸੀ ਅਤੇ ਨਾ ਅਸੀਂ ਹਾਂ। ਚੇਤਨ ਤਾਂ ਕੀ, ਇਹ ਸਵਾਲ ਹੀ ਗ਼ੈਰ-ਹਾਜ਼ਿਰ ਹੈ। ਸਦੀਆਂ ਤੋਂ ਇਹੀ ਭੇਡ-ਚਾਲ ਚੱਲ ਰਹੀ ਹੈ। ਮੇਰੇ ਖਿਆਲ ਅਨੁਸਾਰ ਵਿਆਹ ਕਰਵਾਉਣ ਜਾਂ ਨਾ ਕਰਵਾਉਣ ਦਾ ਫੈਸਲਾ ਕਿਸੇ ਵੀ ਸ਼ਖ਼ਸ ਦੀ ਆਪਣੀ ਚੋਣ ਹੋਣਾ ਚਾਹੀਦਾ ਹੈ।

ਵਿਆਹ ਮਹਿਜ਼ ਇਸ ਲਈ ਨਹੀਂ ਕਰਵਾਇਆ ਜਾਣਾ ਚਾਹੀਦਾ ਕਿ ਵਿਆਹ ਦੀ ਉਮਰ ਹੋ ਗਈ ਹੈ ਜਾਂ ਲੋਕ ਕੀ ਕਹਿਣਗੇ ਜਾਂ ਪਰਿਵਾਰ ਦੇ ਲੋਕ ਵਿਆਹ ਕਰਵਾ ਲੈਣ ਦੀ ਜ਼ਿੱਦ ਕਰ ਰਹੇ ਹਨ। ਸਿਰਫ ਇਨ੍ਹਾਂ ਕਾਰਨਾਂ ਕਰਕੇ ਵਿਆਹ ਕਰਵਾ ਲੈਣਾ ਸਹੀ ਨਹੀਂ ਹੈ। ਵਿਆਹ ਉਦੋਂ ਹੀ ਕਰਵਾਉਣਾ ਚਾਹੀਦਾ ਹੈ, ਜਦੋਂ ਤੁਸੀਂ ਤਿਆਰ ਹੋਵੋ। ਇਹ ਤਿਆਰੀ ਸਰੀਰਕ, ਮਾਨਸਿਕ ਅਤੇ ਆਰਥਿਕ ਪੱਧਰ ਉਤੇ ਹੋਣੀ ਚਾਹੀਦੀ ਹੈ ਪਰ ਅਸੀਂ ਕਿਸੇ ਵੀ ਤਰ੍ਹਾਂ ਦੀ ਤਿਆਰੀ ਬਗੈਰ ਨਵੇਂ ਸਫ਼ਰ ਉਤੇ ਤੁਰ ਪੈਂਦੇ ਹਾਂ। ਸਾਡੇ ਵਿਆਹ ਕਰਵਾਉਣ ਉਤੇ ਤਾਂ ਸਾਰੇ ਜ਼ੋਰ ਦੇਣ ਲੱਗ ਪੈਂਦੇ ਹਨ ਪਰ ਵਿਆਹ ਨੂੰ ਨਿਭਾਉਣ ਲਈ ਸਾਡੇ ਕੋਲ ਕੋਈ ਮਾਡਲ ਨਹੀਂ ਹੈ। ਇਹ ਵੀ ਹੈ ਕਿ ਜਿਵੇਂ ਜ਼ਿੰਦਗੀ ਜਿਉਣ ਦਾ ਕੋਈ ਖਾਸ ਫਾਰਮੂਲਾ ਨਹੀਂ ਹੈ, ਇਸੇ ਤਰ੍ਹਾਂ ਹੀ ਸਫ਼ਲ ਵਿਆਹ ਦਾ ਵੀ ਕੋਈ ਇਕ ਮਾਡਲ ਨਹੀਂ ਹੋ ਸਕਦਾ।

ਮਨੁੱਖ ਸਮਾਜਿਕ ਪ੍ਰਾਣੀ ਹੈ। ਹਰ ਸ਼ਖ਼ਸ ਨੂੰ ਜ਼ਿੰਦਗੀ ਜਿਉਣ ਦੇ ਲਈ ਸਾਥ ਦੀ ਲੋੜ ਹੁੰਦੀ ਹੈ। ਵਿਆਹ ਕੁਝ ਹੱਦ ਤੱਕ ਉਹ ਸਹੂਲਤ ਦੇ ਦਿੰਦਾ ਹੈ। ਵਿਆਹ ਦੋ ਵੱਖਰੀਆਂ ਹਸਤੀਆਂ ਨੂੰ ਇਕ ਰਿਸ਼ਤੇ ਵਿਚ ਬੰਨ੍ਹਦਾ ਹੈ। ਵਿਆਹ ਦਾ ਦੂਜਾ ਨਾਮ ਪ੍ਰਤੀਬੱਧਤਾ ਹੈ: ਜ਼ਿੰਦਗੀ ਦੇ ਉਤਰਾਉ-ਚੜ੍ਹਾਉ ਵਿਚ ਸਾਥ ਨਿਭਾਉਣ ਦੀ। ਇਸ ਸਭ ਲਈ ਧੀਰਜ ਦੀ ਲੋੜ ਹੈ। ਜ਼ਿੰਦਗੀ ਦੇ ਔਖੇ ਸਮੇਂ ਵਿਚ ਹਰ ਸ਼ਖ਼ਸ ਨੂੰ ਸਾਥੀ ਦੀ ਲੋੜ ਹੁੰਦੀ ਹੈ। ਵਿਆਹ ਰਾਹੀਂ ਇਹ ਸੰਭਵ ਹੋ ਸਕਦਾ ਹੈ ਪਰ ਇਸ ਦੇ ਲਈ ਦੋਵੇਂ ਧਿਰਾਂ ਦਾ ਸਹਿਯੋਗ ਮਹੱਤਵਪੂਰਨ ਹੁੰਦਾ ਹੈ। ਵਿਆਹ ਸਾਨੂੰ ਬਿਹਤਰ ਇਨਸਾਨ ਬਣਾ ਸਕਦਾ ਹੈ। ਅਸੀਂ ਆਪਣੇ ਤੋਂ ਇਲਾਵਾ ਦੂਜੇ ਇਨਸਾਨ ਨੂੰ ਪਿਆਰ ਕਰਨਾ ਅਤੇ ਜ਼ਿੰਮੇਵਾਰੀਆਂ ਨਿਭਾਉਣਾ ਸਿੱਖਦੇ ਹਾਂ ਪਰ ਇਸ ਲਈ ਸਭ ਤੋਂ ਅਹਿਮ ਗੱਲ ਆਪਸੀ ਸਮਝ ਦੀ ਹੈ।

ਸੰਸਾਰ ਦੇ ਹੋਰ ਮੁਲਕਾਂ ਦੇ ਮੁਕਾਬਲੇ ਭਾਰਤ ਵਿਚ ਤਲਾਕ ਦਰ ਘੱਟ ਹੈ ਪਰ ਤਲਾਕ ਦਰ ਘੱਟ ਹੋਣਾ ਅਤੇ ਵਿਆਹੁਤਾ ਜ਼ਿੰਦਗੀ ਦਾ ਖ਼ੁਸ਼ਹਾਲ ਹੋਣਾ ਦੋ ਵੱਖਰੀਆਂ ਗੱਲਾਂ ਹਨ। ਭਾਰਤ ਵਿਚ ਤਲਾਕ ਦਰ ਇਸ ਲਈ ਘੱਟ ਹੈ ਕਿਉਂਕਿ ਅਸੀਂ 'ਲੋਕ ਕੀ ਕਹਿਣਗੇ', 'ਸਹੁਰੇ ਘਰੋਂ ਕੁੜੀ ਦੀ ਅਰਥੀ ਹੀ ਨਿਕਲਦੀ ਹੁੰਦੀ ਹੈ' ਆਦਿ ਡਰ ਤੇ ਨਸੀਹਤਾਂ ਵਿਚ ਘਿਰ ਕੇ ਘੁਟ ਘੁਟ ਕੇ ਜਿਉਂਦੇ ਰਹਿੰਦੇ ਹਾਂ। ਅਜਿਹੇ ਹਾਲਾਤ ਵਿਚ ਨਾ ਅਸੀ ਆਪ ਖੁਸ਼ ਹੁੰਦੇ ਹਾਂ ਅਤੇ ਨਾ ਹੀ ਦੂਜੇ ਨੂੰ ਖੁਸ਼ ਰਹਿਣ ਦਿੰਦੇ ਹਾਂ। ਕੀ ਵਿਆਹੁਤਾ ਜੀਵਨ ਇੰਨਾ ਮੁਸ਼ਕਿਲ ਹੈ? ਜ਼ਿੰਦਗੀ ਨੂੰ ਥੋੜ੍ਹੀ ਜਿਹੀ ਸਮਝਦਾਰੀ ਨਾਲ ਸੌਖਾ ਬਣਾਇਆ ਜਾ ਸਕਦਾ ਹੈ। ਇਸ ਲਈ ਸਾਨੂੰ ਸਿਰਫ ਆਪਣੀ ਸੋਚ ਅਤੇ ਆਦਤਾਂ ਬਦਲਣ ਦੀ ਲੋੜ ਹੈ।

ਵਿਆਹ ਮਗਰੋਂ ਸਭ ਤੋਂ ਵੱਧ ਤਬਦੀਲੀ ਦਾ ਸਾਹਮਣਾ ਔਰਤਾਂ ਨੂੰ ਕਰਨਾ ਪੈਂਦਾ ਹੈ। ਕੁੜੀ ਦੇ



ਹਾਰ-ਸ਼ਿੰਗਾਰ, ਪਹਿਰਾਵੇ ਅਤੇ ਘਰੇਲੂ ਕੰਮ-ਕਾਜ ਦੀਆਂ ਜ਼ਿੰਮੇਵਾਰੀਆਂ ਤੋਂ ਲੈ ਕੇ ਹਰ ਪੱਧਰ ਉਤੇ ਬਦਲਾਉ ਦੀ ਇੱਛਾ ਕੀਤੀ ਜਾਂਦੀ ਹੈ। ਉਸ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਜਿਹੜੀ ਜ਼ਿੰਦਗੀ ਹੁਣ ਤੱਕ ਜਿਉਂਦੀ ਆਈ ਹੈ, ਉਹ ਛੱਡ ਕੇ ਨਵੇਂ ਤੌਰ-ਤਰੀਕੇ ਅਪਣਾਏ। ਇਥੇ ਇਸ ਗੱਲ ਦਾ ਕੋਈ ਅਰਥ ਨਹੀਂ ਕਿ ਜਿਸ ਨੇ ਬਦਲਿਆ ਜਾਣਾ ਹੈ, ਉਹ ਇਸ ਬਾਰੇ ਕੀ ਸੋਚਦੀ ਹੈ। ਅਜਿਹਾ ਧੱਕਾ ਔਰਤ ਨੂੰ ਤੋੜ ਦਿੰਦਾ ਹੈ। ਜੇ ਅਸੀਂ ਕਿਸੇ ਪੌਦੇ ਨੂੰ ਜੜ੍ਹਾਂ ਤੋਂ ਪੁੱਟ ਕੇ ਕਿਸੇ ਹੋਰ ਥਾਂ ਉਗਾਉਣ ਦੀ ਕੋਸ਼ਿਸ਼ ਕਰਾਂਗੇ ਤਾਂ ਉਹ ਪੌਦਾ ਵੱਧ-ਫੁੱਲ ਨਹੀਂ ਸਕਦਾ ਪਰ ਇਸ ਦੇ ਬਾਵਜੂਦ ਵਿਆਹ ਦੀ ਸੰਸਥਾ ਔਰਤ ਨੂੰ ਉਸ ਦੇ ਪੁਰਾਣੇ ਮਾਹੌਲ ਵਿਚੋਂ ਕੱਢ ਕੇ ਇਕੋ ਝਟਕੇ ਵਿਚ ਨਵੇਂ ਮਾਹੌਲ ਅਨੁਸਾਰ ਹੋਣ ਲਈ ਮਜਬੂਰ ਕਰਦੀ ਹੈ।

ਇਹ ਸਭ ਤੋਂ ਵੱਡੀ ਗ਼ਲਤੀ ਹੈ ਜਿਹੜੀ ਸਾਡਾ ਸਮਾਜ ਕਰਦਾ ਹੈ। ਕਿਸੇ ਵੀ ਸ਼ਖ਼ਸ ਨੂੰ ਉਸ ਦੀ ਮਰਜ਼ੀ ਬਗੈਰ ਬਦਲਣ ਦੀ ਕੋਸ਼ਿਸ਼ ਕਰਨਾ ਅਤੇ ਫਿਰ ਉਸ ਤੋਂ ਉਮੀਦ ਕਰਨਾ ਕਿ ਉਹ ਦੂਜੇ ਘਰ ਨੂੰ ਖੁਸ਼ੀ ਅਤੇ ਸਮਰਪਣ ਨਾਲ ਅਪਨਾ ਲਵੇ, ਵੱਡੀ ਭੁੱਲ ਹੈ। ਆਪਣੀਆਂ ਜੜ੍ਹਾਂ ਤੋਂ ਟੁੱਟਿਆ ਮਨੁੱਖ ਦੂਜੀ ਥਾਂ ਆਸਾਨੀ ਨਾਲ ਜੁੜ ਨਹੀਂ ਸਕਦਾ। ਇਸ ਲਈ ਜੇ ਔਰਤ ਨੂੰ ਦੂਜੇ ਗ੍ਰਹਿ ਤੋਂ ਆਈ ਵੱਖਰੀ ਹਸਤੀ ਨਾ ਮੰਨ ਕੇ, ਉਸ ਨੂੰ ਆਪਣੇ ਤਰੀਕੇ ਅਨੁਸਾਰ ਜਿਉਣ ਦੀ ਆਜ਼ਾਦੀ ਦਿੱਤੀ ਜਾਵੇ ਤਾਂ ਉਹ ਨਵੇਂ ਘਰ ਨੂੰ ਖੁਸ਼ੀ ਨਾਲ ਅਪਨਾ ਸਕਦੀ ਹੈ।

ਕਿਸੇ ਵੀ ਭਾਰਤੀ ਔਰਤ ਲਈ ਖਾਣਾ ਬਣਾਉਣਾ ਕਿਉਂ ਜ਼ਰੂਰੀ ਹੈ? ਪੜ੍ਹੀ-ਲਿਖੀ ਅਤੇ ਨੌਕਰੀਸ਼ੁਦਾ ਹੋਣ ਦੇ ਬਾਵਜੂਦ ਵੀ ਭਾਰਤੀ ਔਰਤ ਲਈ ਰੋਟੀ ਬਣਾਉਣ ਨੂੰ ਬਹੁਤ ਜ਼ਰੂਰੀ ਗੁਣ ਸਮਝਿਆ ਜਾਂਦਾ ਹੈ। ਜੇ ਉਹ ਰਸੋਈ ਦਾ ਕੰਮ ਨਹੀਂ ਜਾਣਦੀ ਜਾਂ ਰਸੋਈ ਦੀ ਬਜਾਏ ਆਪਣੀਆਂ ਹੋਰ ਤਰਜੀਹਾਂ ਨੂੰ ਪਹਿਲ ਦਿੰਦੀ ਹੈ ਤਾਂ ਉਸ ਨੂੰ ਨਾਲਾਇਕ ਸਮਝਿਆ ਜਾਂਦਾ ਹੈ। ਔਰਤ ਨੂੰ ਰਸੋਈ ਤੋਂ ਬਾਹਰ ਆਪਣੇ ਆਪ ਨੂੰ ਦੇਖਣ ਦੀ ਆਦਤ ਪਾਉਣੀ ਚਾਹੀਦੀ ਹੈ ਅਤੇ ਸਮਾਜ ਨੂੰ ਵੀ ਔਰਤ ਲਈ ਬਹੁਤ ਜ਼ਰੂਰੀ ਕੰਮ ਰਸੋਈ ਨੂੰ ਨਹੀਂ ਸਮਝਣਾ ਚਾਹੀਦਾ। ਸਾਨੂੰ ਆਪਣੀਆਂ ਤਰਜੀਹਾਂ ਨੂੰ ਸਮਝਣਾ ਚਾਹੀਦਾ ਹੈ ਅਤੇ ਦੂਜਿਆਂ ਨੂੰ ਵੀ ਸਮਝਾਉਣਾ ਚਾਹੀਦਾ ਹੈ। ਜੇ ਅਸੀਂ ਇੱਕੀਵੀਂ ਸਦੀ ਵਿਚ ਵੀ ਇਹ ਕੰਮ ਕਰਨ ਜੋਗੇ ਨਹੀਂ ਹੋਏ ਤਾਂ ਇਹ ਸਾਡੀ ਨਾਲਾਇਕੀ ਨਹੀਂ ਤਾਂ ਹੋਰ ਕੀ ਹੈ?

ਭਾਰਤੀ ਮਾਂ-ਬਾਪ ਪੜ੍ਹੇ-ਲਿਖੇ ਹੋ ਕੇ ਵੀ ਆਪਣੇ ਬੱਚਿਆਂ ਨੂੰ ਬਲੂੰਗੜਿਆਂ ਵਾਂਗ ਆਪਣੇ ਨਾਲ ਰੱਖਣਾ ਚਾਹੁੰਦੇ ਹਨ। ਆਪਣੇ ਪੰਜਿਆਂ ਦੇ ਵਿਚ ਕੈਦ ਰੱਖ ਕੇ ਉਨ੍ਹਾਂ ਨੂੰ ਸਕੂਨ ਅਨੁਭਵ ਹੁੰਦਾ ਹੈ। ਉਹ ਇਹ ਨਹੀਂ ਸਮਝਦੇ ਕਿ ਅਨੁਭਵ ਕਮਾਇਆ ਜਾਂਦਾ ਹੈ, ਖੋਹਿਆ ਨਹੀਂ ਜਾਂਦਾ। ਹਰ ਪੀੜ੍ਹੀ ਦੇ ਆਪਣੇ ਅਨੁਭਵ ਹੁੰਦੇ ਹਨ। ਇਥੇ ਔਰਤਾਂ ਨੂੰ ਆਪਣੇ ਆਪ ਉਤੇ ਕੰਮ ਕਰਨ ਦੀ ਲੋੜ ਹੈ। ਉਨ੍ਹਾਂ ਨੂੰ ਆਪਣੀਆਂ ਸੀਮਤ ਸੋਚਾਂ ਅਤੇ ਈਰਖਾਵਾਂ ਤੋਂ ਆਜ਼ਾਦ ਹੋ ਕੇ ਵਿਚਰਨਾ ਚਾਹੀਦਾ ਹੈ।

ਭਾਰਤੀ ਸਮਾਜ ਦੀਆਂ ਔਰਤਾਂ ਦੀ ਇਕ ਹੋਰ ਦਿੱਕਤ ਇਹ ਹੈ ਕਿ ਜੇ ਮੁੰਡਾ ਮਾਂ ਨਾਲ ਕੰਮ ਕਰਾਵੇ ਤਾਂ ਸਾਊ ਤੇ ਲਾਇਕ ਹੈ ਪਰ ਜੇ ਉਹੀ ਮੁੰਡਾ ਘਰਵਾਲੀ ਦੀ ਮਦਦ ਲਈ ਰਸੋਈ ਵੱਲ ਕਦਮ ਪੁੱਟਦਾ ਹੈ ਤਾਂ ਨਾਲਾਇਕ ਜਾਂ ਜ਼ੋਰੂ ਦਾ ਗ਼ੁਲਾਮ ਬਣ ਜਾਂਦਾ ਹੈ। ਕਿਉਂ? ਫਿਰ ਖਾਣਾ ਬਣਾਵੇ ਔਰਤ ਅਤੇ ਪਹਿਲਾਂ ਖਾਣ ਦਾ ਹੱਕ ਮਰਦ ਦਾ ਕਿਉਂ ਹੈ? ਮੁੰਡੇ ਵੀ ਆਪਣੇ ਘਰਦਿਆਂ ਸਾਹਮਣੇ ਘਰਵਾਲੀ ਨਾਲ ਕੰਮ ਕਰਵਾਉਣ ਤੋਂ ਝਿਜਕਦੇ ਹਨ। ਇਹ ਤਾਂ ਪਤੀ-ਪਤਨੀ ਦੀ ਆਪਸੀ ਸਮਝਦਾਰੀ ਨਾਲ ਹੀ ਕਿਸੇ ਰਿਸ਼ਤੇ ਨੂੰ ਚਲਾਉਣਾ ਜਾਂ ਨਿਭਾਉਣਾ ਸੰਭਵ ਹੈ। ਇਸ ਲਈ ਮੁੰਡਿਆਂ ਨੂੰ ਵੀ ਬਿਨਾਂ ਕਿਸੇ ਸੰਕੋਚ ਦੇ ਘਰ ਦੇ ਕੰਮਾਂ ਵਿਚ ਹੱਥ ਵਟਾਉਣਾ ਚਾਹੀਦਾ ਹੈ।

ਅਜਿਹਾ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਸਮਾਜ, ਮਰਦ ਅਤੇ ਔਰਤਾਂ ਨੇ ਵੀ ਆਪਣੇ ਆਪ ਨੂੰ ਨਵੇਂ ਰੂਪ ਵਿਚ ਦੇਖਣਾ ਸਿੱਖਣਾ ਹੈ। ਇਨ੍ਹਾਂ ਨੂੰ ਰਵਾਇਤੀ ਔਰਤ ਨਾਲ ਵਿਚਰਨ ਦੀ ਹੀ ਆਦਤ ਹੈ। ਬਦਲ ਰਹੇ ਸਮੇਂ ਨਾਲ ਬਦਲ ਰਹੀਆਂ ਔਰਤਾਂ ਅਤੇ ਉਨ੍ਹਾਂ ਦੀ ਜੀਵਨ-ਜਾਚ ਨੂੰ ਅਸੀਂ ਹੀ ਸਮੇਂ ਦੇ ਹਾਣ ਦੀ ਬਣਾਉਣਾ ਹੈ। ਇਹ ਤਾਂ ਹੀ ਸੰਭਵ ਹੈ, ਜੇ ਔਰਤਾਂ ਮਰਦਾਂ ਨੂੰ ਆਪਣੇ ਨਾਲ ਕੰਮ ਕਰਨਾ ਸਿਖਾਉਣਗੀਆਂ। ਇਹ ਕੰਮ ਉਹ ਔਰਤਾਂ ਨਹੀਂ ਕਰ ਸਕਦੀਆਂ ਜਿਹੜੀਆਂ ਪਤੀ ਨੂੰ ਪਰਮੇਸ਼ਵਰ ਬਣਾ ਕੇ ਆਪਣੇ ਤੋਂ ਇਕ ਦੂਰੀ ਉਤੇ ਖੜ੍ਹਾ ਕਰ ਦਿੰਦੀਆਂ ਹਨ ਅਤੇ ਫਿਰ ਉਸ ਪਰਮੇਸ਼ਵਰ ਤੋਂ ਲੱਤਾਂ ਖਾਂਦੀਆਂ ਹੋਈਆਂ ਉਸ ਨੂੰ ਪੂਜੀ ਜਾਂਦੀਆਂ ਹਨ। ਪਤੀ-ਪਤਨੀ ਦਾ ਰਿਸ਼ਤਾ ਜੀਵ ਅਤੇ ਆਤਮਾ ਵਾਲਾ ਨਹੀਂ, ਹਮਰਾਹੀਆਂ ਵਾਲਾ ਹੁੰਦਾ ਹੈ ਜਿਸ ਵਿਚ ਦੋਵਾਂ ਨੂੰ ਬਰਾਬਰ ਜ਼ਿੰਮੇਵਾਰੀਆਂ ਨਿਭਾਉਣੀਆਂ ਚਾਹੀਦੀਆਂ ਹਨ।

ਇੱਥੇ ਕੁੜੀਆਂ ਨੂੰ ਵੀ ਇਹ ਸਮਝਣਾ ਚਾਹੀਦਾ ਹੈ ਕਿ ਜਿੱਥੇ ਉਨ੍ਹਾਂ ਉਤੇ ਬਦਲਣ ਦਾ ਦਬਾਅ ਹੁੰਦਾ ਹੈ, ਉੱਥੇ ਪਰਿਵਾਰ ਦੇ ਹੋਰ ਜੀਅ ਵੀ ਖੁਦ ਨੂੰ ਨਵੇਂ ਰਿਸ਼ਤਿਆਂ ਵਿਚ ਢਾਲ ਰਹੇ ਹੁੰਦੇ ਹਨ। ਦੋਹਾਂ ਧਿਰਾਂ ਨੂੰ ਨਵੇਂ ਰਿਸ਼ਤਿਆਂ ਨੂੰ ਆਕਾਰ ਲੈਣ ਵਿਚ ਥੋੜ੍ਹਾ ਸਮਾਂ ਦੇਣਾ ਚਾਹੀਦਾ ਹੈ। ਹਰ ਰਿਸ਼ਤੇ ਦੀ ਆਪਣੀ ਖ਼ੂਬਸੂਰਤੀ ਹੁੰਦੀ ਹੈ। ਮਾਂ-ਬਾਪ, ਪਤੀ-ਪਤਨੀ ਜਾਂ ਦੋਸਤੀ ਵਰਗੇ ਰਿਸ਼ਤੇ ਸਾਰਿਆਂ ਦੀ ਜ਼ਿੰਦਗੀ ਵਿਚ ਹੁੰਦੇ ਹਨ ਪਰ ਇਸ ਦੇ ਬਾਵਜੂਦ ਹਰ ਬੰਦੇ ਦਾ ਇਨ੍ਹਾਂ ਰਿਸ਼ਤਿਆਂ ਨਾਲ ਰਿਸ਼ਤਾ ਵੱਖਰਾ ਹੁੰਦਾ ਹੈ। ਕਿਸੇ ਵੀ ਤਰ੍ਹਾਂ ਦਾ ਬੋਝ ਰਿਸ਼ਤਿਆਂ ਨੂੰ ਤੋੜ ਸਕਦਾ ਹੈ। ਇਸ ਲਈ ਸਭ ਤੋਂ ਪਹਿਲਾਂ ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਰਿਸ਼ਤਿਆਂ ਉਤੇ ਫਾਲਤੂ ਬੋਝ ਨਾ ਲੱਦੀਏ।

# ਦਾਸਤਾਂ ਕਾਲੇਪਾਣੀ ਦੇ ਕੈਦੀਆਂ ਦੀ...

ਮੁਹੰਮਦ ਅੱਬਾਸ ਧਾਲੀਵਾਲ

ਕਾਲੇਪਾਣੀ ਦੀ ਜੇਲ੍ਹ ਦਾ ਨਾਂ ਜ਼ਿਹਨ ਵਿਚ ਆਉਂਦਿਆਂ ਹੀ ਮਨ ਵਿਚੋਂ ਹੌਲਨਾਕ ਤਸੀਹਿਆਂ ਦੇ ਖ਼ਿਆਲ ਲੰਘਦੇ ਨੇ। ਬਰਤਾਨਵੀ ਰਾਜ ਵੇਲੇ ਇਸ ਜੇਲ੍ਹ ਵਿਚ ਜ਼ਿਆਦਾਤਰ ਦੇਸ਼ ਭਗਤ ਯੋਧੇ ਹੀ ਕੈਦੀ ਹੋਇਆ ਕਰਦੇ ਸਨ। ਇਨ੍ਹਾਂ ਵਿਚ








ਜ਼ਿਆਦਾਤਰ ਕੈਦੀ ਭਾਰਤ ਦੇ ਦੋ ਸੂਬਿਆਂ ਪੰਜਾਬ ਅਤੇ ਬੰਗਾਲ ਵਿਚੋਂ ਹੁੰਦੇ ਸਨ। ਉਕਤ ਕੈਦੀਆਂ ਵਿਚੋਂ ਡਾ. ਦੀਵਾਨ ਸਿੰਘ, ਸ. ਸੋਹਣ ਸਿੰਘ, ਫਜ਼ਲ-ਏ-ਹੱਕ ਖੈਰਾਬਾਦੀ, ਯੋਗਿੰਦਰ ਸ਼ੁਕਲਾ, ਬਟੁਕੇਸ਼ਵਰ ਦੱਤ, ਬਰਿੰਦਰ ਕੁਮਾਰ ਘੋਸ਼ ਆਦਿ ਦੇ ਨਾਂ ਦਰਜ ਹਨ।

ਉਕਤ ਜੇਲ੍ਹ ਵਿਚ ਵਧੇਰੇ ਗਿਣਤੀ ਪੰਜਾਬ ਅਤੇ ਪੱਛਮੀ ਬੰਗਾਲ ਦੇ ਯੋਧਿਆਂ ਦੀ ਸੀ, ਇਸ ਲਈ ਦੇਸ਼ ਦੇ ਹਰ ਨਾਗਰਿਕ ਵਿਸ਼ੇਸ਼ ਤੌਰ 'ਤੇ ਪੰਜਾਬੀਆਂ ਤੇ ਬੰਗਾਲੀਆਂ ਨੇ ਗਾਹੇ-ਬਗਾਹੇ ਅਕਸਰ ਕਾਲੇਪਾਣੀ ਦੀ ਜੇਲ੍ਹ ਦਾ ਨਾਮ ਸੁਣਿਆ ਹੋਵੇਗਾ। ਉਂਜ, ਅਸੀਂ ਪੰਜਾਬ ਦੇ ਵਸਨੀਕ ਆਪਣੇ ਬਚਪਨ ਤੋਂ ਹੀ ਇਸ ਜੇਲ੍ਹ ਦਾ ਨਾਂ ਸੁਣਦੇ ਆਏ ਹਾਂ।

ਕਾਲੇਪਾਣੀ ਦੀ ਜੇਲ੍ਹ ਨੂੰ ਸੈਲਿਊਲਰ ਜੇਲ੍ਹ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਜੇਲ੍ਹ ਅੰਡੇਮਾਨ ਨਿਕੋਬਾਰ ਦੀਪ ਸਮੂਹ ਦੀ ਰਾਜਧਾਨੀ ਪੋਰਟ ਬਲੇਅਰ ਨੇੜੇ ਸਥਿਤ ਹੈ। ਇਸ ਦਾ ਨਿਰਮਾਣ 1896 ਅਤੇ 1906 ਦੇ ਵਿਚਕਾਰ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਜਦੋਂ ਤਕ ਇਹ ਕਾਲੇਪਾਣੀ ਦੀ ਜੇਲ੍ਹ ਨਹੀਂ ਸੀ ਬਣੀ, ਉਦੋਂ ਕੈਦੀਆਂ ਨੂੰ ਖੁੱਲ੍ਹੇ ਆਸਮਾਨ ਹੇਠ ਵਾਈਪਰ ਆਈਲੈਂਡ (ਜੋ ਜ਼ਹਿਰੀਲੇ ਸੱਪਾਂ ਵਾਲੇ ਟਾਪੂ ਵਜੋਂ ਵੀ ਜਾਣਿਆ ਜਾਂਦਾ ਸੀ) ਉਤੇ ਲਿਜਾ ਕੇ ਛੱਡ ਦਿੱਤਾ ਜਾਂਦਾ ਸੀ। ਇਸ ਥਾਂ ਤੋਂ ਕਿਸੇ ਵੀ ਕੈਦੀ ਦੇ ਭੱਜ ਜਾਣ ਦਾ ਡਰ ਨਹੀਂ ਸੀ ਹੁੰਦਾ ਕਿਉਂਕਿ ਇਸ ਦੇ ਦਸ ਹਜ਼ਾਰ ਕਿਲੋਮੀਟਰ ਤਕ ਸਿਰਫ ਸਮੁੰਦਰ ਹੀ ਸਮੁੰਦਰ ਸੀ। ਇਸ ਟਾਪੂ ਉਤੇ ਦਿਨੇ ਤਾਂ ਕੈਦੀਆਂ ਤੋਂ ਜੇਲ੍ਹ ਬਣਾਉਣ ਲਈ ਲੋੜੀਂਦੀ ਲੱਕੜ ਕਟਵਾਈ ਜਾਂਦੀ ਤੇ ਰਾਤ ਪੈਂਦੇ ਹੀ ਉਨ੍ਹਾਂ ਨੂੰ ਭੁੱਖੇ-ਪਿਆਸਿਆਂ ਦਰੱਖਤਾਂ ਨਾਲ ਬੰਨ੍ਹ ਦਿੱਤਾ ਜਾਂਦਾ। ਇਸ ਦੌਰਾਨ ਵੱਡਾ ਦੁਖਾਂਤ ਇਹ ਵਾਪਰਦਾ ਕਿ ਸਵੇਰ ਹੋਣ ਤਕ ਵਧੇਰੇ ਕੈਦੀ ਸੱਪਾਂ ਦੇ ਡੰਗਣ ਨਾਲ ਮੌਤ ਦਾ ਲੁਕਮਾ ਬਣ ਜਾਂਦੇ। ਮਰ ਚੁੱਕੇ ਇਨ੍ਹਾਂ ਕੈਦੀਆਂ ਨੂੰ ਬਿਨਾਂ ਕਿਸੇ ਕਾਇਦੇ-ਕਾਨੂੰਨ ਦੇ ਹੀ ਸਮੁੰਦਰ ਵਿਚ ਰੋੜ੍ਹ ਦਿੱਤਾ ਜਾਂਦਾ। ਮੋਟੀਆਂ ਲੱਕੜਾਂ ਪਹਾੜੀ ਉਤੇ ਚੜ੍ਹਾਉਣ ਲਈ ਕੈਦੀਆਂ ਦੇ ਮਗਰ ਰੱਸੇ ਪਾ ਕੇ ਲੱਕੜੀਆਂ ਨੂੰ ਬੰਨ੍ਹ ਦਿੱਤਾ ਜਾਂਦਾ ਸੀ ਤੇ ਪਿੱਛੋਂ ਪਸ਼ੂਆਂ ਵਾਂਗ ਉਨ੍ਹਾਂ ਦੇ ਗਿੱਟਿਆਂ ਉਤੇ ਉਦੋਂ ਤਕ ਸੋਟੀਆਂ ਮਾਰੀਆਂ ਜਾਂਦੀਆਂ ਜਦੋਂ ਤਕ ਉਹ ਲੱਕੜ ਨੂੰ ਖਿੱਚ ਕੇ ਪਹਾੜੀ ਉੱਪਰ ਚੜ੍ਹਾ ਨਹੀਂ ਸਨ ਦਿੰਦੇ। ਇਸ ਦੌਰਾਨ ਜੇਕਰ ਕੋਈ ਕੈਦੀ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਅਸਮਰੱਥ ਰਹਿੰਦਾ ਤਾਂ ਉਸ ਨੂੰ ਵੀ ਬੇਹੋਸ਼ ਹੋ ਜਾਣ ਤਕ ਕੁੱਟਿਆ ਜਾਂਦਾ।

ਕਾਲੇਪਾਣੀ ਦੀ ਉਕਤ ਸੈਲਿਊਲਰ ਜੇਲ੍ਹ ਨੂੰ ਮਜ਼ਬੂਤੀ ਪ੍ਰਦਾਨ ਕਰਨ ਦੇ ਨਾਲ ਨਾਲ ਬਣਤਰ ਪੱਖੋਂ ਇਸ ਢੰਗ ਨਾਲ ਗੁਪਤ ਬਣਾਇਆ ਗਿਆ ਹੈ ਕਿ ਇਕ ਕੈਦੀ ਦੂਜੇ ਕੈਦੀ ਦੀ ਸ਼ਕਲ ਤਕ ਨਹੀਂ ਸੀ ਵੇਖ ਸਕਦਾ। ਕੈਦੀਆਂ ਲਈ ਬਣਾਈਆਂ ਗਈਆਂ ਕਾਲ ਕੋਠੜੀਆਂ ਜਾਂ ਸੈੱਲਾਂ ਦੀ ਲੰਬਾਈ 13.5 ਫੁੱਟ ਅਤੇ ਚੌੜਾਈ 7 ਫੁੱਟ ਹੈ। ਹਰ ਸੈੱਲ ਵਿਚ ਦਸ ਫੁੱਟ ਲੰਬਾ ਅਤੇ ਇਕ ਫੁੱਟ ਚੌੜਾ ਰੌਸ਼ਨਦਾਨ ਬਣਾਇਆ ਹੋਇਆ ਹੈ। ਇਕ ਸੈੱਲ ਵਿਚ ਇਕ ਕੈਦੀ ਨੂੰ ਹੀ ਰੱਖਿਆ ਜਾਂਦਾ ਸੀ। ਇਸ ਦੇ ਨਾਲ ਹੀ ਸੈੱਲ ਵਿਚ ਲੋਹੇ ਦਾ ਇਕ ਭਾਰਾ ਕੋਹਲੂ ਅਤੇ ਇਕ ਚੱਕੀ ਲਗਾਈ ਗਈ ਸੀ। ਕੈਦ ਬਾਮੁਸ਼ੱਕਤ ਦੌਰਾਨ ਹਰ ਕੈਦੀ ਲਈ ਰੋਜ਼ਾਨਾ 25 ਕਿਲੋ ਨਾਰੀਅਲ ਦਾ ਤੇਲ ਕੱਢਣਾ ਜ਼ਰੂਰੀ ਸੀ। ਜਿਹੜਾ ਕੈਦੀ ਕਿਸੇ ਦਿਨ 25 ਕਿਲੋ ਤੇਲ ਨਾ ਕੱਢ ਸਕਦਾ, ਉਸ ਨੂੰ ਬੇਤਹਾਸ਼ਾ ਮਾਰਿਆ ਕੁੱਟਿਆ ਜਾਂਦਾ ਸੀ। ਸੈੱਲ ਭਾਵ ਕਾਲ ਕੋਠੜੀਆਂ ਵਿਚ ਬਿਜਲੀ ਦੀ ਰੌਸ਼ਨੀ ਦਾ ਕੋਈ ਇੰਤਜ਼ਾਮ ਨਹੀਂ ਸੀ। ਕਾਲ ਕੋਠੜੀਆਂ ਵਿਚੋਂ ਕੈਦੀਆਂ ਨੂੰ ਉਦੋਂ ਹੀ ਕੱਢਿਆ ਜਾਂਦਾ ਸੀ, ਜਦੋਂ ਉਨ੍ਹਾਂ ਤੋਂ ਕੋਈ ਕੰਮ ਕਰਵਾਉਣਾ ਹੁੰਦਾ ਸੀ ਜਾਂ ਫਿਰ ਕੈਦੀਆਂ ਨੂੰ ਤਸੀਹੇ ਦੇਣੇ ਹੁੰਦੇ ਸਨ। ਜਦੋਂ ਵੀ ਕੋਈ ਕੈਦੀ ਮਾੜੇ ਖਾਣੇ ਜਾਂ ਮਾੜੇ ਜੇਲ੍ਹ ਪ੍ਰਬੰਧ ਬਾਰੇ ਇਤਰਾਜ਼ ਜਾਂ ਆਵਾਜ਼ ਉਠਾਉਣ ਦੀ ਕੋਸ਼ਿਸ਼ ਕਰਦਾ ਤਾਂ ਉਸ ਨੂੰ ਇਕ ਖਾਸ ਤਰ੍ਹਾਂ ਦੇ ਸ਼ਿਕੰਜੇ ਵਿਚ ਕਸ ਕੇ ਉਦੋਂ ਤਕ ਕੋਰੜੇ ਮਾਰੇ ਜਾਂਦੇ, ਜਦੋਂ ਤਕ ਉਸ ਦੀ ਪਿੱਠ ਦਾ ਮਾਸ ਨਹੀਂ ਸੀ ਉਧੜ ਜਾਂਦਾ।

ਜੇਲ੍ਹ ਵਿਚ ਹਰ ਕੈਦੀ ਨੂੰ ਸਿਰਫ ਦੋ ਭਾਂਡੇ ਹੀ ਦਿੱਤੇ ਜਾਂਦੇ- ਇਕ ਲੋਹੇ ਅਤੇ ਇਕ ਮਿੱਟੀ ਦਾ। ਲੋਹੇ ਦੇ ਭਾਂਡੇ ਵਿਚ ਖਾਣਾ ਦਿੱਤਾ ਜਾਂਦਾ ਜਿਸ ਦੇ ਫਲਸਰੂਪ ਖਾਣਾ

(ਬਾਕੀ ਸਫਾ 22 'ਤੇ)

# 13 ਅਪਰੈਲ 1919 ਤੋਂ ਬਾਅਦ : ਮਾਰਸ਼ਲ ਲਾਅ ਅਤੇ ਇਸ ਦੇ ਅਧੀਨ ਮੁਕੱਦਮੇ

ਗੁਰਦੇਵ ਸਿੰਘ ਸਿੱਧੂ

ਪੰਜਾਬ ਸਰਕਾਰ ਨੇ ਅੰਮ੍ਰਿਤਸਰ ਅਤੇ ਲਾਹੌਰ ਜ਼ਿਲ੍ਹਿਆਂ ਵਿਚ ਵਿਗੜ ਰਹੇ ਹਾਲਾਤ ਨੂੰ ਵੇਖਦਿਆਂ 13 ਅਪਰੈਲ ਨੂੰ ਹੀ ਮਾਰਸ਼ਲ ਲਾਅ ਲਾਉਣ ਬਾਰੇ ਬੇਨਤੀ ਹਿੰਦੁਸਤਾਨ ਸਰਕਾਰ ਵੱਲ ਭੇਜ ਦਿੱਤੀ ਸੀ। ਇਸ ਵਿਚ ਲਿਖਿਆ ਗਿਆ ਸੀ ਕਿ ਮਾਰਸ਼ਲ ਲਾਅ ਲਾਉਂਦਿਆਂ ਸਾਧਾਰਨ ਫ਼ੌਜਦਾਰੀ ਅਦਾਲਤਾਂ ਦਾ ਕੰਮਕਾਰ ਮਨਸੂਖ ਕਰ ਕੇ ਦੋਸ਼ੀਆਂ ਦੇ ਮਾਮਲਿਆਂ ਦੀ ਸੁਣਵਾਈ ਬੰਗਾਲ ਰੈਗੂਲੇਸ਼ਨ ਐਕਟ 1804 ਦੀ ਧਾਰਾ 2 ਤਹਿਤ ਕੀਤੀ ਜਾਵੇ। ਹਿੰਦੁਸਤਾਨ ਸਰਕਾਰ ਨੇ ਉਸੇ ਦਿਨ ਮਾਰਸ਼ਲ ਲਾਅ ਆਰਡੀਨੈਂਸ, 1919 ਜਾਰੀ ਕਰਦਿਆਂ ਪੰਜਾਬ ਸਰਕਾਰ ਦੀ ਬੇਨਤੀ ਇਸ ਸੋਧ ਨਾਲ ਪ੍ਰਵਾਨ ਕੀਤੀ ਕਿ ਮੁਕੱਦਮੇ ਕੋਰਟ ਮਾਰਸ਼ਲ ਦੀ ਥਾਂ ਡਿਫੈਂਸ ਆਫ ਇੰਡੀਆ ਐਕਟ ਅਧੀਨ ਸਥਾਪਤ ਟ੍ਰਿਬਿਊਨਲਾਂ ਜਿਹੇ ਟ੍ਰਿਬਿਊਨਲਾਂ ਵਿਚ ਸੁਣੇ ਜਾਣ। ਸੰਚਾਰ ਸਾਧਨਾਂ ਵਿਚ ਰੁਕਾਵਟ ਹੋਣ ਕਾਰਨ ਪੰਜਾਬ ਸਰਕਾਰ ਨੂੰ ਹਿੰਦੁਸਤਾਨ ਸਰਕਾਰ ਦੀ ਪ੍ਰਵਾਨਗੀ ਦੇਰ ਨਾਲ ਪੁੱਜੀ ਜਿਸ ਕਾਰਨ ਮਾਰਸ਼ਲ ਲਾਅ 15 ਅਪਰੈਲ ਤੋਂ ਲਾਗੂ ਹੋ ਸਕਿਆ। ਇਸ ਪਿੱਛੋਂ ਪੰਜਾਬ ਸਰਕਾਰ ਨੇ ਗੁੱਜਰਾਂਵਾਲੇ ਵਿਚ 14 ਅਪਰੈਲ ਦੀਆਂ ਘਟਨਾਵਾਂ ਵੇਖਦਿਆਂ ਉੱਥੇ ਮਾਰਸ਼ਲ ਲਾਅ ਲਾਉਣ ਦੀ ਪ੍ਰਵਾਨਗੀ ਮੰਗੀ ਅਤੇ ਇਸ ਬਾਰੇ ਹਿੰਦੁਸਤਾਨ ਸਰਕਾਰ ਵੱਲੋਂ ਮਾਰਸ਼ਲ ਲਾਅ ਆਰਡੀਨੈਂਸ 2, 1919, ਰਾਹੀਂ ਦਿੱਤੀ ਪ੍ਰਵਾਨਗੀ ਉਪਰੰਤ ਇਸ ਦਾ ਐਲਾਨ 16 ਅਪਰੈਲ ਨੂੰ ਹੋਇਆ। ਇਸ ਆਰਡੀਨੈਂਸ ਦੁਆਰਾ ਗਵਰਨਰ ਜਨਰਲ ਨੂੰ ਹੋਰ ਕਿਧਰੇ ਸਥਿਤੀ ਗੰਭੀਰ ਹੋ ਜਾਣ ਦੀ ਸੂਰਤ ਵਿਚ ਮਾਰਸ਼ਲ ਲਾਅ ਲਾਉਣ ਦਾ ਅਧਿਕਾਰ ਵੀ ਦਿੱਤਾ ਗਿਆ। ਗੁਜਰਾਤ ਜ਼ਿਲ੍ਹੇ ਵਿਚ ਕਈ ਥਾਵਾਂ ਉੱਤੇ ਰੇਲ ਪਟੜੀ ਉਖਾੜਨ ਦੀਆਂ ਘਟਨਾਵਾਂ ਦੇ ਮੱਦੇਨਜ਼ਰ ਉੱਥੇ 19 ਅਪਰੈਲ ਅਤੇ ਲਾਇਲਪੁਰ ਜ਼ਿਲ੍ਹੇ ਵਿਚ ਬਦਅਮਨੀ ਪਿੰਡਾਂ ਵੱਲ ਵਧਦੀ ਵੇਖ ਉਸ ਜ਼ਿਲ੍ਹੇ ਵਿਚ 24 ਅਪਰੈਲ ਨੂੰ ਮਾਰਸ਼ਲ ਲਾਅ ਲਾਇਆ ਗਿਆ। ਇਉਂ ਅੱਗੋਂ ਪਿੱਛੋਂ ਕਰ ਕੇ ਪੰਜ ਜ਼ਿਲ੍ਹੇ- ਅੰਮ੍ਰਿਤਸਰ, ਲਾਹੌਰ, ਗੁੱਜਰਾਂਵਾਲਾ, ਗੁਜਰਾਤ ਅਤੇ ਲਾਇਲਪੁਰ- ਮਾਰਸ਼ਲ ਲਾਅ ਦੀ ਮਾਰ ਹੇਠ ਆਏ।



**ਮਾਰਸ਼ਲ ਲਾਅ ਲਾਗੂ ਹੋਣ ਨਾਲ ਪੰਜਾਬ ਸਰਕਾਰ ਨੂੰ ਇਹ ਅਧਿਕਾਰ ਮਿਲ ਗਏ:**

1. ਤਿੰਨ ਵਿਅਕਤੀਆਂ, ਜਿਨ੍ਹਾਂ ਵਿਚੋਂ ਘੱਟੋ ਘੱਟ ਦੋ ਨੇ ਸੈਸ਼ਨ ਜੱਜ ਜਾਂ ਵਧੀਕ ਸੈਸ਼ਨ ਜੱਜ ਵਜੋਂ ਤਿੰਨ ਸਾਲ ਤੋਂ ਵੱਧ ਸੇਵਾ ਕੀਤੀ ਹੋਵੇ, ਜਾਂ ਗੌਰਮਿੰਟ ਆਫ ਇੰਡੀਆ ਐਕਟ ਦੀ ਧਾਰਾ 101 ਅਨੁਸਾਰ ਹਾਈ ਕੋਰਟ ਦਾ ਜੱਜ ਨਿਯੁਕਤ ਹੋ ਸਕਣ ਦੀ ਯੋਗਤਾ ਰੱਖਦੇ ਹੋਣ, ਉੱਤੇ ਆਧਾਰਿਤ ਕਮਿਸ਼ਨ ਕਾਇਮ ਕਰਨਾ।

2. ਕਮਿਸ਼ਨ ਨੂੰ ਇੰਡੀਆ ਆਰਮੀ ਐਕਟ, 1911 ਤਹਿਤ ਜਨਰਲ ਕੋਰਟ ਮਾਰਸ਼ਲ ਕਰਨ ਦਾ ਅਧਿਕਾਰ ਦੇਣਾ ਅਤੇ ਜੇ ਲੋੜ ਪਵੇ ਤਾਂ ਇਸ ਐਕਟ ਅਧੀਨ ਮਾਮਲਿਆਂ ਨੂੰ ਸਮਰੀ ਜਨਰਲ ਕੋਰਟ ਮਾਰਸ਼ਲ ਵਜੋਂ ਸੁਣਨ ਲਈ ਅਧਿਕ੍ਰਿਤ ਕਰਨਾ।

3. ਇਹ ਐਲਾਨ ਕਰਨਾ ਕਿ ਕਮਿਸ਼ਨ ਦੁਆਰਾ ਸੁਣਾਈ ਸਜ਼ਾ ਦੀ ਕਿਸੇ ਹੋਰ ਕੋਲੋਂ ਪੁਸ਼ਟੀ ਕਰਵਾਉਣ ਦੀ ਲੋੜ ਨਹੀਂ।

4. ਇਨ੍ਹਾਂ ਕਮਿਸ਼ਨਾਂ ਨੂੰ 13 ਅਪਰੈਲ ਤੋਂ ਪਿੱਛੋਂ ਹੋਏ ਜੁਰਮਾਂ ਨਾਲ ਸਬੰਧਿਤ ਮਾਮਲਿਆਂ ਦੀ ਸੁਣਵਾਈ ਤਕ ਸੀਮਿਤ ਕਰਨਾ।

ਅੰਮ੍ਰਿਤਸਰ ਅਤੇ ਲਾਹੌਰ ਵਿਚ ਮਾਰਸ਼ਲ ਲਾਅ ਦਾ ਐਲਾਨ ਕੀਤੇ ਜਾਣ ਉੱਤੇ 16ਵੀਂ ਡਿਵੀਜ਼ਨ ਦੇ ਜਨਰਲ ਅਫ਼ਸਰ ਕਮਾਂਡਿੰਗ ਨੇ 19 ਅਪਰੈਲ ਨੂੰ ਜਾਰੀ ਕੀਤੇ ਐਲਾਨ ਵਿਚ ਇਨ੍ਹਾਂ ਦੋਸ਼ਾਂ ਨੂੰ ਮਾਰਸ਼ਲ ਲਾਅ ਅਧੀਨ ਸੁਣੇ ਜਾਣ ਵਾਲੇ ਦੋਸ਼ ਦੱਸਿਆ:

1. ਰਾਜ ਖਿਲਾਫ਼ ਹਥਿਆਰ ਚੁੱਕਣੇ ਜਾਂ ਅਜਿਹਾ ਕਰਨ ਲਈ ਹੋਰਾਂ ਨੂੰ ਉਕਸਾਉਣਾ।
2. ਬਾਗ਼ੀਆਂ ਦੀ ਪੁਸ਼ਤਪਨਾਹੀ ਕਰਨੀ ਜਾਂ ਉਨ੍ਹਾਂ ਦੀ ਮਦਦ ਕਰਨੀ।
3. ਬਾਗ਼ੀਆਂ ਦੇ ਇਕੱਠੇ ਹੋਣ ਬਾਰੇ ਸੂਚਨਾ ਨਾ ਦੇਣਾ।
4. ਬੋਲ ਕੇ ਜਾਂ ਛਾਪ ਕੇ ਬਗ਼ਾਵਤ ਕਰਨ ਲਈ ਉਕਸਾਉਣਾ ਜਾਂ ਸ਼ਹਿਨਸ਼ਾਹ ਦੀ ਰਿਆਇਆ ਦੇ ਵਿਭਿੰਨ ਵਰਗਾਂ ਵਿਚ ਦੁਸ਼ਮਣੀ ਪੈਦਾ ਕਰਨਾ।
5. ਰੇਲਵੇ, ਨਹਿਰਾਂ ਜਾਂ ਟੈਲੀਗ੍ਰਾਫ ਸਿਸਟਮ ਵਿਚ ਦਖਲਅੰਦਾਜ਼ੀ।
6. ਬਿਨਾਂ ਲਾਇਸੈਂਸ ਮੋਟਰ ਵਾਹਨ ਕਬਜ਼ੇ ਵਿਚ ਰੱਖਣਾ।
7. ਲਾਈਆਂ ਗਈਆਂ ਸ਼ਰਤਾਂ ਦੀ ਪਾਲਣਾ ਬਿਨਾਂ ਪ੍ਰਤਿਬੰਧਤ ਖੇਤਰ ਵਿਚ ਤੋਂ ਪਰਵੇਸ਼ ਰਵਾਨਗੀ।
8. ਪੰਜ ਤੋਂ ਵੱਧ ਵਿਅਕਤੀਆਂ ਦੀ ਮੀਟਿੰਗ ਬੁਲਾਉਣੀ ਜਾਂ ਅਜਿਹੀ ਮੀਟਿੰਗ ਵਿਚ ਸ਼ਾਮਲ ਹੋਣਾ।
9. ਕਾਨੂੰਨੀ ਹਿਰਾਸਤ ਵਿਚੋਂ ਭੱਜਣਾ ਜਾਂ ਭੱਜਣ ਦਾ ਯਤਨ ਕਰਨਾ।
10. ਮਾਰਸ਼ਲ ਲਾਅ ਨੂੰ ਅਮਲ ਵਿਚ ਲਿਆਉਣ ਵਾਲੇ ਸਿਵਲ ਜਾਂ ਫ਼ੌਜੀ ਅਧਿਕਾਰੀ ਵੱਲੋਂ ਆਪਣੀ ਡਿਊਟੀ ਦੀ ਪੂਰਤੀ ਲਈ ਦਿੱਤੇ ਹੁਕਮ ਨੂੰ ਨਾ ਮੰਨਣਾ।
11. ਖ਼ਤਰੇ ਜਾਂ ਨਿਰਾਸ਼ਾ ਦੀ ਭਾਵਨਾ ਪੈਦਾ ਕਰਨ ਵਾਲੀ ਝੂਠੀ ਅਫ਼ਵਾਹ ਫੈਲਾਉਣਾ।
12. ਮਾਰਸ਼ਲ ਲਾਅ ਦੀਆਂ ਸੂਚਨਾਵਾਂ ਨੂੰ ਨਸ਼ਟ ਕਰਨਾ।
13. ਪੁੱਛੇ ਜਾਣ ਉੱਤੇ ਸਹੀ ਨਾਂ ਪਤਾ ਦੱਸਣ ਤੋਂ ਇਨਕਾਰ ਕਰਨਾ।
14. ਚੰਗੇ ਪ੍ਰਬੰਧ ਜਾਂ ਜਨਤਕ ਸੁਰੱਖਿਆ ਦੇ ਵਿਰੁੱਧ, ਜਾਂ ਜਾਣਬੁੱਝ ਕੇ ਸ਼ਹਿਨਸ਼ਾਹ ਦੀ ਸੈਨਾ ਨੂੰ ਅੜਚਣ ਵਿਚ ਪਾਉਣ, ਜਾਂ ਪੁੱਠੇ ਰਾਹ ਪਾਉਣ ਲਈ ਕੀਤੀ ਕੋਈ ਕਾਰਵਾਈ।

ਹੋਰ ਜਿਹੜੇ ਜ਼ਿਲ੍ਹਿਆਂ ਵਿਚ ਮਾਰਸ਼ਲ ਲਾਅ ਲਾਗੂ ਹੋਇਆ ਉੱਥੇ ਵੀ ਇਸ ਤਰ੍ਹਾਂ ਦੇ ਹੁਕਮ ਜਾਰੀ ਕੀਤੇ ਗਏ।

ਮਾਰਸ਼ਲ ਲਾਅ ਆਰਡੀਨੈਂਸ 1919 ਦੀ ਲੋਅ ਵਿਚ ਚਾਰ ਮਾਰਸ਼ਲ ਲਾਅ ਕਮਿਸ਼ਨ ਸਥਾਪਤ ਕੀਤੇ ਗਏ ਜਿਨ੍ਹਾਂ ਵਿਚ ਬਦਅਮਨੀ ਦੌਰਾਨ ਹੋਏ ਵੱਡੇ ਦੋਸ਼ਾਂ ਦੀ ਸੁਣਵਾਈ ਹੋਣੀ ਸੀ। ਬੇਸ਼ੱਕ ਕਮਿਸ਼ਨ ਬਣਾਉਣ ਦੇ ਪਹਿਲੇ ਹੁਕਮ ਵਿਚ ਕਮਿਸ਼ਨ ਦੁਆਰਾ 13 ਅਪਰੈਲ ਜਾਂ ਇਸ ਪਿੱਛੋਂ ਵਾਪਰੀਆਂ ਘਟਨਾਵਾਂ ਵਿਚ ਸ਼ਾਮਲ ਦੋਸ਼ੀਆਂ ਦੇ ਮੁਕੱਦਮੇ ਸੁਣੇ ਜਾਣ ਬਾਰੇ ਕਿਹਾ ਗਿਆ ਸੀ, ਪਰ ਪਿੱਛੋਂ ਆਰਡੀਨੈਂਸ ਨੰਬਰ 4 ਜਾਰੀ ਕਰਕੇ ਇਹ ਮਿਤੀ 30 ਮਾਰਚ ਕਰ ਦਿੱਤੀ ਗਈ। ਮਾਰਸ਼ਲ ਲਾਅ ਆਰਡੀਨੈਂਸ 1919 ਦੀ ਲੋਅ ਵਿਚ ਇਨ੍ਹਾਂ ਕਮਿਸ਼ਨਾਂ ਨੇ ਸਮਰੀ ਜਨਰਲ ਕੋਰਟ ਮਾਰਸ਼ਲ ਦੀ ਤਰਜ਼ ਉੱਤੇ ਕੰਮ ਕਰਨਾ ਸੀ। ਇਨ੍ਹਾਂ ਲਈ ਫ਼ੈਸਲਾ ਲਿਖਣਾ ਲਾਜ਼ਮੀ ਨਹੀਂ ਸੀ ਅਤੇ ਨਾ ਇਨ੍ਹਾਂ ਦੇ ਫ਼ੈਸਲੇ ਖਿਲਾਫ਼ ਪ੍ਰਿਵੀ ਕੌਂਸਲ ਤੋਂ ਬਿਨਾਂ ਕਿਸੇ ਹੋਰ ਅਦਾਲਤ ਵਿਚ ਅਪੀਲ ਕੀਤੀ ਜਾ ਸਕਦੀ ਸੀ। ਇਹ ਸਿਰਫ਼ ਇਕੋ ਇਕ ਮੌਤ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਦੇ ਸਕਦੇ ਸਨ। ਜਦੋਂ ਪੰਜਾਬ ਸਰਕਾਰ ਨੇ ਹਿੰਦੁਸਤਾਨ ਸਰਕਾਰ ਨੂੰ ਲਿਖਿਆ ਕਿ ਉਪਰੋਕਤ ਸਜ਼ਾ ਸਭਨਾਂ ਦੋਸ਼ੀਆਂ ਨੂੰ ਇਕਸਾਰ ਨਹੀਂ ਦਿੱਤੀ ਜਾ ਸਕਦੀ ਤਾਂ 18 ਅਪਰੈਲ 1919 ਨੂੰ ਆਰਡੀਨੈਂਸ ਨੰਬਰ 4 ਜਾਰੀ ਕਰਦਿਆਂ ਉਪਰੋਕਤ ਦੇ ਨਾਲ ਉਮਰ ਕੈਦ ਜਾਂ ਸੱਤ ਸਾਲ ਤੋਂ ਉੱਪਰ ਕੈਦ ਕਾਲੇਪਾਣੀ; ਜਾਂ ਸੱਤ ਸਾਲ ਤੋਂ ਉੱਤੇ 14 ਸਾਲ ਤਕ ਦੀ ਸਖ਼ਤ ਕੈਦ ਦੀ ਸਜ਼ਾ ਦੇਣ ਦਾ ਅਧਿਕਾਰ ਵੀ ਦਿੱਤਾ ਗਿਆ।

ਮਾਰਸ਼ਲ ਲਾਅ ਅਧੀਨ ਐਲਾਨੇ ਆਮ ਜੁਰਮਾਂ ਦੇ ਮੁਜਰਮਾਂ ਦੇ ਮੁਕੱਦਮੇ ਦੀ ਸੁਣਵਾਈ ਸਮਰੀ ਅਦਾਲਤਾਂ ਵਿਚ ਤਾਇਨਾਤ ਅਧਿਕਾਰੀਆਂ ਵੱਲੋਂ ਕੀਤੀ ਜਾਣੀ ਸੀ। ਚੂਹੜਕਾਣਾ ਵਿਚ ਦੋ, ਗੁੱਜਰਾਂਵਾਲਾ ਵਿਚ ਦੋ, ਰਾਮ ਨਗਰ ਵਿਚ ਇਕ, ਵਜ਼ੀਰਾਬਾਦ ਵਿਚ ਚਾਰ, ਗੁਜਰਾਤ ਵਿਚ ਇਕ, ਮਲਕਵਾਲ ਵਿਚ ਇਕ, ਲਾਲਾ ਮੂਸਾ ਵਿਚ ਇਕ, ਸਾਂਗਲਾ ਹਿਲ ਵਿਚ ਇਕ, ਲਾਇਲਪੁਰ ਵਿਚ ਦੋ, ਤਰਨਤਾਰਨ ਵਿਚ ਇਕ, ਅੰਮ੍ਰਿਤਸਰ ਵਿਚ ਛੇ, ਹਾਫਿਜ਼ਾਬਾਦ ਵਿਚ ਦੋ, ਪੱਟੀ ਵਿਚ ਇਕ ਅਤੇ ਲਾਹੌਰ ਵਿਚ ਪੰਦਰਾਂ ਸਮਰੀ ਅਦਾਲਤਾਂ ਸਥਾਪਤ ਕੀਤੀਆਂ ਗਈਆਂ। ਇਹ ਅਧਿਕਾਰੀ ਦੋਸ਼ੀ ਨੂੰ ਦੋ ਸਾਲ ਦੀ ਕੈਦ ਬਾਮੁਸ਼ੱਕਤ ਜਾਂ 1,000 ਰੁਪਏ ਤਕ ਜੁ-ਰਮਾਨਾ ਜਾਂ ਦੋਵੇਂ ਅਤੇ ਕਿਸੇ ਹੋਰ ਸਜ਼ਾ ਤੋਂ ਵਾਧੂ ਜਾਂ ਬਦਲ ਵਿਚ ਕੋਰੜੇ ਮਾਰਨ ਦੀ ਸਜ਼ਾ ਦੇ ਸਕਦੇ ਸਨ। ਇਸ ਤਰ੍ਹਾਂ ਨਿਯੁਕਤ ਕੀਤੇ ਜਾਣ ਵਾਲੇ ਅਧਿਕਾਰੀ ਨੂੰ ਏਰੀਆ ਅਫ਼ਸਰ ਕਿਹਾ ਜਾਣਾ ਸੀ ਅਤੇ ਇਸ ਮੰਤਵ ਲਈ ਵਿਸ਼ੇਸ਼ ਤੌਰ ਉੱਤੇ ਨਿਯੁਕਤ ਕੀਤੇ ਜਾਣ ਵਾਲੇ ਅਧਿਕਾਰੀਆਂ ਤੋਂ ਬਿਨਾਂ ਹਰ ਸਟੇਸ਼ਨ ਜਾਂ ਰੈਜੀਮੈਂਟ ਦਾ ਕਮਾਂਡਿੰਗ ਅਫ਼ਸਰ, ਹਰ ਫੀਲਡ ਅਫ਼ਸਰ ਅਤੇ ਬ੍ਰਿਗੇਡ ਦਾ ਕਮਾਂਡਿੰਗ ਅਫ਼ਸਰ; ਅਤੇ ਸਥਾਨਕ ਸਰਕਾਰ ਜਾਂ ਅਫ਼ਸਰ ਕਮਾਂਡਿੰਗ ਲਾਹੌਰ ਸ਼ਹਿਰ ਵੱਲੋਂ ਨਾਮਜ਼ਦ ਅਫ਼ਸਰ ਵੀ ਇਸ ਵਰਗ ਵਿਚ ਸ਼ਾਮਲ ਸਨ। 30 ਮਾਰਚ ਤੋਂ 19 ਅਪਰੈਲ ਤਕ ਹੋਏ ਹਿੰਦ ਡੰਡਾਵਲੀ ਅਧੀਨ ਆਉਂਦੇ ਛੋਟੇ ਜੁਰਮਾਂ ਦੀ ਸੁਣਵਾਈ ਸਿਵਲ ਅਫ਼ਸਰਾਂ ਦੀ ਪ੍ਰਧਾਨਗੀ ਹੇਠ ਕੰਮ ਕਰਨ ਵਾਲੀਆਂ ਸਮਰੀ ਕੋਰਟਾਂ ਵਿਚ ਅਤੇ ਮਾਰਸ਼ਲ ਲਾਅ ਰੈਗੂਲੇਸ਼ਨ ਦੀ ਉਲੰਘਣਾ ਦੇ ਦੋਸ਼ਾਂ ਦੀ ਸੁਣਵਾਈ ਫ਼ੌਜੀ ਅਫ਼ਸਰਾਂ ਦੀ ਪ੍ਰਧਾਨਗੀ ਹੇਠਲੀਆਂ ਸਮਰੀ ਕੋਰਟਾਂ ਵਿਚ ਹੋਣੀ ਸੀ।

ਅਦਾਲਤੀ ਕਾਰਵਾਈ ਲਈ ਮਾਮਲੇ ਪੁਲਿਸ ਨੇ ਤਿਆਰ ਕੀਤੇ ਅਤੇ 1918 ਵਿਅਕਤੀਆਂ ਨੂੰ ਕਸੂਰਵਾਰ ਐਲਾਨ ਕੇ ਹਿਰਾਸਤ ਵਿਚ ਲਿਆ, ਪਰ 739 ਵਿਅਕਤੀਆਂ ਵਿਰੁੱਧ ਕੋਈ ਦੋਸ਼ ਲਾਏ ਬਿਨਾਂ ਉਨ੍ਹਾਂ ਨੂੰ ਛੱਡ ਦਿੱਤਾ। ਬੇਕਸੂਰ ਐਲਾਨ ਕੇ ਛੱਡੇ ਗਿਆਂ ਵਿਚ ਸਭ ਤੋਂ ਘੱਟ ਸਮੇਂ ਲਈ ਪੁਲੀਸ ਹਿਰਾਸਤ ਵਿਚ ਰਹਿਣ ਵਾਲਾ ਕਸੂਰ ਸ਼ਹਿਰ ਦਾ ਵਸਨੀਕ ਦੁਕਾਨਦਾਰ ਮੁਹੰਮਦ ਦੀਨ ਸੀ ਜਿਸ ਨੂੰ 1 ਮਈ 1919 ਨੂੰ ਗ੍ਰਿਫ਼ਤਾਰ ਕਰ ਕੇ ਇਸੇ ਦਿਨ ਛੱਡ ਦਿੱਤਾ ਗਿਆ। ਸਭ ਤੋਂ ਵਧੇਰੇ ਦਿਨਾਂ ਲਈ ਪੁਲੀਸ ਹਿਰਾਸਤ ਵਿਚ ਰੱਖੇ ਜਾਣ ਵਾਲੇ ਸ਼ਖ਼ਸ ਟ੍ਰਿਬਿਊਨ ਅਖ਼ਬਾਰ ਦੇ ਟਰੱਸਟੀ ਡਾ. ਮਨੋਹਰ ਲਾਲ ਪੁੱਤਰ ਸ੍ਰੀ ਸੀਤਲ ਪ੍ਰਸਾਦ ਸਨ ਜਿਨ੍ਹਾਂ ਨੂੰ ਟ੍ਰਿਬਿਊਨ ਅਖ਼ਬਾਰ ਵਿਚ ਭੜਕਾਊ ਲੇਖ ਛਪਣ ਦਾ ਜ਼ਿੰਮੇਵਾਰ ਦੱਸ ਕੇ 28 ਦਿਨ ਹਿਰਾਸਤ ਵਿਚ ਰੱਖਣ ਉਪਰੰਤ ਦੋਸ਼ ਮੁਕਤ ਕੀਤਾ ਗਿਆ।

ਪੁਲੀਸ ਵੱਲੋਂ ਤਿਆਰ ਕੀਤੇ ਮੁਕੱਦਮਿਆਂ ਦੀ ਸਰਕਾਰੀ ਮਸ਼ੀਰ ਨੇ ਨਿਰਖ ਪਰਖ ਕਰ ਕੇ ਜਿਨ੍ਹਾਂ ਵਿਰੁੱਧ ਮੁੱਢਲੇ ਤੌਰ ਉੱਤੇ ਦੋਸ਼ ਨਹੀਂ ਸੀ ਬਣਦਾ, ਉਨ੍ਹਾਂ ਨੂੰ ਰਿਹਾਅ ਕਰਵਾ ਦਿੱਤਾ। ਅਜਿਹਾ 80 ਦੇ ਕਰੀਬ ਮਾਮਲਿਆਂ ਵਿਚ ਹੋਇਆ।

ਕਮਿਸ਼ਨਾਂ ਨੇ 23 ਅਪਰੈਲ ਤੋਂ ਕੰਮ ਕਰਨਾ ਸ਼ੁਰੂ ਕੀਤਾ ਅਤੇ ਤੇਜ਼ੀ ਨਾਲ ਮਾਮਲੇ ਨਿਪਟਾਏ। ਉਨ੍ਹਾਂ ਸਾਹਮਣੇ 114 ਮੁਕੱਦਮੇ ਪੇਸ਼ ਕੀਤੇ ਗਏ ਜਿਨ੍ਹਾਂ ਵਿਚ ਮੁਲਜ਼ਮਾਂ ਦੀ ਗਿਣਤੀ 832 ਸੀ। ਬਹੁਤੇ ਮੁਲਜ਼ਮਾਂ ਖਿਲਾਫ਼ ਮਾਮਲਾ ਬਗ਼ਾਵਤ ਦਾ ਸੀ। ਇਸ ਲਈ ਵਧੇਰੇ ਮਾਮਲਿਆਂ ਵਿਚ ਸਖ਼ਤ ਸਜ਼ਾ ਸੁਣਾਈ ਗਈ। ਸੁਣਾਏ ਗਏ ਫ਼ੈਸਲਿਆਂ ਅਨੁਸਾਰ 108 ਨੂੰ ਫਾਂਸੀ, 265 ਨੂੰ ਉਮਰ ਕੈਦ ਕਾਲੇਪਾਣੀ, 2 ਨੂੰ 14 ਸਾਲ ਕੈਦ ਕਾਲੇਪਾਣੀ, 5 ਨੂੰ 10 ਸਾਲ ਕੈਦ, 85 ਨੂੰ 7 ਸਾਲ ਕੈਦ ਅਤੇ 104 ਨੂੰ ਹੋਰ ਛੋਟੀ ਅਵਧੀ ਲਈ ਕੈਦ ਦੀ ਸਜ਼ਾ ਦਿੱਤੀ ਗਈ।

ਸਮਰੀ ਅਦਾਲਤਾਂ ਵਿਚ ਸੁਣੇ ਗਏ ਮੁਕੱਦਮਿਆਂ ਵਿਚ 1179 ਮੁਲਜ਼ਮਾਂ ਵਿਚੋਂ 817 ਨੂੰ ਸਜ਼ਾ ਸੁਣਾਈ ਗਈ। ਸਜ਼ਾਯਾਫ਼ਤਾ ਮੁਜਰਮਾਂ ਵਿਚ 296 ਵੱਧ ਤੋਂ ਵੱਧ ਹੋ ਸਕਦੀ ਦੋ ਸਾਲ ਦੀ ਕੈਦ ਅਤੇ 233 ਇਕ ਤੋਂ ਦੋ ਸਾਲ ਦੀ ਕੈਦ ਦੀ ਸਜ਼ਾ ਵਾਲੇ ਸਨ। ਇਕਵੰਜਾ ਨੂੰ ਕੋਰੜੇ ਮਾਰਨ ਦੀ ਸਜ਼ਾ ਦਿੱਤੀ ਗਈ। ਇਨ੍ਹਾਂ ਵਿਚੋਂ ਵਧੇਰੇ ਗਿਣਤੀ ਚੂਹੜਕਾਣਾ ਉਪ ਮੰਡਲ ਅਤੇ ਲਾਇਲਪੁਰ ਵਿਚੋਂ ਸੀ।

### ਸਜ਼ਾਵਾਂ ਵਿਚ ਨਰਮੀ

ਜਿਉਂ ਹੀ ਮਾਰਸ਼ਲ ਲਾਅ ਖ਼ਤਮ ਹੋਇਆ ਅਤੇ ਸਿਵਲ ਹਕੂਮਤ ਨੇ ਕੰਮ ਕਰਨਾ ਸ਼ੁਰੂ ਕੀਤਾ ਤਾਂ ਸਥਾਨਕ ਸਰਕਾਰ ਵੱਲੋਂ ਕੀਤਾ ਜਾਣ ਵਾਲਾ ਪਹਿਲਾ ਕੰਮ ਮਾਰਸ਼ਲ ਲਾਅ ਅਧੀਨ ਸਥਾਪਤ ਕਮਿਸ਼ਨਾਂ ਅਤੇ ਸਮਰੀ ਅਦਾਲਤਾਂ ਵੱਲੋਂ ਐਲਾਨੀਆਂ ਸਜ਼ਾਵਾਂ ਬਾਰੇ ਮੁੜ ਵਿਚਾਰ ਸੀ। ਸਜ਼ਾਵਾਂ ਬਾਰੇ ਰਾਜ ਸਰਕਾਰ ਦੁਆਰਾ ਕੀਤੀ ਵਿਚਾਰ ਦਾ ਸਿੱਟਾ ਇਹ ਨਿਕਲਿਆ: ਕਮਿਸ਼ਨਾਂ ਨੇ 108 ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਸੀ ਜੋ ਸੋਧ ਹੋਣ ਪਿੱਛੋਂ 23 ਨੂੰ ਫਾਂਸੀ, 23 ਨੂੰ ਉਮਰ ਕੈਦ ਕਾਲੇਪਾਣੀ, 26 ਨੂੰ ਦਸ ਸਾਲ ਸਖ਼ਤ ਕੈਦ, 14 ਨੂੰ ਸੱਤ ਸਾਲ ਕੈਦ, 1 ਨੂੰ ਛੇ ਸਾਲ ਕੈਦ, 10 ਨੂੰ ਪੰਜ ਸਾਲ ਕੈਦ ਅਤੇ 11 ਨੂੰ ਇਕ ਤੋਂ ਚਾਰ ਸਾਲ ਤਕ ਕੈਦ ਦੀ ਸਜ਼ਾ ਰਹਿ ਗਈ। ਕਾਲੇਪਾਣੀ ਦੀ ਸਜ਼ਾ ਸੁਣਾਏ ਗਏ 265 ਵਿਚੋਂ ਸਿਰਫ਼ ਦੋ ਨੂੰ ਹੀ ਇਹ ਸਜ਼ਾ ਰਹੀ ਅਤੇ ਪੰਜ ਦੋਸ਼ੀਆਂ ਨੂੰ ਸਜ਼ਾਮੁਕਤ ਕਰ ਦਿੱਤਾ ਗਿਆ। ਬਾਕੀ 258 ਵਿਚੋਂ ਦੋ ਨੂੰ ਦਸ ਸਾਲ ਕੈਦ ਅਤੇ ਬਾਕੀਆਂ ਨੂੰ ਇਕ ਤੋਂ ਸੱਤ ਸਾਲ ਕੈਦ ਦੀ ਸਜ਼ਾ ਰਹਿ ਗਈ। 14 ਅਤੇ 10 ਸਾਲ ਲਈ ਕਾਲੇਪਾਣੀ ਭੇਜਣ ਦੀ ਸਜ਼ਾ ਵਾਲਿਆਂ ਦੀ ਸਜ਼ਾ ਘਟਾ ਕੇ ਤਿੰਨ ਸਾਲ ਕੈਦ ਕਰ ਦਿੱਤੀ ਗਈ। ਕਮਿਸ਼ਨਾਂ ਨੇ 191 ਦੋਸ਼ੀਆਂ ਨੂੰ ਘੱਟ ਵੱਧ ਸਮੇਂ ਲਈ ਕੈਦ ਦੀ ਸਜ਼ਾ ਸੁਣਾਈ ਸੀ ਜਿਨ੍ਹਾਂ ਵਿਚੋਂ 53 ਨੂੰ ਦਿੱਤੀ ਸਜ਼ਾ ਬਰਕਰਾਰ ਰਹੀ; 2 ਨੂੰ ਸਜ਼ਾਮੁਕਤ ਕਰ ਦਿੱਤਾ ਗਿਆ। ਬਾਕੀ 136 ਦੀ ਸਜ਼ਾ ਪਹਿਲਾਂ ਸੁਣਾਈ ਸਜ਼ਾ ਨਾਲੋਂ ਇਉਂ ਘਟਾਈ ਗਈ ਕਿ ਔਸਤਨ ਪੌਣੇ ਛੇ ਸਾਲ ਦੀ ਥਾਂ ਪੌਣੇ ਦੋ ਸਾਲ ਰਹਿ ਗਈ।

ਇਉਂ ਹੀ ਸਮਰੀ ਕੋਰਟਾਂ ਵਿਚ 766 ਵਿਅਕਤੀਆਂ ਨੂੰ ਸਜ਼ਾ ਸੁਣਾਈ ਗਈ ਸੀ। ਇਨ੍ਹਾਂ ਵਿਚੋਂ 188 ਨੂੰ ਸਰਕਾਰ ਨੇ ਰਿਹਾਅ ਕਰ ਦਿੱਤਾ ਅਤੇ 428 ਦੀ ਸਜ਼ਾ ਘਟਾ ਕੇ ਲਗਭਗ ਅੱਧੀ ਕਰ ਦਿੱਤੀ ਗਈ।

ਦਿਨ ਬੀਤਣ ਨਾਲ ਹਕੂਮਤ ਵੱਲੋਂ ਉਤਸ਼ਾਹਿਤ ਕੀਤੇ ਜਾਣ ਦੇ ਫਲਸਰੂਪ ਸਰਕਾਰਪ੍ਰਸਤ ਲੋਕਾਂ ਦੀਆਂ ਇਕੱਤਰਤਾਵਾਂ ਵਿਚ ਸਰਕਾਰ ਦੇ ਪੱਖ ਵਿਚ ਮਤੇ ਪ੍ਰਵਾਨ ਕੀਤੇ ਜਾਣ ਲੱਗੇ। ਸਥਿਤੀ ਵਿਚ ਸੁਧਾਰ ਹੋਇਆ ਵੇਖ ਕੇ 23 ਮਈ ਨੂੰ ਲਾਹੌਰ, ਅੰਮ੍ਰਿਤਸਰ ਅਤੇ ਗੁੱਜਰਾਂਵਾਲਾ ਜ਼ਿਲ੍ਹਿਆਂ ਦੇ ਪੇਂਡੂ ਇਲਾਕਿਆਂ ਅਤੇ ਸਮੁੱਚੇ ਜ਼ਿਲ੍ਹਾ ਗੁਜਰਾਤ ਵਿਚੋਂ ਮਾਰਸ਼ਲ ਲਾਅ ਹਟਾ ਲਿਆ ਗਿਆ, ਪਰ ਰੇਲ ਪਟੜੀ ਨੂੰ ਇਸ ਛੋਟ ਤੋਂ ਬਾਹਰ ਰੱਖਿਆ ਗਿਆ। 28 ਮਈ ਨੂੰ ਸਮੁੱਚੇ ਜ਼ਿਲ੍ਹਾ ਲਾਇਲਪੁਰ ਅਤੇ ਜ਼ਿਲ੍ਹਾ ਅੰਮ੍ਰਿਤਸਰ; ਅਤੇ ਜ਼ਿਲ੍ਹਾ ਗੁੱਜਰਾਂਵਾਲਾ ਦੇ ਰਹਿੰਦੇ ਖੇਤਰਾਂ; ਅਤੇ ਕਸੂਰ ਮਿਉਂਸਪਲ ਖੇਤਰ ਨੂੰ ਵੀ ਮਾਰਸ਼ਲ ਲਾਅ ਤੋਂ ਮੁਕਤ ਕਰ ਦਿੱਤਾ ਗਿਆ, ਪਰ ਇਹ ਰੇਲ ਪਟੜੀ ਉੱਤੇ ਲਾਗੂ ਰਿਹਾ। ਜ਼ਿਲ੍ਹਾ ਲਾਹੌਰ ਲਈ ਅਜਿਹਾ ਹੁਕਮ 11 ਜੂਨ ਨੂੰ ਜਾਰੀ ਹੋਇਆ। 25 ਅਗਸਤ 1919 ਨੂੰ ਸਾਰੇ ਜ਼ਿਲ੍ਹਿਆਂ ਵਿਚ ਰੇਲ ਪਟੜੀਆਂ ਤੋਂ ਮਾਰਸ਼ਲ ਲਾਅ ਹਟਾਉਣ ਨਾਲ ਪ੍ਰਾਂਤ ਨੂੰ ਇਸ ਕਹਿਰੀ ਕਾਨੂੰਨ ਤੋਂ ਮੁਕਤੀ ਤਾਂ ਮਿਲ ਗਈ, ਪਰ ਇਸ ਅਰਸੇ ਦੌਰਾਨ ਹੋਈਆਂ ਵਧੀਕੀਆਂ ਦੀਆਂ ਘਟਨਾਵਾਂ 'ਇਨਸਾਫ਼ ਪਸੰਦ' ਹੋਣ ਦੇ ਦਮਗਜੇ ਮਾਰਨ ਵਾਲੀ ਸਰਕਾਰ ਦੇ ਮੱਥੇ ਉੱਤੇ ਸਦਾ ਰਹਿਣ ਵਾਲਾ ਕਲੰਕ ਬਣ ਗਈਆਂ।

Low Rate Loans



Real Estate Loans
Construction Loans
Commercial Loans
Business Loans
Apartment Loans
Loans up to $30 Million

Credit or income problems are welcome

ਜੇ ਤੁਹਾਡਾ ਕਰੈਡਿਟ ਨਹੀਂ ਜਾਂ ਇਨਕਮ ਘੱਟ ਹੈ, ਕੋਈ ਗੱਲ ਨਹੀਂ, ਬੱਸ ਇਕ ਵਾਰ ਫੋਨ ਕਰੋ

For more information Call:-

(408) 307-6331

# ਅਫ਼ਗਾਨਿਸਤਾਨ ਦੀਆਂ ਔਰਤਾਂ ਜੋ ਆਪਣੇ ਹੱਕ ਦੁਬਾਰਾ ਗੁਆਉਣਾ ਨਹੀ ਚਾਹੁੰਦੀਆਂ

18 ਸਾਲ ਦੀ ਓਗਾਈ ਵਾਰਦਾਕ ਦਾ ਜਦੋਂ ਤਾਲੀਬਾਨ ਲੜਾਕਿਆਂ ਨਾਲ ਆਹਮੋ-ਸਾਹਮਣੇ ਹੋਇਆ ਤਾਂ ਉਸ ਦਾ ਡਰ ਤੁਰੰਤ ਹੀ ਇੱਕ ਸੰਭਾਵਨਾ ਵਿੱਚ ਬਦਲ ਗਿਆ।

ਜਦੋਂ ਮੈਂ ਉਸ ਨੂੰ ਕਾਬੁਲ 'ਚ ਸਿਰਫ਼ ਔਰਤਾਂ ਲਈ ਚਲਾਏ ਜਾਂਦੇ ਟੈਲੀਵਿਜ਼ਨ ਚੈਨਲ ਜ਼ੈਨ ਟੀਵੀ ਸਟੂਡੀਓ 'ਚ ਮਿਲੀ ਤਾਂ ਉਸ ਨੇ ਮੈਨੂੰ ਦੱਸਿਆ , "ਉਨ੍ਹਾਂ ਦੇ ਚਿਹਰੇ 'ਤੇ ਡਰ ਸੀ ਪਰ ਉਹ ਦਿਆਲੂ ਸਨ।"

ਇੱਕ ਨੌਜਵਾਨ ਕੁੜੀ ਦੱਸਦੀ ਹੈ, "ਹੁਣ ਦਾ ਇਹ ਤਾਲਿਬਾਨ ਅਤੀਤ ਵਰਗਾ ਨਹੀਂ ਹੈ ਅਤੇ ਨਾ ਹੀ ਮੈਨੂੰ ਸੁਣਾਈਆਂ ਗਈਆਂ ਡਰਾਉਣੀਆਂ ਕਹਾਣੀਆਂ ਵਾਲਾ।"

ਸਖ਼ਤ ਸ਼ਾਸਨ ਤੋਂ ਬਾਅਦ ਇਹ ਸਖ਼ਤ ਰੂੜੀਵਾਦੀ ਸਮਾਜ ਬਦਲ ਗਿਆ ਹੈ।

ਇਹ ਇੱਕ ਅਜਿਹੀ ਕਹਾਣੀ ਹੈ ਜੋ ਪ੍ਰੇਰਿਤ ਤਾਂ ਕਰਦੀ ਹੈ ਪਰ ਨਾਲ ਹੀ ਡਰਾਵਨੀ ਵੀ ਹੈ। ਦੇਸ ਨੂੰ ਅਜੇ ਵੀ ਅਕਸਰ "ਔਰਤਾਂ ਲਈ ਬੇਹੱਦ ਖ਼ਰਾਬ ਕਿਹਾ ਜਾਂਦਾ ਹੈ"।

ਇੱਥੇ ਔਰਤਾਂ ਦੀ ਸਾਖਰਤਾ ਦਰ 17 ਫੀਸਦ ਹੈ ਅਤੇ ਇਸ ਦੇ ਬਾਵਜੂਦ ਔਰਤਾਂ ਨੇ ਪਿਛਲੀ ਅਫ਼ਗਾਨ ਸੰਸਦ 'ਚ ਕਰੀਬ ਇੱਕ ਚੌਥਾਈ ਸੀਟਾਂ ਆਪਣੇ ਕੋਲ ਰੱਖੀਆਂ।

**'ਅਸੀਂ ਅਜੇ ਵੀ ਸੰਘਰਸ਼ ਕਰ ਰਹੇ ਹਾਂ'**

ਦਫ਼ਤਰਾਂ 'ਚ ਔਰਤਾਂ ਦੀ ਗਿਣਤੀ 'ਚ ਮਹੱਤਵਪੂਰਨ ਵਾਧਾ ਹੋਇਆ ਹੈ ਪਰ ਅਜੇ ਬਹੁਤ ਸਾਰੀਆਂ ਔਰਤਾਂ ਕੈਦ ਵਿੱਚ ਹੀ ਜੀਵਨ ਬਿਤਾ ਰਹੀਆਂ ਹਨ ਤੇ ਆਪਣੀ ਜ਼ਿੰਦਗੀ ਬਾਰੇ ਘਟ ਹੀ ਬੋਲਦੀਆਂ ਹਨ। ਆਪਣਾ ਨਾਮ ਲੈਂਦਿਆਂ ਹੋਇਆ ਡਰਨ ਵਾਲੀ ਇੱਕ ਨੌਜਵਾਨ ਕੁੜੀ, ਜਿਸ ਨੇ ਗੁਲਾਬੀ ਸਕਾਰਫ ਪਾਇਆ ਹੋਇਆ ਸੀ, ਨੇ ਮੈਨੂੰ ਦੱਸਿਆ, "ਜਦੋਂ ਮੈਂ ਆਪਣੀ ਕਲਾਸ 'ਚ ਪਹਿਲੇ ਨੰਬਰ 'ਤੇ ਆਈ ਤਾਂ ਮੈਂ ਆਪਣੇ ਪਿਤਾ ਨੂੰ ਕਿਹਾ ਕਿ ਮੈਂ ਭਵਿੱਖ ਬਣਾਉਣ ਲਈ ਯੂਨੀਵਰਸਿਟੀ ਜਾਣਾ ਚਾਹੁੰਦੀ ਹਾਂ"

"ਪਰ ਉਨ੍ਹਾਂ ਨੇ ਮੈਨੂੰ ਗੋਲੀ ਮਾਰਨ ਦੀ ਧਮਕੀ ਦਿੱਤੀ ਅਤੇ ਕਿਹਾ ਤੈਨੂੰ ਉਹੀ ਮੰਨਣਾ ਪਵੇਗਾ ਜੋ ਤੇਰੇ ਪਿਤਾ ਕਹਿਣਗੇ।" ਇਸ ਤੋਂ ਇਲਾਵਾ ਅਸੀਂ ਕਾਬੁਲ ਦੀਆਂ ਹੋਰ ਅਜਿਹੀਆਂ ਔਰਤਾਂ ਨਾਲ ਮਿਲੇ, ਜਿਨ੍ਹਾਂ ਨੇ ਜ਼ਬਰੀ ਵਿਆਹ, ਘਰੇਲੂ ਹਿੰਸਾ ਤੇ ਅਖ਼ੀਰ ਬਚ ਨਿਕਲਣ ਵਾਲੀਆਂ ਕਹਾਣੀਆਂ ਦੱਸੀਆਂ। ਉਨ੍ਹਾਂ 'ਚੋਂ ਇੱਕ ਨੇ ਦੱਸਿਆ, "ਮੈਂ ਤਾਲਿਬਾਨ ਵੇਲੇ ਆਪਣੇ ਘਰ ਦੇ ਇੱਕ ਗੁਪਤ ਕਮਰੇ 'ਚ ਕੁੜੀਆਂ ਨੂੰ ਪੜ੍ਹਾਇਆ।" ਹਾਲਾਂਕਿ, ਉਹ ਵੀ ਆਪਣਾ ਨਾਮ ਲੈਣ ਤੋਂ ਡਰ ਰਹੀ ਸੀ। ਉਨ੍ਹਾਂ ਨੇ ਅੱਗੇ ਦੱਸਿਆ, "ਅਸੀਂ ਅਜੇ ਵੀ ਸੰਘਰਸ਼ ਕਰ ਰਹੇ ਹਾਂ।" ਪਰ ਉਨ੍ਹਾਂ ਦਾ ਇਹ ਡਰ ਉਨ੍ਹਾਂ ਦੇ ਅੰਦਰ ਸੰਘਰਸ਼ਮਈ ਜਜ਼ਬਾ ਭਰ ਰਿਹਾ।

ਗੁਲਾਬੀ ਸਕਾਰਫ ਵਾਲੀ ਕੁੜੀ ਨੇ ਦੱਸਿਆ ਕਿ ਕਿਵੇਂ ਉਸ ਦੇ ਪਿਤਾ ਨੇ ਉਸ ਨੂੰ ਕਰੀਬ ਡੇਢ ਮਹੀਨੇ ਤੱਕ ਹਨੇਰੇ ਕਮਰੇ 'ਚ ਉਦੋਂ ਤੱਕ ਕੈਦ ਕਰਕੇ ਰੱਖਿਆ ਸੀ, ਜਦੋਂ ਤੱਕ ਉਸ ਨੇ ਉਨ੍ਹਾਂ ਦੀ ਮਰਜ਼ੀ ਵਾਲੇ ਆਦਮੀ ਨਾਲ ਵਿਆਹ ਕਰਵਾਉਣ ਲਈ ਹਾਂ ਨਹੀਂ ਕੀਤੀ। ਉਨ੍ਹਾਂ ਨੇ ਕਿਹਾ, "ਮੈਨੂੰ ਲਗਦਾ ਹੈ ਔਰਤਾਂ ਨੂੰ ਸੰਘਰਸ਼ ਦੀ ਲੋੜ ਹੈ।"

"ਅਫ਼ਗਾਨਿਸਤਾਨ 'ਚ ਕਈ ਪੜ੍ਹੇ-ਲਿਖੇ ਲੋਕ ਹਨ ਅਤੇ ਮੇਰੇ ਵਰਗੀਆਂ ਪੜ੍ਹੀਆਂ-ਲਿਖੀਆਂ ਕੁੜੀਆਂ ਨੂੰ ਆਵਾਜ਼ ਚੁੱਕਣੀ ਚਾਹੀਦੀ ਹੈ ਅਤੇ ਆਪਣੇ ਪਰਿਵਾਰ ਤੇ ਸਮਾਜ ਨੂੰ ਸਮਝਾਉਣ ਦੀ ਲੋੜ ਹੈ।" ਕਾਬੁਲ ਦੀ ਹੋਰੀਆਨਾ ਫਿਟਨੈਸ ਜਿਮ 'ਚ ਕਿਸੇ ਤਰ੍ਹਾਂ ਬੇਲੋੜੀਂਦੇ ਲੋਕਾਂ ਨੂੰ ਅੰਦਰ ਆਉਣ ਤੋਂ ਰੋਕਣ ਲਈ ਇੱਕ ਲੋਹੇ ਦਾ ਦਰਵਾਜ਼ਾ ਲਗਾਇਆ ਗਿਆ ਹੈ। ਜਿਮ ਚਲਾਉਣ ਵਾਲੀ 19 ਸਾਲਾ ਹੋਰੀਆ ਕੁਰਬਾਨੀ ਦੱਸਦੀ ਹੈ, "ਸਾਨੂੰ ਕਈ ਵਾਰ ਧਮਕੀਆਂ ਮਿਲੀਆਂ ਅਤੇ ਚਿਤਾਵਨੀ ਦਿੱਤੀ ਗਈ ਕਿ ਜੇਕਰ ਅਸੀਂ ਜਿਮ ਬੰਦ ਨਾ ਕੀਤੀ ਤਾਂ ਇਸ ਦੀ ਸਜ਼ਾ ਭੁਗਤਣੀ ਪਵੇਗੀ। ਹੋਰੀਆ ਔਰਤਾਂ ਲਈ ਬਾਡੀਬਿਲਡਿੰਗ, ਯੋਗਾ ਅਤੇ ਡਾਂਸ ਕਲਾਸਾਂ ਚਲਾਉਂਦੀ ਹੈ।

ਛੋਟੇ ਤੇ ਸੁਨਿਹਰੀ ਵਾਲ ਉਸ ਦੇ ਸਕਾਰਫ ਵਿੱਚੋਂ ਦਿਖ ਰਹੇ ਸਨ ਅਤੇ ਇਸ ਦੇ ਨਾਲ ਹੀ ਉਹ ਪੂਰੀ ਤਰ੍ਹਾਂ ਮਜ਼ਬੂਤ ਅਤੇ ਸੁਡੋਲ ਸਰੀਰ ਵਾਲੀ ਲੱਗ ਰਹੀ ਸੀ। ਉਸ ਨੇ ਦੱਸਿਆ, "ਪਹਿਲੀ ਆਲੋਚਨਾ ਮੈਨੂੰ ਆਪਣੇ ਪਰਿਵਾਰ ਵੱਲੋਂ ਝੱਲਣੀ ਪਈ। ਉਨ੍ਹਾਂ ਨੇ ਮੈਨੂੰ ਕਿਹਾ ਕਿ ਤੂੰ ਰੂੜੀਵਾਦੀ ਸਮਾਜ 'ਚ ਰਹਿੰਦੀ ਹੈ ਅਤੇ ਤੂੰ ਇਹ ਸਭ ਨਹੀਂ ਕਰ ਸਕਦੀ ਤੇ ਨਾ ਹੀ ਤੇਰੇ ਕੋਲ ਇਹ ਸਭ ਕਰਨ ਦੀ ਸਮਰਥਾ ਹੈ।"

ਤਾਲਿਬਾਨ ਬਾਰੇ ਗੱਲ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਤਾਲਿਬਾਨ ਨਾਲ ਗੱਲਬਾਤ ਜਾਂ ਫੌਜੀ ਕਬਜ਼ਾ, ਇਹ ਇੱਕ ਵੱਖਰਾ ਅਧਿਆਇ ਹੈ। ਉਸ ਨੇ ਦੱਸਿਆ, "ਮੈਂ ਡਰ ਨਾਲ ਸਹਿਮੇ ਹੋਏ ਸਮਾਜ 'ਚ ਆਪਣੀ ਉਮਰ ਬਿਤਾਈ ਹੈ। ਅਸੀਂ ਹਮੇਸ਼ਾ ਖਤਰੇ 'ਚ ਹਾਂ ਅਤੇ ਇਸ ਲਈ ਹੁਣ ਮੈਂ ਇਸ ਦੀ ਆਦੀ ਹੋ ਗਈ ਹਾਂ।"

ਤਾਲਿਬਾਨੀ ਆਗੂ ਅਜੇ ਅਫ਼ਗਾਨ ਅਤੇ ਅਮਰੀਕੀ ਸਰਕਾਰ ਨਾਲ ਗੱਲਬਾਤ ਦੇ ਸ਼ੁਰੂਆਤੀ ਪੱਧਰ 'ਤੇ ਹਨ ਤੇ ਆਪਣੇ ਆਪ ਦੇ ਬਦਲਣ ਦਾ ਦਾਅਵਾ ਕਰ ਰਹੇ ਹਨ। ਪਰ ਅਫ਼ਗਾਨਿਸਤਾਨ ਦੀਆਂ ਔਰਤਾਂ ਅਜੇ ਵੀ ਉਨ੍ਹਾਂ ਕੋਲੋਂ ਪੁੱਛ ਰਹੀਆਂ ਹਨ, "ਹੁਣ ਤੱਕ ਕਿੰਨਾ ਬਦਲੇ ਹੋ?"

ਮਾਈਨਸ, ਪੈਟ੍ਰੋਲੀਅਮ ਅਤੇ ਇੰਡਸਟਰੀ ਮਹਿਕਮੇ 'ਚ ਮਹੱਤਵਪੂਰਨ ਅਹੁਦੇ 'ਤੇ ਕਾਬਿਜ਼ 38 ਸਾਲਾਂ ਨਰਗਿਸ ਨੇਹਾਨ ਮੁਤਾਬਕ, "ਜਦੋਂ ਉਹ ਪਹਿਲੀ ਵਾਰ ਸੱਤਾ 'ਚ ਆਏ ਤਾਂ ਔਰਤਾਂ ਨੂੰ ਸਿੱਖਿਆ ਅਤੇ ਸਿਹਤ ਸੈਕਟਰ 'ਚ ਕੰਮ ਕਰਨ ਦੀ ਮਨਜ਼ੂਰੀ ਦੇਣਾ ਹੀ ਕਾਫੀ ਸੀ, ਪਰ ਕਰੀਬ 18 ਸਾਲਾਂ ਵਿੱਚ ਅਸੀਂ ਬਹੁਤ ਤਰੱਕੀ ਕੀਤੀ ਹੈ।"

ਨਰਗਿਸ ਸਰਕਾਰ ਵਿੱਚ ਔਰਤ ਮੰਤਰੀਆਂ ਅਤੇ ਉਪ ਮੰਤਰੀਆਂ ਦੀ ਛੋਟੀ ਪਰ ਵੱਧਦੀ ਗਿਣਤੀ ਵਿੱਚੋਂ ਇੱਕ ਹਨ। ਊਰਜਾ ਦੇ ਖੇਤਰ 'ਚ ਕੰਮ ਕਰਨ ਵਾਲੀਆਂ ਔਰਤਾਂ ਦੇ ਇਕੱਠ ਦੌਰਾਨ ਉਨ੍ਹਾਂ ਨੇ ਪੁੱਛਿਆ, "ਕੀ ਅਸੀਂ ਰਾਸ਼ਟਰਪਤੀ ਅਹੁਦੇ ਦੇ ਕਾਬਿਲ ਹਾਂ? ਕੀ ਅਸੀਂ ਨਿਆਂਪਾਲਿਕਾ 'ਚ ਜੱਜ ਬਣਨ ਦੇ ਕਾਬਿਲ ਹਾਂ? ਕੀ ਅਸੀਂ ਆਪਣੇ ਕਰੋੜਾਂ ਦੇ ਕਾਰੋਬਾਰ ਨੂੰ ਚਲਾ ਸਕਦੀਆਂ ਹਾਂ? ਕੀ ਅਸੀਂ ਦੇਸ ਦੀ ਸਿਆਸਤ 'ਚ ਪੂਰੀ ਤਰ੍ਹਾਂ ਅਤੇ ਸਾਰਥਕ ਢੰਗ ਨਾਲ ਭਾਗੀਦਾਰੀ ਨਿਭਾ ਸਕਦੇ ਹਾਂ?"

ਫਾਅਜ਼ੀਆਂ ਕੂਫੀ ਨੇ ਇਸ ਦੇ ਜਵਾਬ 'ਚ ਕਿਹਾ, "ਤਾਲੀਬਾਨ ਪ੍ਰਤੀਨਿਧੀ ਮੰਡਲ ਦੇ ਇੱਕ ਵਿਅਕਤੀ ਨੇ ਮੇਰੇ ਭਾਸ਼ਣ ਤੋਂ ਬਾਅਦ ਕਰੀਬ 15 ਮਿੰਟ ਗੱਲ ਕੀਤੀ ਅਤੇ ਕਿਹਾ ਔਰਤਾਂ ਨੂੰ ਕੰਮ ਕਰਨ, ਜਾਇਦਾਦ ਬਣਾਉਣ, ਜੀਵਨ ਸਾਥੀ ਚੁਣਨ ਅਤੇ ਸਕੂਲ ਜਾਣ ਦੀ ਆਗਿਆ ਹੈ ਪਰ ਜੋ ਵੀ ਤਾਲੀਬਾਨ ਵੇਲੇ ਪਾਬੰਦੀਸ਼ੁਦਾ ਸਨ ਉਹ ਰਾਸ਼ਟਰਪਤੀ ਨਹੀਂ ਬਣ ਸਕਦੇ।"





ਉਸ ਦਾ ਜਨਮ ਸਾਲ 2001 'ਚ ਹੋਇਆ ਅਤੇ ਇਸੇ ਸਾਲ 'ਚ ਤਾਲਿਬਾਨ ਪੂਰੇ ਜ਼ੋਰ 'ਤੇ ਸੀ। ਵਾਰਦਕ ਪਿਛਲੇ ਸਾਲ ਤਿੰਨ ਦਿਨ ਚੱਲਣ ਵਾਲੀ ਗੋਲੀਬਾਰੀ ਦੌਰਾਨ ਕੁਝ ਲੜਾਕਿਆਂ ਨੂੰ ਕਾਬੁਲ ਦੀਆਂ ਸੜਕਾਂ 'ਤੇ ਮਿਲੀ।

ਇਸ ਦੌਰਾਨ ਉਹ ਲੜਾਕੇ ਆਈਸ ਕ੍ਰਾਈਮ ਖਾ ਰਹੇ ਸਨ ਅਤੇ ਸੈਲਫੀਆਂ ਲੈ ਰਹੇ ਸਨ। ਪਰ ਜੇਕਰ ਤਾਲਿਬਾਨ ਵਾਪਸ ਆਉਂਦਾ ਹੈ ਤਾਂ ਕੀ ਉਨ੍ਹਾਂ ਨੂੰ ਜ਼ੈਨ ਟੀਵੀ ਦੇ ਪ੍ਰਸਾਰਣ ਜਾਰੀ ਰੱਖਣ ਦੇਵੇਗਾ?

"ਨਹੀਂ" ਉਸ ਨੇ ਤੁਰੰਤ ਜਵਾਬ ਦਿੱਤਾ। "ਪਰ ਮੈਨੂੰ ਉਨ੍ਹਾਂ ਨਾਲ ਲੜਨਾ ਪਵੇਗਾ, ਇਹ ਮੇਰਾ ਸੁਪਨਾ ਹੈ ਅਤੇ ਮੈ ਆਪਣੀਆਂ ਭੈਣਾਂ ਲਈ ਕੰਮ ਕਰਨਾ ਹੈ।"

ਅਫ਼ਗਾਨ ਇਸ ਵਾਰ ਗਲਫ਼ ਸਟੇਟ ਕਤਰ 'ਚ ਤਾਲਿਬਾਨ ਨਾਲ ਫਿਰ ਗੱਲਬਾਤ ਕਰਨ ਲਈ ਕੰਮ ਕਰ ਰਿਹਾ ਹੈ। ਔਰਤਾਂ ਦੇ ਦਿਲ ਜ਼ਹਿਨ ਵਿੱਚ ਇਹ ਸਵਾਲ ਹੈ ਕਿ ਇਸ ਨਾਲ ਉਨ੍ਹਾਂ ਦੀ ਜਿੱਤ ਹੋਵੇਗੀ ਜਾਂ ਹਾਰ।

ਸਿਆਸਤਦਾਨ ਫਾਅਜ਼ੀਆ ਕੂਫੀ ਇਕੋ ਇੱਕ ਅਜਿਹੀ ਔਰਤ ਸੀ, ਜਿਨ੍ਹਾਂ ਨੇ ਫਰਵਰੀ 'ਚ ਤਾਲਿਬਾਨ ਨਾਲ ਪਹਿਲੇ ਦੌਰ ਦੀ ਗੱਲਬਾਤ 'ਚ ਹਿੱਸਾ ਲਿਆ ਸੀ। ਉਨ੍ਹਾਂ ਨੇ ਦੱਸਿਆ, "ਉਹ ਕੋਈ ਸੌਖਾ ਵੇਲਾ ਨਹੀਂ ਸੀ।"

ਉਨ੍ਹਾਂ ਨੇ ਦੱਸਿਆ, "ਜਦੋਂ ਮੈਂ ਕਮਰੇ 'ਚ ਆਈ ਤਾਂ ਉਨ੍ਹਾਂ ਵੱਲੋਂ ਅਫ਼ਗਾਨਿਸਤਾਨ 'ਚ ਕੀਤੀ ਹੋਈ ਹਰ ਵਾਰਦਾਤ ਮੇਰੇ ਜ਼ਹਿਨ 'ਚ ਸੀ।" ਉਸ ਦੀ ਕਹਾਣੀ ਹਰੇਕ ਉਸ ਔਰਤ ਦੀ ਕਹਾਣੀ ਵਾਂਗ ਹੈ ਜਿਸ ਨੂੰ ਸਕੂਲ ਜਾਣ ਤੋਂ ਰੋਕਿਆ ਗਿਆ ਅਤੇ ਸੜਕਾਂ 'ਤੇ ਤੁਰਨ ਵੇਲੇ ਪੱਥਰ ਮਾਰੇ ਗਏ। ਉਨ੍ਹਾਂ ਨੇ ਦੱਸਿਆ, "ਅਸੀਂ ਇੱਕ-ਦੂਜੇ ਨੂੰ ਸੁਣਿਆ ਅਤੇ ਅਸੀਂ ਵਧੇਰੇ ਸਹਿਮਤ ਨਹੀਂ ਸੀ ਪਰ ਉਸ ਵੇਲੇ ਮੈਨੂੰ ਲੱਗਾ ਕਿ ਅਸੀਂ ਵਾਪਸ ਨਹੀਂ ਜਾ ਸਕਦੇ।" ਅਫ਼ਗਾਨਿਸਤਾਨ ਦਾ ਅਤੀਤ ਕਿਸੇ ਵੱਖਰੇ ਦੇਸ ਵਾਂਗ ਸੀ, ਤਾਲਿਬਾਨ ਦੇ ਸਖ਼ਤ ...

ਇਸ ਤੋਂ ਬਾਅਦ ਉਨ੍ਹਾਂ ਨੇ ਚਿਤਾਵਨੀ ਦਿੱਤੀ: "ਇਹ ਵਿਚਾਰ ਵਿਆਪਕ ਤੌਰ 'ਤੇ ਤਾਲੀਬਾਨ ਨਾਲ ਸਾਂਝੇ ਨਹੀਂ ਕੀਤੇ ਜਾ ਸਕਦੇ, ਖ਼ਾਸ ਕਰਕੇ ਉਨ੍ਹਾਂ ਲੋਕਾਂ ਨਾਲ ਜੋ ਅਜੇ ਵੀ ਜ਼ਮੀਨੀ ਪੱਧਰ 'ਤੇ ਲੜ ਰਹੇ ਹਨ।" ਤਾਲਿਬਾਨ ਤੋਂ ਪਹਿਲਾਂ ਔਰਤਾਂ ਅਫ਼ਗਾਨਿਸਤਾਨ 'ਚ ਪੁਰਸ਼ ਦੇ ਦਬਦਬੇ ਵਾਲੇ ਪ੍ਰਤੀਨਿਧੀ ਮੰਡਲ 'ਚ ਔਰਤਾਂ ਦੇ ਵੱਡੇ ਹਿੱਸੇ 'ਤੇ ਜ਼ੋਰ ਦਿੰਦੀਆਂ ਹਨ। ਟਵਿੱਟਰ 'ਤੇ ਆਫ਼ਗਾਨ ਵੂਮੈਨਸ ਨੈਟਵਰਕ ਦੀ ਮੈਰੀ ਅਕਰਮੀ ਨੇ ਐਲਾਨਿਆ, "ਨੌਜਵਾਨ ਅਫ਼ਗਾਨ ਪੀੜ੍ਹੀ ਅਤੇ ਔਰਤਾਂ ਦੀ ਭਾਗੀਦਾਰੀ ਤੋਂ ਬਿਨਾਂ ਕੋਈ ਸਥਾਈ ਸ਼ਾਂਤੀ ਕਾਇਮ ਨਹੀਂ ਹੋਵੇਗੀ - ਇਸ ਤੋਂ ਇਲਾਵਾ ਕੋਈ ਰਸਤਾ ਨਹੀਂ ਹੈ।"

ਔਰਤਾਂ ਲਈ ਹਰ ਵੇਲੇ ਜਦੋਜਿਹਦ ਰਹਿੰਦੀ ਹੈ। ਜ਼ੈਨ ਟੀਵੀ ਦੀ ਮੁੱਖ ਨਿਊਜ਼ ਪ੍ਰੇਜ਼ੈਂਟਰ 28 ਸਾਲਾ ਸਲਮਾ ਸਾਖੀ ਮੁਤਾਬਕ, "ਔਰਤਾਂ ਦੀ ਜ਼ਿੰਦਗੀ ਬੇਹੱਦ ਮੁਸ਼ਕਿਲ ਹੈ। ਸਾਨੂੰ ਦਿਖਾਉਣ ਦੀ ਲੋੜ ਹੈ ਕਿ ਔਰਤਾਂ ਕੰਮ ਕਰ ਰਹੀਆਂ ਹਨ।" ਉਨ੍ਹਾਂ ਨੇ ਦੱਸਿਆ ਕਿ ਚੈਨਲ ਵਿੱਚ ਉਨ੍ਹਾਂ ਦੀ ਜ਼ਿੰਮੇਵਾਰੀ ਔਰਤਾਂ ਨੂੰ ਪੱਤਰਕਾਰੀ ਪੇਸ਼ੇ 'ਚ ਹਰ ਭੂਮਿਕਾ ਲਈ ਤਿਆਰ ਕਰਨਾ ਹੈ। ਦੋ ਸਾਲ ਪਹਿਲਾਂ ਜ਼ੈਨ ਟੀਵੀ ਦੀ ਸ਼ੁਰੂਆਤ ਕਰਨ ਵਾਲੇ ਮੀਡੀਆ ਐਗਜ਼ੈਕਟਿਵ ਹਾਮਿਦ ਸਮਰ ਦਾ ਕਹਿਣਾ ਹੈ ਕਿ 80-85 ਫੀਸਦ ਸਟਾਫ ਔਰਤਾਂ ਦਾ ਹੈ। ਉਨ੍ਹਾਂ ਨੇ ਕਿਹਾ, "ਸਾਨੂੰ ਮਰਦਾਂ ਦੀ ਵੀ ਲੋੜ ਹੈ ਤਾਂ ਅਸੀਂ ਦੱਸ ਸਕੀਏ ਕਿ ਅਸੀਂ ਮੋਢੇ ਨਾਲ ਮੋਢਾ ਮਿਲਾ ਕੇ ਇੱਕ ਦੂਜੇ ਦੇ ਨਾਲ ਖੜੇ ਹਾਂ।" ਅਫ਼ਗਾਨਿਸਤਾਨ ਦੀਆਂ ਔਰਤਾਂ ਲਈ ਹਨੇਰੇ ਕੋਨੇ 'ਚ ਰੌਸ਼ਨੀ ਦੀ ਕਿਰਨ ਜਾਗੀ ਹੈ ਅਤੇ ਅਜਿਹੇ ਵਿੱਚ ਸਾਖੀ ਨੇ ਐਲਾਨਿਆ, "ਮੈਂ ਆਪਣੀ ਨੌਕਰੀ ਨੂੰ ਬਹੁਤ ਪਿਆਰ ਕਰਦੀ ਹਾਂ ਅਤੇ ਇਸ ਨੂੰ ਗੁਆਉਣਾ ਨਹੀਂ ਚਾਹੁੰਦੀ।"

# ਪਰਵਾਸ ਦੀ ਕੀਮਤ: 'ਸੁਪਨੇ ਪੂਰੇ ਹੁੰਦੇ ਨਹੀ, ਬੱਚੇ ਮਾਪਿਆਂ ਤੋਂ ਵਾਂਝੇ ਰਹਿ ਜਾਂਦੇ ਨੇ'

ਪਿਛਲੀ ਬਸੰਤ ਰੁੱਤੇ ਕੈਨੇਬੈਕ ਅਤੇ ਉਸ ਦੀ ਪਤਨੀ ਨੂਰਸੂਲੂ ਨੇ ਰੂਸ 'ਚ ਕੰਮ ਦੀ ਭਾਲ ਕਰਨ ਲਈ ਆਪਣਾ ਪਿੰਡ ਛੱਡਿਆ ਸੀ। ਉਹ ਉੱਤਰੀ ਕਿਰਗਿਸਤਾਨ 'ਚ ਪਿੰਡ ਵਿੱਚ ਰਹਿੰਦੇ ਸੀ। ਉਹ ਸਿਰਫ਼ ਆਪਣੇ ਬੱਚਿਆਂ ਦੀ ਲਾਜ਼ਮੀ ਸਿੱਖਿਆ ਲਈ ਪੈਸਾ ਕਮਾਉਣਾ ਚਾਹੁੰਦੇ ਸਨ ਅਤੇ ਪਿੰਡ 'ਚ ਆਪਣਾ ਘਰ ਬਣਵਾਉਣਾ ਚਾਹੁੰਦੇ ਸਨ।

ਉਨ੍ਹਾਂ ਦੇ 4 ਸਾਲ, 5 ਸਾਲ, 8 ਸਾਲ ਅਤੇ 11 ਸਾਲ ਦੀ ਉਮਰ ਦੇ 4 ਬੱਚੇ ਸਨ ਜੋ ਆਪਣੀ 54-ਸਾਲਾ ਦਾਦੀ ਨਾਲ ਰਹਿੰਦੇ ਸਨ। ਕਿਰਗਿਸਤਾਨ 'ਚ ਹਰੇਕ 8 ਲੋਕਾਂ 'ਚੋਂ ਇੱਕ ਦੇਸ ਦੇ ਬਾਹਰ ਰਹਿ ਕੇ ਕੰਮ ਕਰਦਾ ਹੈ। ਕੌਮਾਂਤਰੀ ਮੁਦਰਾ ਕੋਸ਼ ਮੁਤਾਬਕ ਪਰਵਾਸੀਆਂ ਵੱਲੋਂ ਭੇਜੇ ਪੈਸੇ ਮੱਧ ਏਸ਼ੀਆ ਦੇ ਦੇਸਾਂ ਦੀ ਜੀਡੀਪੀ ਦਾ ਇੱਕ ਤਿਹਾਈ ਹਿੱਸਾ ਹਨ। ਘੱਟ ਅਤੇ ਮੱਧ ਆਮਦਨੀ ਵਾਲੇ ਦੇਸਾਂ ਲਈ ਇਹ ਪੈਸਿਆਂ ਦਾ ਪ੍ਰਵਾਹ ਤੇਜ ਹੋਣ ਦੇ ਆਸਾਰ ਹਨ। ਇਹ ਸਾਲ 2018 'ਚ ਕਰੀਬ 528 ਬਿਲੀਅਨ ਡਾਲਰ ਤੱਕ ਪਹੁੰਚ ਗਿਆ ਸੀ। ਪਰ ਇਸ ਦੇ ਬਦਲੇ ਬੱਚਿਆਂ ਦੀ ਇੱਕ ਪੂਰੀ ਪੀੜ੍ਹੀ ਨੂੰ ਰਿਸ਼ਤੇਦਾਰਾਂ ਦੇ ਹਵਾਲੇ ਛੱਡ ਦਿੱਤਾ ਜਾਂਦਾ ਹਨ ਅਤੇ ਬੱਚੇ ਅਕਸਰ ਦੁਰਵਿਹਾਰ ਦਾ ਸ਼ਿਕਾਰ ਹੁੰਦੇ ਹਨ।

**'ਇੱਕੋ ਇੱਕ ਰਸਤਾ'**

ਕੈਨੇਬੈਕ ਅਤੇ ਨੂਰਸੂਲੂ ਨੂੰ ਮੋਸਕੋ 'ਚ ਸਫਾਈ ਕਰਮੀ ਦੀ ਨੌਕਰੀ ਮਿਲੀ। ਉਹ ਕਿਰਾਏ 'ਤੇ ਛੋਟੇ ਜਿਹੇ ਕਮਰੇ 'ਚ ਰਹਿੰਦੇ ਸਨ ਤਾਂ ਜੋ ਉਹ ਪੈਸਾ ਬਚਾ ਕੇ ਘਰ ਭੇਜ ਸਕਣ। ਪਰ ਕੁਝ ਮਹੀਨਿਆਂ ਬਾਅਦ ਇੱਕ ਤ੍ਰਾਸਦੀ ਵਾਪਰੀ। ਉਨ੍ਹਾਂ ਦੀ 8-ਸਾਲਾ ਧੀ ਮਦੀਨਾ ਦੀ ਮੌਤ ਹੋ ਗਈ ਅਤੇ ਉਨ੍ਹਾਂ ਨੂੰ ਉਸ ਦੇ ਅੰਤਿਮ ਸਸਕਾਰ ਲਈ ਘਰ ਆਉਣਾ ਪਿਆ। ਉਹ ਦਾਦੀ ਨੂੰ ਦੋਸ਼ ਨਹੀਂ ਦਿੰਦੇ ,ਹਾਲਾਂਕਿ ਜੇਕਰ ਦਾਦੀ ਨੇੜੇ



ਹੁੰਦੀ ਤਾਂ ਦਾਦੀ ਨੂੰ ਮੈਡੀਕਲ ਸਹਾਇਤਾ ਦਿਵਾ ਸਕਦੀ ਸੀ। ਪਰ ਉਹ ਮੰਨਦੇ ਹਨ ਕਿ ਤ੍ਰਾਸਦੀ ਕਿਸੇ ਵੇਲੇ ਵੀ, ਕਿਸੇ 'ਤੇ ਵੀ ਹਮਲਾ ਕਰ ਸਕਦੀ ਹੈ। ਮਦੀਨਾ ਦੀ ਮੌਤ ਪਿਛਲੇ ਸਾਲ ਦੇਸ ਨੂੰ ਹਿਲਾ ਕੇ ਰੱਖ ਦੇਣ ਵਾਲੀਆਂ ਕਹਾਣੀਆਂ 'ਚੋਂ ਇੱਕ ਸੀ। ਦੇਸ ਦੇ ਉੱਤਰੀ ਹਿੱਸੇ 'ਚ 2 ਸਾਲ ਦੇ ਇੱਕ ਬੱਚੇ ਨੂੰ ਉਸ ਦੀ ਆਂਟੀ ਨੇ ਕੁੱਟ-ਕੁੱਟ ਮਾਰ ਦਿੱਤਾ ਕਿਉਂਕਿ ਉਸ ਨੇ ਬਿਸਤਰੇ 'ਤੇ ਪਿਸ਼ਾਬ ਕਰ ਲਿਆ ਸੀ। ਮਾਹਿਰਾਂ ਦਾ ਮੰਨਣਾ ਹੈ ਕਿ ਮਾਪਿਆਂ ਦੀ ਗੈਰ-ਹਾਜ਼ਰੀ ਬੱਚਿਆਂ ਨੂੰ ਕਮਜ਼ੋਰ ਹਾਲਾਤ 'ਚ ਛੱਡ ਦਿੰਦੀ ਹੈ। ਸਮਾਜ ਸ਼ਾਸਤਰੀ ਗੁਲਨਾਰਾ ਇਬਰਾਏਵਾ ਦਾ ਕਹਿਣਾ ਹੈ ਕਿ ਪਰਵਾਸ ਪਰਿਵਾਰਾਂ ਲਈ ਹਾਨੀਕਾਰਕ ਹੈ ਜਦੋਂ ਤੱਕ ਪ੍ਰਵਾਸੀਆਂ ਨੂੰ ਰੱਖਣ ਵਾਲੇ ਦੇਸ ਉਨ੍ਹਾਂ ਨੂੰ ਬੱਚਿਆਂ ਸਣੇ ਸਵੀਕਾਰ ਨਹੀਂ ਕਰਦੇ। "ਵਧੇਰੇ ਮਾਮਲਿਆਂ 'ਚ ਪਤੀ-ਪਤਨੀ ਵੱਖ ਰਹਿੰਦੇ ਹਨ, ਹੋਰ ਪਰਵਾਸੀਆਂ ਦੇ ਨਾਲ ਆਪਣੀ-ਆਪਣੀਆਂ ਨੌਕਰੀਆਂ ਲਾਗੇ ਅਤੇ ਸ਼ਾਇਦ ਹੀ ਉਹ ਇੱਕ-ਦੂਜੇ ਨੂੰ ਦੇਖਦੇ ਹੋਣ।"

ਇੰਟਰਨੈਸ਼ਨਲ ਆਰਗੇਨੈਈਜੇਸ਼ਨ ਆਫ ਮਾਈਗ੍ਰੇਸ਼ਨ ਮੁਤਾਬਕ ਮਹਿਲਾ ਕਰਮੀ ਵਿਸ਼ੇਸ਼ ਤੌਰ 'ਤੇ ਦੁਰਵਿਹਾਰ ਲਈ ਵਧੇਰੇ ਸੰਵੇਦਨਸ਼ੀਲ ਹਨ, ਨਾ ਸਿਰਫ਼ ਆਪਣੇ ਆਪ ਲਈ ਬਲਕਿ ਆਪਣੇ ਪਰਿਵਾਰ ਤੇ ਬੱਚਿਆਂ ਲਈ ਵੀ।

**'ਅਮਰੀਕੀ ਸੁਪਨਾ'**

ਜ਼ਜ਼ਗੁਲ ਮੈਡਾਗਾਜ਼ਿਮੋਵਾ ਹੁਣ 29 ਸਾਲ ਦੀ ਹੈ। ਜਦੋਂ ਉਹ 13 ਸਾਲ ਦੀ ਸੀ ਤਾਂ ਉਸ ਦੀ ਮਾਂ ਉਸ ਨੂੰ ਛੱਡ ਕੇ ਰੂਸ 'ਚ ਕੰਮ ਕਰਨ ਗਈ ਸੀ। ਕਿਰਗਿਸਤਾਨ ਦੇ ਪਰਵਾਸੀਆਂ 'ਚੋਂ 45 ਫੀਸਦ ਔਰਤਾਂ ਹਨ। ਜ਼ਜ਼ਗੁਲ ਨੂੰ ਘਰ ਦਾ ਕੰਮ ਕਰਨ ਲਈ ਛੱਡ ਦਿੱਤਾ ਗਿਆ ਅਤੇ ਫਿਰ ਉਸ ਦੇ ਪਿਤਾ ਵੀ ਕੰਮ ਕਰਨ ਲਈ ਚਲੇ ਗਏ। ਉਹ 10 ਸਾਲਾਂ ਬਾਅਦ ਵਾਪਸ ਆਏ। ਉਨ੍ਹਾਂ ਨੇ ਜੋ ਪੈਸਾ ਕਮਾਇਆ, ਉਸ ਨਾਲ ਕਰਜ਼ ਉਤਾਰਿਆ, ਘਰ ਬਣਵਾਇਆ ਅਤੇ ਬੱਚਿਆਂ ਨੂੰ ਪੜ੍ਹਾਇਆ-ਲਿਖਾਇਆ।

ਇਸ ਦੌਰਾਨ ਉਨ੍ਹਾਂ ਨੇ ਜੋ ਗੁਆਇਆ ਉਹ ਸੀ ਆਪਣੇ ਬੱਚਿਆਂ ਨਾਲ ਬਿਤਾਉਣ ਵਾਲਾ ਸਮਾਂ। ਜ਼ਜ਼ਗੁਲ ਆਪਣੇ ਮਾਪਿਆਂ ਨੂੰ ਦੋਸ਼ ਨਹੀਂ ਦਿੰਦੀ। ਉਹ ਕਹਿੰਦੀ ਹੈ ਕਿ ਉਹ ਸਮਝਦੀ ਹੈ ਕਿ ਇਹੀ ਇੱਕ ਰਸਤਾ ਸੀ। ਉਸ ਮੁਤਾਬਕ, "ਸਾਰੇ ਪਰਵਾਸੀਆਂ ਦਾ ਇੱਕ 'ਅਮਰੀਕੀ ਸੁਪਨਾ' ਹੈ— ਆਪਣਾ ਘਰ ਬਣਾਉਣ ਦਾ ਜਾਂ ਕਾਰ ਦਾ, ਵਿਆਹ ਦਾ ਤੇ ਬੱਚਿਆਂ ਦਾ, ਉਨ੍ਹਾਂ ਨੂੰ ਪੜ੍ਹਾਉਣ ਦਾ। ਅਕਸਰ ਇਹ ਸੁਪਨੇ ਪੂਰੇ ਕਰਨ ਲਈ ਸਾਲ ਲੰਘ ਜਾਂਦੇ ਹਨ ਅਤੇ ਬੱਚੇ ਵੱਡੇ ਹੋ ਜਾਂਦੇ ਹਨ।"

# ਲਹਿੰਦੇ ਪੰਜਾਬ ਦੇ ਗਵਰਨਰ ਜਨਾਬ ਮੁਹੰਮਦ ਸਰਵਰ ਜੀ ਬੇ-ਏਰੀਆ 'ਚ

















ਪਿਛਲੇ ਹਫਤੇ ਲਹਿੰਦੇ ਪੰਜਾਬ ਦੇ ਗਵਰਨਰ ਜਨਾਬ ਮੁਹੰਮਦ ਸਰਵਰ ਫਰੀਮਾਂਟ ਅਤੇ ਬੇ-ਏਰੀਆ ਦੇ ਇਲਾਕੇ 'ਚ ਪਹੁੰਚੇ। ਉਹਨਾਂ ਨਾਲ ਉਹਨਾਂ ਸੁਪਤਨੀ ਬੀਬੀ ਪਰਵੀਨ ਸਰਵਰ ਵੀ ਆਏ ਸਨ।



ਗਵਰਨਰ ਸਾਹਿਬ ਨੇ ਆਪਣੀ ਤਕਰੀਰ ਵਿਚ ਖਾਸ ਕਰਕੇ ਸਾਰੇ ਸਿੱਖ ਵੀਰਾਂ-ਭੈਣਾਂ ਨੂੰ ਬੇਨਤੀ ਕੀਤੀ ਕਿ ਇਸੇ ਸਾਲ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਅਵਤਾਰ ਪੁਰਬ ਮਨਾਇਆ ਜਾਣਾ ਹੈ, ਉਦੋਂ ਪਾਕਿਸਤਾਨੀ ਪੰਜਾਬ ਦੀ ਸਰਕਾਰ ਤੁਹਾਡਾ ਇੰਤਜ਼ਾਰ ਕਰੇਗੀ ਤੇ ਤੁਹਾਡੇ ਉਸ ਗੁਰਪੁਰਬ ਨੂੰ ਮਨਾਉਣ ਵੇਲੇ ਹਰ ਪ੍ਰਕਾਰ ਦੀ ਸਹੂਲਤ ਦੇਵੇਗੀ। ਮੁਹੰਮਦ ਸਰਵਰ ਸਾਹਿਬ ਲਹਿੰਦੇ ਪੰਜਾਬ ਦੇ ਲੋਕਾਂ ਲਈ ਪੀਣ ਵਾਲੇ ਪਾਣੀ ਦੀ ਕਿੱਲਤ ਨੂੰ ਦੂਰ ਕਰਨ ਲਈ ਵੀ ਇਕ ਸੰਸਥਾ ਚਲਾਉਂਦੇ ਹਨ, ਜਿਸ ਨਾਲ ਗਰੀਬ ਤਬਕੇ ਨੂੰ ਸਾਫ ਤੇ ਪੀਣ ਵਾਲਾ ਪਾਣੀ ਮਿਲ ਸਕੇ। ਉਹਨਾਂ ਕਿਹਾ ਕਿ ਪੰਜਾਬ ਵਿਚ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਖੋਲ੍ਹਣ ਲਈ ਪਾਕਿਸਤਾਨ ਦੀ ਇਮਰਾਨ ਖਾਨ ਸਰਕਾਰ ਨੇ ਪੂਰਾ ਜ਼ੋਰ ਲਗਾਇਆ ਹੋਇਆ ਹੈ ਤਾਂ ਕਿ ਇਹ ਲਾਂਘਾ ਜਲਦੀ ਤੋਂ ਜਲਦੀ ਖੁੱਲ੍ਹ ਸਕੇ, ਜਿਸ ਨਾਲ ਸਿੱਖਾਂ ਦੇ ਇਕ ਬਹੁਤ ਸਤਿਕਾਰਯੋਗ ਗੁਰੂ ਘਰ ਦਾ ਰਸਤਾ ਖੋਲ੍ਹਣ ਨਾਲ ਉਥੇ ਜਾਣਾ ਬਿਲਕੁਲ ਸੌਖਾ ਹੋ ਸਕੇਗਾ। ਇਸ ਲਾਂਘੇ ਨੂੰ ਖੋਲ੍ਹਣ ਲਈ ਯਤਨਸ਼ੀਲ ਹੋਣ ਕਰਕੇ ਸ੍ਰੀ ਇਮਰਾਨ ਖਾਨ ਨੋਬਲ ਪੀਸ ਪੁਰਸਕਾਰ ਦੇ ਹੱਕਦਾਰ ਹਨ। ਇਹ ਚੌਧਰੀ ਸਈਦ (ਜਨਾਬ ਹੁਰਾਂ) ਵੱਲੋਂ ਕਿਹਾ ਗਿਆ। ਇਸ ਵੇਲੇ ਪਾਕਸਿਤਾਨ ਦੀ ਤਹਿਰੀਕੇ ਇਨਸਾਫ ਪਾਰਟੀ ਦੇ ਵਾਈਸ ਚੇਅਰਮੈਨ ਸ੍ਰੀ ਫਰੂਕ ਅਰਸ਼ਦ ਵੀ ਉਚੇਚੇ ਤੌਰ 'ਤੇ ਨਾਲ ਆਏ ਹੋਏ ਸਨ। ਗਵਰਨਰ ਪੰਜਾਬ ਜੀ ਦੇ ਇਕ ਪੁੱਤਰ ਜਨਾਬ ਐਨਾ ਸਰਵਰ ਮੈਂਬਰ ਸਕਾਟਲੈਂਡ ਪਾਰਲੀਮੈਂਟ ਹਨ ਕਿਉਂਕਿ ਗਵਰਨਰ ਪੰਜਾਬ ਜੋ ਕਿ ਇੰਗਲੈਂਡ ਵਿਚ ਵੀ ਰਹਿ-ਦੇ ਹਨ।

ਡਾ. ਪ੍ਰਿਤਪਾਲ ਸਿੰਘ ਹੁਰਾਂ ਨੇ ਗਵਰਨਰ ਸਾਹਿਬ ਨੂੰ ਬੇਨਤੀ ਕੀਤੀ ਕਿ ਪਾਕਿਸਤਾਨ ਦੇ ਗੁਰੂ ਘਰਾਂ ਦੀ ਸਾਂਭ-ਸੰਭਾਲ ਲਈ ਉਥੇ ਪੱਥਰ ਲਾਉਣ ਦੀ ਲੋੜ ਨਹੀਂ ਹੈ, ਸਿਰਫ ਠੀਕ ਕਰ ਦਿੱਤੇ ਜਾਣ। ਜਿੰਨੀਆਂ ਵੀ ਇਮਾਰਤਾਂ ਗੁਰੂ ਘਰਾਂ ਦੀਆਂ ਹਨ, ਉਹਨਾਂ ਦਾ ਰਖ-ਰਖਾਅ ਕੀਤਾ ਜਾਣਾ ਚਾਹੀਦਾ ਹੈ। ਉਥੇ ਸੰਗਮਰਮਰ ਲਾਉਣ ਦੀ ਲੋੜ ਨਹੀਂ। ਜਿਵੇਂ ਫਤਿਹਗੜ੍ਹ ਸਾਹਿਬ ਵਿਚ ਗੁਰੂ ਘਰ ਦੀ ਇਮਾਰਤ 'ਤੇ ਠੰਡੇ ਬੁਰਜ ਨੂੰ ਸਜਾ ਕੇ ਉਸਦੀ ਅਸਲੀਅਤ ਮਿਟਾ ਦਿੱਤੀ ਗਈ ਹੈ। ਸਾਰੇ ਸਿੱਖ ਪਰਿਵਾਰਾਂ ਨੇ ਗਵਰਨਰ ਸਾਹਿਬ ਨੂੰ ਸਨਮਾਨਿਤ ਵੀ ਕੀਤਾ।



Cosmetic & Family Dentistry

UPPAL DENTAL CARE

50 % Discount for Cash Patients

INVISALIGN

Call for Details
Straighten Teeth
Without Wires

FREE TEETH WHITENING WITH PAID EXAM,
X-RAY & CLEANING.
YOUR INSURANCE USUALLY COVER THESE SERVICES



Charanjit S Uppal
D.D.S.

- Laser Treatment
- Lumineers/Veneers
- Dentures & Partials
- Root Canals
- Bad Breath
- Cosmetic Dentistry
- Crowns & Bridges
- Tooth Extraction
- Gum Treatment

Strictly Maintained
Sterilization Standards
Most Insurance
Plans Accepted

1191 W Tennyson Rd. # 4,
Hayward. (CA) 94544
510-786-1780

1750 CLEAR LAKE AVE
Milpitas, CA 95035
408-942-4400

www.uppaldental.com





Preet Fabrics & Appliance

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ, ਫੈਸ਼ਨ ਦਾ ਹੋਰ
ਸਾਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ
ਹੁਣੇ ਨਵੇਂ ਚਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ।
ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਾਮਾਨ ਵੀ ਮਿਲਦਾ ਹੈ।

YOUR ONE-STOP CENTER FOR BOTH FABRICS & APPLIANCES

5156 mowry AVE. Fremont, CA 94538

TEL: 510-797-7111 FAX : 510-739-6350

(For More Info. Call Onkar)

APPLIANCES

WE CARRY ALL MAJOR BRANDS!!



SONY, SANY, JVC, PANASONIC, LUGGAGE CROSS, PARKER PENS, OSTER BLENDERS

- Tvs, VCRs, DVD
- Tape Recorders
- Camcorders
- DVD Players
- Cordless Phones
- Watches (Seiko, Citizen & Swistar)
- Shavers & Trimmers
- Cellular Phones
- Medical Equipment
- Calling Cards



ਫਰੀ ਡਿਲੀਵਰੀ

Haller's PHARMACY

Since 1957

* Free Delivery * Open 7 days a week
* $5 credit on over-the-counter products for newly transferred patients

* ਅਸੀਂ ਫਰੀਮਾਂਟ, ਯੂਨੀਅਨ ਸਿਟੀ ਤੇ ਨਿਊਆਰਕ ਸ਼ਹਿਰਾਂ 'ਚ ਦਵਾਈਆਂ ਘਰੋ-ਘਰੀ ਵੀ ਪਹੁੰਚਾ ਸਕਦੇ ਹਾਂ।
* ਕਿਸੇ ਹੋਰ ਫਾਰਮੇਸੀ ਦੀ ਬਜਾਏ ਸਾਡੇ ਕੋਲ ਦਵਾਈਆਂ ਦੀ ਪਰਚੀ ਲਿਆਉਣ ਲਈ ਤੁਸੀਂ ਸਿਰਫ ਸਾਨੂੰ ਫੋਨ ਕਰੋ, ਅਸੀਂਆਪ ਹੀ ਤੁਹਾਡਾ ਖਾਤਾ ਇੱਥੇ ਲੈ ਆਵਾਂਗੇ।
* ਦਵਾਈਆਂ ਨਕਦ ਲੈਣ ਸਮੇਂ ਦੂਸਰੀਆਂ ਫਾਰਮੇਸੀਆਂ, ਜਿੰਨਾ ਹੀ ਰੇਟ ਅਸੀਂ ਵੀ ਮੈਚ ਕਰਾਂਗੇ।

ਇਕ ਵਾਰ ਮੌਕਾ ਜ਼ਰੂਰ ਦਿਓ, ਤੁਹਾਡੇ ਪੰਜਾਬੀ ਦੀ ਆਪਣੀ ਫਾਰਮੇਸੀ

ਹੋਰ ਜਾਣਕਾਰੀ ਲਈ ਸੰਪਰਕ ਕਰੋ: (510) 797-2772

37323 Fremont Blvd, Fremont, CA 94536






Quick Lube & Smog

We rent U-HAUL

OIL CHANGE & SMOG CHECK STATION

SUKHWINDER BHELLA

gogibhella@gmail.com

691 W. Tennyson Rd
Hayward, CA 94544


PH 510-757-6775
FAX 510-292-0330


New Introducing
Chaat Corner
Raja
King of Sweets Now Presents
Come and Enjoy Mouth Watering Chaat All Day
ਹੁਣ ਸ਼ੂਗਰ ਦੇ ਮਰੀਜ਼ਾਂ ਵਾਸਤੇ ਵੀ ਹਰ ਤਰ੍ਹਾਂ ਦੀ ਮਿਠਾਈ ਲੈ ਸਕਦੇ ਹੋ
• BHEL PAPDI CHAAT • FALUDA KULFI
• GOL GAPPE (PANI PURI) • KHASTA KACHORI
RAJA SWEETS & INDIAN CUISINE
31583 Alvarado Blvd. Union City, CA 94587
Phone : (510) 489-9100


MOON indian cuisine
Moon Indian Cuisine
510-780-9233
ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ
* 100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
* ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
* ਬਹੁਤ ਹੀ ਤਜ਼ਰਬੇਕਾਰ ਕੁੱਕ
Fish Pakora
ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ
ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ
ਹਨ। ਘੱਟ ਕੀਮਤ 'ਤੇ ਲੈ ਸਕਦੇ ਹੋ।
Paul 510-978-7170
Over 30 Years Experience in Restaurant & Catering Business
ਮੂਨ ਇੰਡੀਅਨ ਕੁਜ਼ੀਨ (ਹੇਵਰਡ)
600 West Harder Rd. Hayward, CA 94544
Phone (510)780-9233 Fax (510) 780-9812
www.moonindiancuisine.net


TEC Equipment
Your Best Business Partner
OAKLAND
ਨਵੇਂ ਅਤੇ ਪੁਰਾਣੇ ਟਰੱਕ ਖਰੀਦਣ ਲਈ ਅੱਜ ਹੀ ਮਿਲੋ, ਅਸੀਂ ਟਰੱਕਾਂ ਲਈ ਫਾਈਨਾਂਸ ਵੀ ਕਰਵਾ ਦਿੰਦੇ ਹਾਂ
THE WEST'S LEADING FULL-SERVICE TRUCK
AND TRAILER DEALERSHIP
SALES & LEASING • PARTS & SERVICE • FINANCE & INSURANCE
HARJINDER SINGH BAL
NEW TRUCK SALES
Direct 510-577-5509 | Cell 510-613-3573
hsingh@tecequipment.com
TECEQUIPMENT.COM
8099 S COLISEUM WAY, OAKLAND, CA 94621

# ਇਕ ਵਡਮੁੱਲੀ ਕਿਤਾਬ 'WE THE SIKHS' ਲੋਕ ਅਰਪਣ





















ਫਰੀਮਾਂਟ- ਕਰੀਬ ਡੇਢ ਕੁ ਹਫਤਾ ਪਹਿਲਾਂ ਇਕ ਬਹੁਤ ਸੁਹਿਰਦ ਸੱਜਣਾਂ-ਮਿੱਤਰਾਂ ਦਾ ਇਕੱਠ 'ਸਕੂਨ' ਰੈਸਟੋਰੈਂਟ ਵਿਚ ਹੋਇਆ, ਜਿੱਥੇ ਪੰਜਾਬ ਤੋਂ ਆਏ ਸ੍ਰੀ ਕਪਿਲ ਦੇਵ ਜੀ ਤੇ ਡੁਬਈ ਤੋਂ ਇਕ ਵੱਡੇ ਕਾਰੋਬਾਰੀ ਸ੍ਰੀ ਅਜੈ ਸੇਠੀ ਜੀ ਇੱਥੇ ਪਹੁੰਚੇ ਤੇ ਉਹਨਾਂ ਨੇ ਜੋ ਸੁਪਨਾ 8 ਸਾਲ ਵੇਖਿਆ ਕਿ ਇਕ ਵਧੀਆ ਧਾਰਮਿਕ ਚਿੰਨ੍ਹਾਂ ਵਾਲੀ ਉਹ ਯਾਦਗਾਰ ਬਣਾਈ ਜਾਵੇ, ਜਿਸ ਨਾਲ ਸਾਡੀਆਂ ਆਉਣ ਵਾਲੀਆਂ ਨਸਲਾਂ ਨੂੰ ਦੁਨੀਆਂ ਭਰ ਵਿਚ ਬਣਾਏ ਗੁਰੂ ਘਰ ਜਿਸ ਨੂੰ ਸਿੱਖ ਸਮਾਜ ਤੇ ਨਾਨਕ ਨਾਮ ਲੇਵਾ ਸੰਗਤਾਂ ਨੇ ਰਲ ਕੇ ਉਸਾਰਿਆ ਹੋਇਆ ਹੈ, ਉਹਨਾਂ ਦੀ ਇਸ ਘਾਲਣਾ ਨੂੰ ਇਕ ਜਗ੍ਹਾ ਇਕੱਤਰ ਕੀਤਾ ਜਾ ਸਕੇ, ਦੀ ਮਨਸ਼ਾ ਨਾਲ ਦੋਵਾਂ ਵੀਰਾਂ ਨੇ ਬਹੁਤ ਹੀ ਮਿਹਨਤ ਕਰਕੇ ਹੁਣ ਇਕ ਬਹੁਤ ਹੀ ਉੱਚ ਦਰਜੇ ਦੀ ਜਿਲਦ ਵਾਲੀ ਗੁਰੂ ਘਰ ਦੇ ਇਤਿਹਾਸ ਵਾਲੀ 225 ਸਫਿਆਂ ਵਿਚ ਐਸੀ ਇਕੱਤਰ ਕੀਤੀ ਵੱਡੀ ਪੋਥੀ ਨੁਮਾ ਇਤਿਹਾਸਕ ਗੁਰੂ ਘਰਾਂ ਤੇ ਦੁਨੀਆਂ ਦੇ ਹਰ ਕੋਨੇ ਦੇ ਗੁਰੂ ਘਰਾਂ ਦੀਆਂ ਤਸਵੀਰਾਂ ਨਾਲ ਇਸ ਨੂੰ ਛਪਵਾਇਆ ਹੈ।

ਨਾਂ ਹੈ WE THE SIKHS

ਦੁਨੀਆਂ ਭਰ ਵਿਚ ਰਹਿੰਦੇ ਸਿੱਖਾਂ ਬਾਰੇ ਇਹ ਕਿਤਾਬ ਇਕ ਚੰਗਾ ਤੋਹਫਾ ਹੈ, ਜੋ ਹਰ ਸਿੱਖ ਦੇ ਘਰ ਦੀ ਸ਼ਾਨ ਹੋਣਾ ਚਾਹੀਦਾ ਹੈ। ਇਹ 12 ਇੰਚ ਉਚੀ ਹੈ ਅਤੇ 15 ਇੰਚ ਲੰਮੀ ਹੈ, ਜਿਸਦੀ ਜਿਲਦ ਵੇਖ ਕੇ ਗੁਰੂ ਸਾਹਿਬਾਨ ਦੇ ਧਾਮਾਂ ਦੇ ਦਰਸ਼ਨ ਹੋਣ ਦੀ ਗਰੰਟੀ ਹੋ ਜਾਂਦੀ ਹੈ।



ਸ੍ਰੀ ਅੰਮ੍ਰਿਤਸਰ ਸਾਹਿਬ ਦੀ ਤਸਵੀਰ ਨਾਲ ਪਹਿਲੇ ਸਫੇ ਨੂੰ ਸਜਾਇਆ ਹੋਇਆ ਹੈ ਤੇ ਇਸ ਨੂੰ ਛਪਵਾਉਣ ਵਿਚ ਇੰਦਰ ਦੁਸਾਂਝ ਜਿਹਨਾਂ ਕੋਲ ਕੈਲੇਫੋਰਨੀਆ ਵਿਚ 15-16 ਕਾਰਾਂ ਦੀਆਂ ਏਜੰਸੀਆਂ ਹਨ, ਉਹਨਾਂ ਦੀ ਹਿੰਮਤ ਸਦਕਾ ਇਹ ਵਡਮੁੱਲਾ ਤੋਹਫਾ ਸੱਜਣਾਂ-ਮਿੱਤਰਾਂ ਨੂੰ ਮਿਲਿਆ।

ਇਸ ਮੌਕੇ ਕਪਿਲ ਦੇਵ ਜੀ ਨੇ ਕਿਹਾ ਕਿ ਜ਼ਿੰਦਗੀ ਵਿਚ ਇਹ ਉਹਨਾਂ ਲਈ ਬਹੁਤ ਵੱਡੀ ਗੁਰੂ ਦੀ ਦੇਣ ਹੈ ਕਿ ਉਹਨਾਂ ਕੋਲੋਂ ਇਹ ਕੰਮ ਗੁਰੂ ਨੇ ਆਪ ਕਰਵਾਇਆ ਤੇ ਉਹਨਾਂ ਦੀ ਤਮੰਨਾ ਹੈ ਕਿ ਆਉਣ ਵਾਲੇ ਸਿੱਖ ਧਰਮ ਦੇ ਬੱਚੇ ਤੇ ਉਹਨਾਂ ਦੀਆਂ ਔਲਾਦਾਂ ਸਦੀਆਂ ਤੱਕ ਇਵੇਂ ਹੀ ਇਕੱਤਰ ਹੋ ਕੇ ਰਹਿਣ ਤੇ ਇਸ ਧਰਮ ਨੂੰ ਹੋਰ ਚੰਗੇਰਾ ਬਣਾਉਣ ਵਿਚ ਸਹਾਇਕ ਹੋਣ।

ਇਸ ਮੌਕੇ 'ਤੇ ਵੱਖ-ਵੱਖ ਸਿੱਖ ਲੀਡਰ ਪਹੁੰਚੇ ਹੋਏ ਸਨ ਤੇ ਸਭ ਨੇ ਕਪਿਲ ਦੇਵ ਤੇ ਅਜੈ ਸੇਠੀ ਹੋਰਾਂ ਦਾ ਬਹੁਤ ਧੰਨਵਾਦ ਕੀਤਾ। ਇਸ ਵਡਮੁੱਲੇ ਤੋਹਫੇ ਨੂੰ ਸਾਡੇ ਸਾਰਿਆਂ ਤੱਕ ਪਹੁੰਚਾਉਣ ਲਈ ਇੰਦਰ ਦੁਸਾਂਝ ਤੇ ਉਹਨਾਂ ਦੀ ਕੰਪਨੀ ਨੇ ਇਹ ਕੰਮ ਕੀਤਾ।

ਇਸ ਮੌਕੇ ਤੇ ਗੁਰੂ ਘਰ ਫਰੀਮਾਂਟ ਦੀ ਕਮੇਟੀ ਵੀ ਪਹੁੰਚੀ ਤੇ ਇੰਦਰ ਦੁਸਾਂਝ ਹੁਰਾਂ ਦੇ ਨਾਲ ਕੰਮ ਕਰਦੇ ਸ. ਹਰਜੀਤ ਸਿੰਘ ਬੜੈਚ, ਬਲਬੀਰ ਸਿੰਘ ਰਾਗੀ, ਗੁਰਬਚਨ ਸਿੰਘ ਬੜੈਚ, ਭੁਪਿੰਦਰ ਸਿੰਘ ਦੁਸਾਂਝ ਤੇ ਰਵੀ ਸ਼ੇਰਗਿੱਲ ਵੀ ਉਚੇਚੇ ਪਹੁੰਚੇ। ਸ੍ਰੀ ਰਵੀ ਸ਼ੇਰਗਿੱਲ ਹੁਰਾਂ ਨੇ ਸਟੇਜ ਸੰਭਾਲੀ ਤੇ ਸਾਰੇ ਆਏ ਪੱਤਰਕਾਰਾਂ, ਟੀ. ਵੀ., ਰੇਡੀਓ ਦੇ ਮਾਲਕਾਂ ਨੂੰ ਵੀ ਜਾਣ-ਪਹਿਚਾਣ ਕਰਵਾਈ। ਇਸ ਸ਼ੁਭ ਕੰਮ ਨੂੰ ਨੇਪਰੇ ਚਾੜ੍ਹਨ ਲਈ ਜਿਸ-ਜਿਸ ਵੀਰ ਭੈਣ ਨੇ ਸਹਾਇਤਾ ਕੀਤੀ, ਪਰਦੇਸ ਟਾਇਮਜ਼ ਵੱਲੋਂ ਉਹਨਾਂ ਦਾ ਧੰਨਵਾਦ ਕੀਤਾ ਜਾਂਦਾ ਹੈ। ਸ੍ਰੀ ਕਪਿਲ ਦੇਵ ਤੇ ਅਜੈ ਸੇਠੀ (KAS Holdings FZE LLc) ਨੂੰ ਬਹੁਤ ਬਹੁਤ ਵਧਾਈ ਅਤੇ ਧੰਨਵਾਦ।

## ਘਰੇਲੂ ਹਿੰਸਾ ਕਾਰਨ ਬੇਘਰ ਹੁੰਦੀਆਂ ਹਨ ਜ਼ਿਆਦਾਤਰ ਔਰਤਾਂ

ਭਾਰਤ ਵਿਚ 4 ਰਾਜਾਂ ਦੇ ਸ਼ੈਲਟਰ ਹੋਮਸ ਵਿਚ ਰਹਿਣ ਵਾਲੀਆਂ ਔਰਤਾਂ 'ਤੇ ਕੀਤੀ ਗਈ ਇਕ ਸਟੱਡੀ ਵਿਚ ਪਤਾ ਲੱਗਿਆ ਕਿ ਜ਼ਿਆਦਾਤਰ ਔਰਤਾਂ ਦੇ ਬੇਘਰ ਹੋਣ ਦੇ ਕਾਰਨ ਵਿਆਹ ਨਾਲ ਜੁੜੀ ਹਿੰਸਾ ਨਾਲ ਹੈ। ਸਟੱਡੀ ਵਿਚ ਸ਼ਾਮਲ ਔਰਤਾਂ ਜਾਂ ਤਾਂ ਸ਼ੈਲਟਰ ਹੋਮ ਵਿਚ ਰਹਿ ਚੁੱਕੀਆਂ ਸਨ ਜਾਂ ਰਹਿ ਰਹੀਆਂ ਹਨ। ਕਈ ਔਰਤਾਂ ਨੂੰ ਆਪਣੇ ਰਾਈਟ ਟੂ ਰੈਜਿਡੈਂਸ ਦੇ ਬਾਰੇ ਵੀ ਨਹੀਂ ਪਤਾ ਹੈ।

ਸਟੱਡੀ ਵਿਚ ਉਹਨਾਂ ਔਰਤਾਂ ਨੂੰ ਵੀ ਸ਼ਾਮਲ ਕੀਤਾ ਗਿਆ ਜੋ ਆਪਣੀਆਂ ਪ੍ਰਸਥਿਤੀਆਂ ਕਾਰਨ ਬੇਘਰ ਹੋਣ ਦੇ ਕਿਨਾਰੇ ਸਨ। ਦਿੱਲੀ, ਅਸਾਮ, ਕਰਨਾਟਕ, ਮੇਘਾਲਿਆ ਅਤੇ ਤਾਮਿਲਨਾਡੂ ਦੇ ਕਰੀਬ



78 ਸ਼ੈਲਟਰ ਹੋਮ ਦੀਆਂ 147 ਔਰਤਾਂ ਨੂੰ ਇਸ ਸਟੱਡੀ ਵਿਚ ਸ਼ਾਮਲ ਕੀਤਾ ਗਿਆ। ਇਹਨਾਂ ਔਰਤਾਂ ਨੇ ਕਈ ਕਾਰਨਾਂ ਕਰਕੇ ਜਾਂ ਤਾਂ ਆਪਣਾ ਘਰ ਛੱਡ ਦਿੱਤਾ ਜਾਂ ਘਰ ਛੱਡਣ ਲਈ ਮਜਬੂਰ ਹੋ ਗਈਆਂ। ਇਹਨਾਂ ਕਾਰਨਾਂ ਵਿਚ ਯੌਨ ਸ਼ੋਸ਼ਣ, ਬੁਢਾਪਾ, ਦੇਹ ਵਪਾਰ ਅਤੇ ਹੋਰ ਕਿਸਮ ਦੀਆਂ ਸਰੀਰਕ ਅਤੇ ਮਾਨਸਿਕ ਮੁਸ਼ਕਿਲਾਂ ਸਨ।

ਸਵਾਈਪਰ ਸਪੀਕ-ਕਾਲ ਫਾਰ ਫਾਈਵ ਸਟੇਟਸ ਨਾਂ ਦੀ ਇਸ ਰਿਪੋਰਟ ਵਿਚ ਐਨ. ਜੀ. ਓ. ਦੁਆਰਾ ਚਲਾਏ ਜਾਣ ਵਾਲੇ ਸ਼ੈਲਟਰ ਹੋਮਸ ਦੀਆਂ ਔਰਤਾਂ ਦੀਆਂ ਪ੍ਰੇਸ਼ਾਨੀਆਂ ਨੂੰ ਦਰਸਾਉਂਦਾ ਹੈ। ਇਹਨਾਂ ਵਿਚੋਂ ਜ਼ਿਆਦਾਤਰ ਔਰਤਾਂ ਦੇ ਕੋਲ ਸ਼ੈਲਟਰ ਹੋਮ ਜਾਣਾ ਹੀ ਆਖਰੀ ਵਿਕਲਪ ਬਚਿਆ ਸੀ।

## ਚਮੜੀ ਦਾ ਖ਼ਿਆਲ ਕਿਵੇਂ ਰੱਖੀਏ

ਚਮੜੀ ਦੀ ਦੇਖਭਾਲ ਠੀਕ ਢੰਗ ਨਾਲ ਨਾ ਕੀਤੀ ਜਾਵੇ ਤਾਂ ਝੁਰੜੀਆਂ, ਛਾਈਆਂ, ਕਿੱਲ ਆਦਿ ਕਈ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਚਮੜੀ ਦੇ ਮੁਸਾਮਾਂ ਦੀ ਜੇ ਠੀਕ ਢੰਗ ਨਾਲ ਸਫ਼ਾਈ ਨਾ ਕੀਤੀ ਜਾਵੇ ਤਾਂ ਚਮੜੀ ਦੀ ਸੁੰਦਰਤਾ ਬੇਕਾਰ ਹੋ ਜਾਂਦੀ ਹੈ। ਜੇ ਚਮੜੀ ਸਿਹਤਮੰਦ ਹੋਵੇ ਤਾਂ ਉਮਰ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਹੋ ਜਾਂਦਾ ਹੈ। ਕੁਝ ਨੁਕਤੇ ਹਨ, ਜਿਨ੍ਹਾਂ ਨਾਲ ਅਸੀਂ ਚਮੜੀ ਦੀ ਠੀਕ ਦੇਖਭਾਲ ਕਰ ਸਕਦੇ ਹਾਂ :

**ਸਾਫ਼-ਸਫ਼ਾਈ-** ਚਮੜੀ ਦੀ ਦੇਖਭਾਲ ਸਹੀ ਢੰਗ ਨਾਲ ਕੀਤੀ ਜਾਵੇ ਤਾਂ ਇਸ 'ਤੇ ਵਧਦੀ ਉਮਰ ਅਤੇ ਤਣਾਅ ਦਾ ਅਸਰ ਨਹੀਂ ਹੁੰਦਾ। ਚਮੜੀ ਦੀ ਸਫ਼ਾਈ ਵੱਲ



ਵਿਸ਼ੇਸ਼ ਧਿਆਨ ਦਿਓ। ਇਸ ਦੇ ਲਈ ਵਧੀਆ ਕਲਿੰਜਰ ਦੀ ਵਰਤੋਂ ਕਰੋ। ਕਲਿੰਜਰ ਹਮੇਸ਼ਾ ਆਪਣੀ ਚਮੜੀ ਅਨੁਸਾਰ ਹੀ ਇਸਤੇਮਾਲ ਕਰੋ। ਦਹੀਂ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਗਰਮੀਆਂ ਵਿਚ ਦਿਨ 'ਚ ਦੋ ਵਾਰ ਤੇ ਸਰਦੀਆਂ 'ਚ ਰੋਜ਼ਾਨਾ ਨਹਾਉਣਾ ਚਾਹੀਦਾ ਹੈ।

**ਖ਼ੁਰਾਕ-** ਆਪਣੇ ਖਾਣੇ ਵਿਚ ਪੌਸ਼ਟਿਕ ਖ਼ੁਰਾਕੀ ਪਦਾਰਥ ਸ਼ਾਮਲ ਕਰੋ। ਫ਼ਲ, ਸਲਾਦ ਜ਼ਿਆਦਾ ਖਾਓ। ਵਿਟਾਮਿਨ-ਸੀ ਖ਼ੂਨ ਨੂੰ ਸਾਫ਼ ਕਰਦਾ ਹੈ। ਇਸ ਲਈ ਅੰਗੂਰ, ਸੰਤਰਾ, ਹਰੀਆਂ ਸਬਜ਼ੀਆਂ ਜ਼ਰੂਰ ਖਾਓ। ਤਾਜ਼ੀਆਂ ਸਬਜ਼ੀਆਂ ਤੇ ਦੁੱਧ ਤੋਂ ਵਿਟਾਮਿਨ-ਬੀ ਮਿਲਦਾ ਹੈ, ਜਿਹੜਾ ਚਮੜੀ ਨੂੰ ਸੁੰਦਰ ਬਣਾਉਂਦਾ ਹੈ। ਡਾਕਟਰ ਦੀ ਸਲਾਹ ਅਨੁਸਾਰ ਓਮੇਗਾ ਥ੍ਰੀ ਫੈਟੀ ਐਸਿਡ ਤੇ ਜ਼ਰੂਰੀ ਵਿਟਾਮਿਨਾਂ ਦੇ ਕੈਪਸੂਲ ਵੀ ਲਏ ਜਾ ਸਕਦੇ ਹਨ।

**ਜ਼ਿਆਦਾ ਪਾਣੀ ਪੀਓ-** ਚਮੜੀ ਨੂੰ ਤਾਜ਼ਾ ਰੱਖਣ 'ਚ ਪਾਣੀ ਦਾ ਬੜਾ ਮਹੱਤਵ ਹੈ। ਦਿਨ 'ਚ ਜ਼ਿਆਦਾ ਪਾਣੀ ਪੀਓ। ਚਾਹ ਕੌਫੀ ਵਰਗੇ ਪਦਾਰਥਜਾਂ ਦੀ ਵਰਤੋਂ ਘੱਟ ਕਰੋ।

**ਧੁੱਪ ਤੋਂ ਬਚੋ-** ਜ਼ਿਆਦਾ ਦੇਰ ਧੁੱਪ 'ਚ ਰਹਿਣ ਨਾਲ ਚਮੜੀ ਝੁਲਸ ਜਾਂਦੀ ਹੈ। ਸੂਰਜ ਦੀਆਂ ਅਲਟਰਾ-ਵਾਇਲਟ ਕਿਰਨਾਂ ਤੋਂ ਬਚਣ ਲਈ ਵਧੀਆ ਸਨਸਕਰੀਨ ਵਰਤੋ।

**ਕਸਰਤ-** ਕਸਰਤ ਵੀ ਚਮੜੀ ਨੂੰ ਸਿਹਤਮੰਦ ਰੱਖਦੀ ਹੈ। ਇਸ ਲਈ ਰੋਜ਼ਾਨਾ ਕਸਰਤ ਤੇ ਸੈਰ ਜ਼ਰੂਰ ਕਰੋ। ਕਸਰਤ ਕਰਦਿਆਂ ਖ਼ਾਸ ਧਿਆਨ ਰੱਖੋ ਕਿ ਜ਼ਿਆਦਾ ਸਖ਼ਤ ਕਸਰਤ ਤੇ ਪਸੀਨਾ ਨਾ ਵਹਾਉਣਾ ਪਵੇ।

## ਘਰ ਵਿਚ ਬਣਾਓ ਐਲੋਵੇਰਾ ਸਾਬਣ, ਪਾਓ ਨਿੱਖਰੀ ਅਤੇ ਖ਼ੂਬਸੂਰਤ ਚਮੜੀ

ਐਲੋਵੇਰਾ ਚਮੜੀ ਦੇ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਕਈ ਕਿਸਮ ਦੇ ਸੁਹੱਪਣ ਉਤਪਾਦਾਂ ਵਿਚ ਐਲੋਵੇਰਾ ਜੈਲ ਅਤੇ ਜੂਸ ਦੀ ਵਰਤੋਂ ਇਸ ਕਰਕੇ ਕੀਤੀ ਜਾਂਦੀ ਹੈ। ਜੇਕਰ ਤੁਸੀਂ ਐਲੋਵੇਰਾ ਨਾਲ ਬਣੇ ਸਾਬਣ ਦੀ ਵਰਤੋਂ ਰੋਜ਼ਾਨਾ ਕਰੋ ਤਾਂ ਤੁਹਾਡੀ ਚਮੜੀ ਹਮੇਸ਼ਾ ਖ਼ੂਬਸੂਰਤ ਅਤੇ ਸਿਹਤਮੰਦ ਰਹੇਗੀ। ਐਲੋਵੇਰਾ ਦੀ ਵਰਤੋਂ ਨਾਲ ਤੁਸੀਂ ਆਪਣੀ ਚਮੜੀ ਵਿਚ ਨਿਖਾਰ ਵੀ ਲਿਆ ਸਕਦੇ ਹੋ। ਖਾਸ ਗੱਲ ਇਹ ਹੈ ਕਿ ਐਲੋਵੇਰਾ ਦਾ ਇਹ ਸਾਬਣ ਤੁਸੀਂ ਘਰੇ ਹੀ ਆਸਾਨੀ ਨਾਲ ਬਣਾ ਸਕਦੇ ਹੋ। ਬਾਜ਼ਾਰ ਦੇ ਸਾਬਣ ਵਿਚ ਕਈ ਕਿਸਮ ਦੇ ਹਾਨੀਕਾਰਕ ਕੈਮੀਕਲਜ਼ ਹੁੰਦੇ ਹਨ, ਜਿਸ ਕਰਕੇ ਘਰੇ ਖ਼ੁਦ ਦੇ ਹੱਥਾਂ ਨਾਲ ਬਣਾਇਆ ਹੋਇਆ ਐਲੋਵੇਰਾ ਸੋਪ ਦਾ ਇਸਤੇਮਾਲ ਕਰੋ ਤਾਂ ਜੋ ਤੁਹਾਡੀ ਚਮੜੀ ਹਮੇਸ਼ਾ ਰਹੇ ਖਿੜੀ-ਖਿੜੀ।



### ਐਲੋਵੇਰਾ ਸਾਬਣ ਬਣਾਉਣ ਲਈ ਸਮੱਗਰੀ

250 ਮਿਲੀਲੀਟਰ ਪਾਣੀ, 750 ਮਿਲੀਲੀਟਰ ਆਲਿਵ ਆਇਲ (ਜੈਤੂਨ ਦਾ ਤੇਲ), 110 ਗ੍ਰਾਮ ਐਲੋਵੇਰਾ ਜੈਲ (ਤਾਜ਼ਾ ਹੋਵੇ ਤਾਂ ਬਿਹਤਰ ਹੈ), 110 ਮਿਲੀਲੀਟਰ ਕਾਸਟਿਕ ਸੋਡਾ, 10-12 ਬੂੰਦਾਂ ਇੰਸ਼ੈਰੀਅਲ ਆਇਲ (ਜੋ ਤੁਹਾਨੂੰ ਪਸੰਦ ਹੋਵੇ)

### ਕਿਵੇਂ ਬਣਾਈਏ

ਐਲੋਵੇਰਾ ਸਾਬਣ ਬਣਾਉਣ ਦੇ ਲਈ ਸਭ ਤੋਂ ਪਹਿਲਾਂ ਪਾਣੀ ਨੂੰ ਇਕ ਪੈਨ ਵਿਚ ਪਾ ਕੇ ਗਰਮ ਕਰੋ। ਪਾਣੀ ਵਿਚ ਉਬਾਲ ਆ ਜਾਣ 'ਤੇ ਗੈਸ ਬੰਦ ਕਰ ਦਿਓ ਅਤੇ ਪਾਣੀ ਨੂੰ ਠੰਢਾ ਹੋਣ ਦਿਓ। ਹੁਣ ਪਾਣੀ ਵਿਚ ਕਾਸਟਿਕ ਸੋਡਾ ਮਿਲਾਓ ਅਤੇ ਇਸ ਮਿਸ਼ਰਣ ਨੂੰ 1 ਘੰਟੇ ਦੇ ਲਈ ਛੱਡ ਦਿਓ। ਤੁਸੀਂ ਆਲਿਵ ਆਇਲ (ਜੈਤੂਨ ਦਾ ਤੇਲ) ਨੂੰ ਗਰਮ ਕਰੋ ਅਤੇ ਇਸ ਮਿਸ਼ਰਣ ਵਿਚ ਮਿਲਾ ਦਿਓ। ਇਸ ਮਿਸ਼ਰਣ ਨੂੰ ਉਦੋਂ ਤੱਕ ਹਿਲਾਉਂਦੇ ਰਹੋ, ਜਦੋਂ ਤੱਕ ਇਹ ਥੋੜ੍ਹਾ ਗਾੜ੍ਹਾ ਨਾ ਹੋ ਜਾਵੇ। ਹੁਣ ਜੇਕਰ ਤੁਹਾਡੇ ਕੋਲ ਐਲੋਵੇਰਾ ਜੈਲ ਹੈ ਤਾਂ ਠੀਕ, ਨਹੀਂ ਤਾਂ ਪੱਤਿਆਂ ਨਾਲ ਐਲੋਵੇਰਾ ਦਾ ਪਲਪ ਰੱਖੋ ਅਤੇ ਬਲੈਂਡ ਕਰਕੇ ਜੈਲ ਬਣਾ ਲਓ। ਐਲੋਵੇਰਾ ਜੈਲ ਅਤੇ ਇੰਸ਼ੈਸ਼ੀਅਲ ਆਇਲ ਨੂੰ ਇਸ ਮਿਸ਼ਰਣ ਵਿਚ ਮਿਲਾ ਦਿਓ। ਹੁਣ ਇਸਨੂੰ ਕਿਸੇ ਸੰਚੇ ਜਾਂ ਟ੍ਰੇਅ ਵਿਚ ਕੱਢ ਲਓ ਅਤੇ ਜੰਮਣ ਦਿਓ। ਸਾਬਣ ਨੂੰ ਕੱਟ ਕੇ ਤੁਸੀਂ ਆਪਣਾ ਮਨਪਸੰਦ ਆਕਾਰ ਵੀ ਦੇ ਸਕਦੇ ਹੋ। ਇਹ ਤੁਹਾਡਾ ਹੋਮ ਮੇਡ ਐਲੋਵੇਰਾ ਸੋਪ ਤਿਆਰ ਹੈ।

### ਕਿਉਂ ਫਾਇਦੇਮੰਦ ਹੈ ਐਲੋਵੇਰਾ ਸਾਬਣ

ਇਹ ਐਲੋਵੇਰਾ ਸਾਬਣ ਚਮੜੀ ਦੇ ਲਈ ਫਾਇਦੇਮੰਦ ਹੈ ਕਿਉਂਕਿ ਇਸ ਵਿਚ ਹਾਨੀਕਾਰਕ ਤੱਤਾਂ ਨੂੰ ਨਹੀਂ ਮਿਲਾਇਆ ਗਿਆ ਹੈ ਅਤੇ ਸ਼ੁੱਧ ਤੌਰ ਤੇ ਘਰੇ ਹੀ ਬਣਾਇਆ ਗਿਆ ਹੈ। ਐਲੋਵੇਰਾ ਚਮੜੀ ਦੇ ਲਈ ਇਕ ਬਿਹਤਰੀਨ ਮੌਸਚੁਰਾਈਜਰ ਵਾਂਗ ਕੰਮ ਕਰਦਾ ਹੈ। ਇਹ ਚਿਹਰੇ ਤੇ ਦਾਗ-ਧੱਬੇ, ਕਿੱਲ-ਮੁਹਾਸੇ, ਝੁਰੜੀਆਂ ਅਤੇ ਛਾਈਆਂ ਮਿਟਾ ਕੇ ਤੁਹਾਡੀ ਚਮੜੀ ਨੂੰ ਖ਼ੂਬਸੂਰਤ ਅਤੇ ਗਲੋਇੰਗ ਬਣਾਉਂਦਾ ਹੈ। ਲਗਾਤਾਰ ਪ੍ਰਯੋਗ ਕਰਨ ਨਾਲ ਹੌਲੀ-ਹੌਲੀ ਚਮੜੀ 'ਤੇ ਨਿਖਾਰ ਵੀ ਆਉਣ ਲੱਗਦਾ ਹੈ। ਇਸ ਤੋਂ ਇਲਾਵਾ ਐਲੋਵੇਰਾ ਨਾਲ ਬਣਿਆ ਇਹ ਸਾਬਣ ਤੁਹਾਡੀ ਚਮੜੀ ਦੇ ਲਈ ਸਨਸਕ੍ਰੀਨ ਦਾ ਵੀ ਕੰਮ ਕਰਦਾ ਹੈ ਕਿਉਂਕਿ ਐਲੋਵੇਰਾ ਸਨਬਰਨ ਅਤੇ ਅਲਟ੍ਰਾਇਲਟ ਕਿਰਨਾਂ ਦੇ ਕਾਰਨ ਚਮੜੀ ਨੂੰ ਹੋਣ ਵਾਲੀਆਂ ਹਾਨੀਆਂ ਤੋਂ ਬਚਾਉਂਦਾ ਹੈ।

## ਆਫਿਸ ਵਿਚ ਤਰੋਤਾਜ਼ਾ ਦਿੱਸਣਾ ਹੋਵੇ ਤਾਂ ਅਜ਼ਮਾਓ ਇਹ ਮੇਕਅਪ ਟ੍ਰਿਕਸ



ਕੰਮਕਾਜੀ ਔਰਤਾਂ ਦਾ ਜ਼ਿਆਦਾਤਰ ਵਕਤ ਆਫਿਸ ਵਿਚ ਹੀ ਲੰਘਦਾ ਹੈ। ਅਜਿਹੇ ਵਿਚ ਅਚਾਨਕ ਹੋਣ ਵਾਲੀ ਆਫ਼ੀਸ਼ੀਅਲ ਮੀਟਿੰਗ, ਆਊਟਡੋਰ ਈਵੈਂਟ ਜਾਂ ਕਿਸੇ ਪ੍ਰੈਜੈਂਟੇਸ਼ਨ ਵਿਚ ਪ੍ਰੈਜੈਂਟੇਬਲ ਦਿੱਸਣਾ ਬਹੁਤ ਹੀ ਜ਼ਰੂਰੀ ਹੁੰਦਾ ਹੈ। ਆਓ ਜਾਣਦੇ ਹਾਂ ਬਿਊਟੀ ਪ੍ਰਾਡਕਟਾਂ ਦੇ ਖਾਸ ਟ੍ਰਿਕਸ, ਜਿਹਨਾਂ ਨਾਲ ਤੁਸੀਂ ਸਾਰਾ ਦਿਨ ਖ਼ੂਬਸੂਰਤ ਅਤੇ ਖਿੜੀ-ਖਿੜੀ ਮਹਿਸੂਸ ਹੋ ਸਕਦੀ ਹੋ।

ਆਫਿਸ ਵਿਚ ਦਿਨ ਭਰ ਏਅਰ ਕੰਡੀਸ਼ਨ ਵਿਚ ਬੈਠਣ ਦੇ ਕਾਰਨ ਕੇਵਲ ਤੁਹਾਡੀ ਚਮੜੀ ਹੀ ਡ੍ਰਾਈ ਨਹੀਂ ਹੁੰਦੀ ਬਲਕਿ ਇਸਦੇ ਨਾਲ-ਨਾਲ ਵਾਲ ਵੀ ਰੁੱਖੇ ਹੋ ਜਾਂਦੇ ਹਨ ਅਤੇ ਆਪਸ ਵਿਚ ਉਲਝਦੇ ਰਹਿੰਦੇ ਹਨ। ਵਾਲਾਂ ਵਿਚ ਨਮੀ ਬਰਕਰਾਰ ਰੱਖਣ ਦੇ ਲਈ ਅਤੇ ਉਹਨਾਂ ਨੂੰ ਉਲਝਣ ਤੋਂ ਬਚਾਉਣ ਦੇ ਲਈ ਹੇਅਰ ਸੀਰਮ ਦਾ ਜ਼ਰੂਰ ਇਸਤੇਮਾਲ ਕਰੋ। ਇਸ ਨਾਲ ਤੁਹਾਡੇ ਵਾਲ ਹੈਲਦੀ ਅਤੇ ਸ਼ਾਇਨੀ ਦਿੱਸਣਗੇ।

ਜੇਕਰ ਤੁਹਾਡੇ ਉਪਰ ਲਿਪਸ ਅਤੇ ਦੰਦਾਂ 'ਤੇ ਅਕਸਰ ਲਿਪਸਟਿਕ ਲੱਗ ਜਾਂਦੀ ਹੈ, ਜਿਸ ਕਾਰਨ ਤੁਹਾਨੂੰ ਸ਼ਰਮਿੰਦਾ ਹੋਣਾ ਪੈਂਦਾ ਹੈ ਤਾਂ ਤੁਹਾਨੂੰ ਲਾਂਗ ਲਾਸਟਿੰਗ ਲਿਪਸਟਿਕ ਦੀ ਵਰਤੋਂ ਕਰਨਾ ਚਾਹੀਦਾ ਹੈ ਜੋ ਕਿ ਵਾਟਰ ਪਰੂਫ ਅਤੇ ਟ੍ਰਾਂਸਫ਼ਰ ਪਰੂਫ ਹੋਣ। ਨਾਲ ਹੀ ਜਿਸਦਾ ਕਲਰ ਦਿਨ ਭਰ ਬਰਕਰਾਰ ਰਹੇ। ਮਾਰਕੀਟ ਵਿਚ ਆਨਲਾਈਨ ਤੁਹਾਨੂੰ ਕਈ ਅਜਿਹੇ ਲੌਂਗ ਲਾਸਟਿੰਗ ਲਿਪਸਟਿਕ ਮਿਲ ਜਾਣਗੇ।

ਪ੍ਰਾਈਮਰ ਨਾਲ ਚਿਹਰੇ ਤੇ ਫਾਉਂਡੇਸ਼ਨ ਅਕਸਰ ਰਹਿੰਦੀ ਹੈ, ਜਿਸ ਨਾਲ ਤੁਹਾਡੀ ਚਮੜੀ ਬੇਹੱਦ ਮੁਲਾਇਮ ਹੋ ਜਾਂਦੀ ਹੈ। ਆਫਿਸ ਵਿਚ ਕਈ ਵਾਰ ਤੁਹਾਨੂੰ ਮੀਟਿੰਗ ਤੋਂ ਦੂਜੀ ਮੀਟਿੰਗ ਵਿਚ ਜਾਣਾ ਪੈਂਦਾ ਹੈ, ਅਜਿਹੇ ਵਿਚ ਟੱਚਅਪ ਦਾ ਵੀ ਵਕਤ ਨਹੀਂ ਮਿਲਦਾ ਹੈ, ਜਿਸ ਨਾਲ ਚਿਹਰਾ ਕਾਫ਼ੀ ਡੱਲ ਅਤੇ ਥੱਕਿਆ ਜਿਹਾ ਦਿੱਸਦਾ ਹੈ। ਜੇਕਰ ਤੁਸੀਂ ਆਪਣੇ ਫੇਸ 'ਤੇ ਪ੍ਰਾਈਮਰ ਅਪਲਾਈ ਕਰਦੀ ਹੋ ਤਾਂ ਤੁਹਾਡਾ ਚਿਹਰਾ ਪੂਰਾ ਦਿਨ ਤਰੋਤਾਜ਼ਾ ਦਿੱਸੇਗਾ।

ਆਫਿਸਰ ਦੇ ਲਈ ਕੁੱਲ ਚਾਰ ਪ੍ਰਾਡਕਟ ਹੀ ਕਾਫ਼ੀ ਹਨ। ਇਹਨਾਂ ਵਿਚ ਕਾਜਲ ਜਾਂ ਆਈਲਾਈਨਰ ਨੂੰ ਵੀ ਬੈਗ ਵਿਚ ਜਗ੍ਹਾ ਦੇਣਾ ਨਾ ਭੁੱਲੋ। ਇਸ ਤੋਂ ਇਲਾਵਾ ਫਾਊਂਡੇਸ਼ਨ ਪੈਨਸਿਲ ਨੂੰ ਵੀ ਅੱਖਾਂ ਦੇ ਆਸ-ਪਾਸ ਲਗਾਓ।

ਅੱਜਕਲ੍ਹ ਅੱਖਾਂ ਦੇ ਹੇਠਾਂ ਡਾਰਕ ਸਰਕਲਜ਼ ਦੀ ਸਮੱਸਿਆ ਆਮ ਹੈ, ਇਸ ਕਰਕੇ ਆਫਿਸ ਜਾਂ ਮੀਟਿੰਗ ਦੇ ਲਈ ਨਿਕਲਦੇ ਵਕਤ ਫਾਊਂਡੇਸ਼ਨ ਪੈਨਸਿਲ ਨਾਲ ਅੱਖਾਂ ਦੇ ਕੋਲ ਬਲੈਂਡ ਕਰੋ। ਕਾਜਲ ਅਤੇ ਆਈਲਾਈਨਰ ਨਾਲ ਆਪਣੇ ਲੁਕ ਨੂੰ ਕੰਪਲੀਟ ਕਰੋ।



## ਭਾਰਤ ਵਿਚ ਸੰਤੁਲਿਤ ਭੋਜਨ ਦੀ ਕਮੀ ਨਾਲ ਹੁੰਦੀਆਂ ਨੇ ਸੈਂਕੜੇ ਮੌਤਾਂ

ਭਾਰਤ ਵਿੱਚ ਸੰਤੁਲਿਤ ਭੋਜਨ ਦੀ ਕਮੀ ਕਾਰਨ ਹਰ ਵਰ੍ਹੇ ਸੈਂਕੜੇ ਮੌਤਾਂ ਹੁੰਦੀਆਂ ਹਨ। ਵਿਸ਼ਵ ਪੱਧਰ 'ਤੇ ਇਹ ਅੰਕੜਾ ਪੰਜ ਵਿਚੋਂ ਇੱਕ ਵਿਅਕਤੀ ਦੀ ਮੌਤ ਦਾ ਹੈ। ਇਹ ਖੁਲਾਸਾ ਲੈਂਸੇਟ ਪੱਤ੍ਰਿਕਾ ਨੇ ਇੱਕ ਸਰਵੇਖਣ ਵਿਚ ਕੀਤਾ ਹੈ। ਰਿਪੋਰਟ ਅਨੁਸਾਰ 195 ਮੁਲਕਾਂ ਦੇ 1990 ਤੋਂ 2017 ਤੱਕ ਦੇ 15 ਭੋਜਨ ਤੱਤਾਂ ਨੂੰ ਦੇਖਿਆ ਗਿਆ। ਇਸ ਤੋਂ ਪਤਾ ਲੱਗਿਆ ਕਿ ਵਿਸ਼ਵ ਦੇ ਲਗਭਗ ਹਰ ਹਿੱਸੇ ਦੇ ਲੋਕ ਆਪਣੇ ਖਾਣ-ਪੀਣ ਨੂੰ ਸੰਤੁਲਿਤ ਕਰਕੇ ਲਾਭ ਉਠਾ ਸਕਦੇ ਹਨ। ਇਸ ਸਰਵੇਖਣ ਵਿਚ ਕਿਹਾ ਗਿਆ ਹੈ ਕਿ ਵਿਸ਼ਵ ਭਰ ਵਿੱਚ ਅੰਦਾਜ਼ਨ ਪੰਜ ਵਿੱਚੋਂ ਇੱਕ ਵਿਅਕਤੀ ਦੀ ਮੌਤ ਸੰਤੁਲਿਤ ਭੋਜਨ ਅਤੇ ਪੌਸ਼ਟਿਕ ਤੱਤਾਂ ਦੀ ਘਾਟ ਨਾਲ ਜੁੜੀ ਹੈ ਅਤੇ ਇਹ ਅੰਕੜਾ ਲਗਭਗ ਇੱਕ ਕਰੋੜ ਦਸ ਲੱਖ ਮੌਤਾਂ ਦੇ ਬਰਾਬਰ ਹੈ। ਸੰਤੁਲਿਤ ਭੋਜਨ ਦੀ ਘਾਟ ਕਈ ਭਿਆਨਕ ਰੋਗਾਂ ਦਾ ਕਾਰਨ ਬਣਦੀ ਹੈ। ਭੋਜਨ ਸਬੰਧੀ ਮਾਮਲਿਆਂ ਵਿੱਚ ਸਾਲ 2017 ਵਿਚ ਸਾਬਤ ਅਨਾਜ, ਫਲ, ਮੇਵੇ ਜਿਹੇ ਭੋਜਨ ਦੀ ਕਾਫੀ ਘੱਟ ਖੁਰਾਕ ਜ਼ਿਆਦਾਤਰ ਮੌਤਾਂ ਦਾ ਕਾਰਨ ਬਣੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਾਬਤ ਅਨਾਜ ਦੀ ਘੱਟ ਖੁਰਾਕ- ਪ੍ਰਤੀਦਿਨ 125 ਗ੍ਰਾਮ ਤੋਂ ਘੱਟ-ਭਾਰਤ, ਅਮਰੀਕਾ, ਬ੍ਰਾਜ਼ੀਲ, ਪਾਕਿਸਤਾਨ, ਨਾਇਜੀਰੀਆ, ਰੂਸ, ਮਿਸਰ, ਜਰਮਨੀ, ਇਰਾਨ ਅਤੇ ਤੁਰਕੀ ਵਿੱਚ ਮੌਤਾਂ ਅਤੇ ਬਿਮਾਰੀਆਂ ਦਾ ਕਾਰਨ ਬਣੀ। ਬੰਗਲਾਦੇਸ਼ ਵਿਚ ਫ਼ਲਾਂ ਦੀ ਘੱਟ ਖੁਰਾਕ ਪ੍ਰਤੀਦਿਨ 250 ਗ੍ਰਾਮ ਤੋਂ ਘੱਟ ਭੋਜਨ ਸਬੰਧੀ ਮੌਤਾਂ ਦਾ ਪ੍ਰਮੁੱਖ ਕਾਰਨ ਬਣੀ। ਰਿਪੋਰਟ ਵਿੱਚ ਕਿਹਾ ਗਿਆ ਕਿ 2017 ਵਿਚ ਭੋਜਨ ਸਬੰਧੀ ਮੌਤਾਂ ਦੀ ਸਭ ਤੋਂ ਘੱਟ ਦਰ ਇਜ਼ਰਾਈਲ, ਫਰਾਂਸ, ਸਪੇਨ, ਜਾਪਾਨ ਅਤੇ ਅੰਡੋਰਾ ਵਿਚ ਰਹੀ। ਭਾਰਤ ਇਨ੍ਹਾਂ ਵਿਚੋਂ 118ਵੇਂ ਸਥਾਨ 'ਤੇ ਰਿਹਾ, ਜਿੱਥੇ ਔਸਤਨ ਇੱਕ ਲੱਖ ਲੋਕਾਂ ਪਿਛੇ 310 ਮੌਤਾਂ ਸੰਤੁਲਿਤ ਭੋਜਨ ਦੀ ਕਮੀ ਕਾਰਨ ਹੋਈਆਂ।

# ਵਿਸ਼ਵ ਪੰਜਾਬੀ ਕਾਨਫਰੰਸਾਂ ਅਤੇ ਵਰਲਡ ਪੰਜਾਬੀ ਸੈਂਟਰ



ਡਾ. ਬਲਕਾਰ ਸਿੰਘ
ਡਾਇਰੈਕਟਰ ਵਰਲਡ ਪੰਜਾਬੀ ਸੈਂਟਰ

ਜਿਨ੍ਹਾਂ ਨੇ ਵਰਲਡ ਪੰਜਾਬੀ ਸੈਂਟਰ (ਵਪਸ) ਨੂੰ ਚਿਤਵਿਆ ਸੀ, ਉਨ੍ਹਾਂ ਨੇ ਇਸ ਨੂੰ ਗਲੋਬਲ ਹੋ ਗਏ ਪੰਜਾਬੀਆਂ ਵਾਸਤੇ 'ਨੋਡਲ' ਏਜੰਸੀ ਵਜੋਂ ਹੀ ਚਿਤਵਿਆ, ਇਸ ਲਈ ਕਹਿਣਾ ਚਾਹੁੰਦਾ ਹਾਂ ਕਿਉਂਕਿ ਇਹ ਆਪਣੇ ਸੁਭਾ ਅਤੇ ਪ੍ਰਗਟਾਵੇ ਵਿਚ ਦੁਨੀਆਂ ਭਰ ਦੇ ਪੰਜਾਬੀਆਂ ਦਾ ਸਾਂਝਾ ਪਲੈਟਫਾਰਮ ਹੈ। ਇਹ ਵੱਖਰੀ ਗੱਲ ਹੈ ਕਿ ਇਸ ਪਾਸੇ 'ਵਪਸ' ਬਹੁਤ ਸਾਰੇ ਕਾਰਨਾਂ ਕਰਕੇ ਤੁਰ ਨਹੀਂ ਸਕਿਆ। ਕਿਸੇ ਵੀ ਦਿਸ਼ਾ ਵਿਚ ਤੁਰਨ ਵਾਸਤੇ ਪਹਿਲਾ ਕਦਮ ਤਾਂ ਪੁੱਟਣਾ ਹੀ ਪੈਣਾ ਹੈ। ਇਸ ਦੀ ਲੋੜ ਵੱਖ ਵੱਖ ਨਾਂਵਾਂ ਹੇਠ ਹੋ ਰਹੀਆਂ ਪੰਜਾਬੀ ਕਾਨਫਰੰਸਾਂ ਨਾਲ ਸਾਹਮਣੇ ਆ ਗਈ ਹੈ। ਪੰਜਾਬੀਆਂ ਦੀਆਂ ਅਕਾਂਖਿਆਵਾਂ ਅਤੇ ਦੁਸ਼ਵਾਰੀਆਂ ਨਾਲ ਜੁੜਿਆ ਕੋਈ ਵੀ ਯਤਨ ਅਸਲੋਂ ਚੰਗਾ ਜਾਂ ਅਸਲੋਂ ਬੁਰਾ ਕਹਿ ਕੇ ਪੱਲਾ ਨਹੀਂ ਝਾੜਿਆ ਜਾ ਸਕਦਾ, ਕਿਉਂਕਿ ਇਹੀ ਤਾਂ ਸਮੱਸਿਆ ਹੈ ਅਤੇ ਇਸੇ ਦਾ ਹੱਲ ਲੱਭਣ ਦੀ ਲੋੜ ਹੈ।

ਕੁਝ ਚਿਰ ਪਹਿਲਾਂ ਇਸ ਮੁੱਦੇ 'ਤੇ 'ਵਸਪ' ਵਿਖੇ ਚਰਚਾ ਕਰਵਾਈ ਗਈ ਸੀ ਕਿ ਪੰਜਾਬੀਆਂ ਦੀਆਂ ਸਮੱਸਿਆਵਾਂ ਦੀ ਜੜ੍ਹ ਵਿਚ ਮੁੱਦਾਹੀਣਤਾ (Agenda-lessness) ਪਈ ਹੈ। ਪਾਰਦਰਸ਼ੀ ਮੁੱਦਾ ਹੀ ਬੰਦਿਆਂ ਵੱਲੋਂ ਕੀਤੀਆਂ ਨੂੰ ਬੰਦੇ ਜੇਡਾ ਰਹਿ ਜਾਣ ਤੋਂ ਬਚਾ ਸਕਦਾ ਹੈ ਅਤੇ ਇਹ ਵਰਤਮਾਨ ਦੀ ਵੱਡੀ ਲੋੜ ਹੋ ਗਿਆ ਹੈ। ਇਸ ਦ੍ਰਿਸ਼ਟੀ ਤੋਂ ਹੋ ਰਹੀਆਂ ਪੰਜਾਬੀ ਕਾਨਫਰੰਸਾਂ ਬਾਰੇ ਨਿੱਠ ਕੇ ਵਿਚਾਰ ਕੀਤੇ ਜਾਣ ਦੀ ਲੋੜ ਹੈ। ਪਰਵਾਸ ਨਾਲ ਪੈਦਾ ਹੋਈਆਂ ਦੁਸ਼ਵਾਰੀਆਂ ਨੂੰ ਹੋਣੀ ਵਾਂਗ ਭੋਗਦੇ ਪੰਜਾਬੀਆਂ ਵੱਲੋਂ ਸਾਂਝੀ ਰਾਏ ਬਣਾਉਣ ਦੀ ਥਾਂ ਵਿਅਕਤੀਗਤ ਯਤਨਾਂ ਨਾਲ ਸੰਤੁਸ਼ਟ ਹੋਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸਮੱਸਿਆਵਾਂ ਕਿਉਂਕਿ ਬਹੁ-ਪਰਤੀ ਹਨ ਅਤੇ ਹੁੰਦੇ ਰਹੇ ਤੇ ਹੋ ਰਹੇ ਯਤਨ ਅਕਸਰ ਇਕ-ਪਰਤੀ ਨਜ਼ਰ ਆਉਂਦੇ ਹਨ। ਇਸ ਨਾਲ ਮਾਅਰਕੇਬਾਜ਼ੀ, ਚੌਧਰ-ਅਵਸਰ ਅਤੇ ਵਕਤੀ ਸੰਤੁਸ਼ਟੀ ਤਾਂ ਪੈਦਾ ਹੁੰਦੀ ਰਹੀ ਹੈ, ਪਰ ਲਾਮਬੰਦੀ ਤੇ ਲਹਿਰ ਵੱਲ ਸੇਧਤ ਕੋਸ਼ਿਸ਼ਾਂ ਸਾਹਮਣੇ ਨਹੀਂ ਆਈਆਂ। ਕਾਰਨ ਬਹੁਤ ਸਾਰੇ ਹੋ ਸਕਦੇ ਹਨ, ਪਰ ਵੱਡਾ ਕਾਰਨ ਇਹੀ ਲੱਗਦਾ ਹੈ ਕਿ ਸਿਰ ਪਈਆਂ ਨਜਿੱਠਣ ਦੇ ਪੰਜਾਬੀ ਸੁਭਾ ਨੇ ਅਗਾਊਂ ਪ੍ਰੋਗਰਾਮਿੰਗ ਤੇ ਪਲੈਨਿੰਗ ਵਾਲੇ ਪਾਸੇ ਤੁਰਨ ਹੀ ਨਹੀਂ ਦਿੱਤਾ। ਪਰਵਾਸ ਨਾਲ ਬਹੁ-ਸਭਿਆਚਾਰ ਪ੍ਰਸੰਗ ਵਿਚ ਪੈਦਾ ਹੋ ਗਏ ਵਰਤਾਰਿਆਂ ਵਿਚ ਪੰਜਾਬੀਆਂ ਨੇ ਜਿੰਨਾ ਮਿਹਨਤ ਨਾਲ ਕਮਾਇਆ ਹੈ, ਓਨਾਂ ਅਕਲ ਨਾਲ ਸ਼ਾਇਦ ਨਹੀਂ ਕਮਾਇਆ।



ਪੰਜਾਬੀ, ਦੁਨੀਆਂ ਵਿਚ ਜਿੱਥੇ ਵੀ ਗਏ ਹਨ, ਪੰਜਾਬੀ ਸੁਭਾ ਨੂੰ ਤਾਂ ਨਾਲ ਲੈ ਕੇ ਗਏ ਹਨ, ਪਰ ਪੰਜਾਬੀ ਸੁਜੱਗਤਾ ਨਾਲ ਨਿਭਣ ਦੀ ਦ੍ਰਿੜ੍ਹਤਾ ਨਾਲ ਕਿਹੜੇ ਕਾਰਨਾਂ ਕਰਕੇ ਨਹੀਂ ਨਿਭ ਸਕੇ, ਇਸ ਨੂੰ ਪੰਜਾਬੀ ਕਾਨਫਰੰਸਾਂ ਦਾ ਮੁੱਦਾ ਬਣਾਏ ਜਾਣ ਦੀ ਲੋੜ ਹੈ। ਇਸੇ ਕਰਕੇ ਪੰਜਾਬੀ ਪਰਵਾਸੀਆਂ ਦੀ ਪਹਿਲੀ ਪੀੜ੍ਹੀ ਦਾ ਮੰਤਰ ਜੇ ਮਿਹਨਤ ਸੀ ਤਾਂ ਦੂਜੀ ਜਾਂ ਵਰਤਮਾਨ ਪੀੜ੍ਹੀ ਦਾ ਮੰਤਰ ਮਿਹਨਤ ਦੇ ਨਾਲ ਨਾਲ ਚੇਤਨਾ ਵੀ ਹੋ ਗਿਆ ਹੈ। ਦੂਜੀ ਪੀੜ੍ਹੀ ਨਾਲ ਕਦਮ ਮਿਲਾ ਕੇ ਚੱਲਣ ਦੀ ਕੋਸ਼ਿਸ਼ ਵਿਚੋਂ ਅਜਿਹੇ ਵਰਤਾਰੇ ਪੈਦਾ ਹੋਏ ਹਨ, ਜਿਨ੍ਹਾਂ ਵਿਚੋਂ ਇਕ ਪੰਜਾਬੀ ਕਾਨਫਰੰਸਾਂ ਹਨ। ਦੂਜੀ ਪੀੜ੍ਹੀ ਨੇ ਸਿਆਸਤ ਵਿਚ ਮੱਲਾਂ ਮਾਰੀਆਂ ਤਾਂ ਪਹਿਲੀ ਪੀੜ੍ਹੀ ਨੇ ਭਾਸ਼ਾ ਦੀ ਸਿਆਸਤ, ਵਿਰਸੇ ਦੀ ਸਿਆਸਤ ਅਤੇ ਚੌਧਰ ਦੀ ਸਿਆਸਤ ਵੱਲ ਮੋੜਾ ਕੱਟ ਲਿਆ। ਧੀਆਂ-ਪੁੱਤਰਾਂ ਦੇ ਮਗਰ ਲੱਗ ਕੇ ਗਏ ਪੰਜਾਬੀਆਂ ਦੀਆਂ ਪੀੜ੍ਹੀਆਂ ਵਿਚੋਂ ਬਹੁਤੇ ਪੜ੍ਹੇ-ਲਿਖੇ ਹਨ। ਇਹ ਸੋਚ ਵਿਚ ਅਗਾਂਹਵਧੂ ਹੋਣ ਦੇ ਬਾਵਜੂਦ ਸੁਭਾ ਵਿਚ ਚਾਹੁਣ ਦੇ ਬਾਵਜੂਦ ਵੀ ਬਹੁਤੇ ਨਹੀਂ ਬਦਲੇ। ਛੇਤੀ ਅਮੀਰ ਹੋਣ ਦੇ ਲਾਲਚ ਨੇ ਬਹੁਤਿਆਂ ਨੂੰ ਬੌਂਦਲਾਇਆ ਹੋਇਆ ਹੈ। ਅਜਿਹੀ ਹਫੜਾਦਫੜੀ ਤੋਂ ਪੰਜਾਬੀ ਕਾਨਫਰੰਸਾਂ ਵੀ ਬਚੀਆਂ ਹੋਈਆਂ ਨਹੀਂ ਹਨ ਅਤੇ ਇਸ ਦਾ ਪ੍ਰਗਟਾਵਾ ਕਿਸੇ ਨਾ ਕਿਸੇ ਰੂਪ ਵਿਚ ਪ੍ਰਗਟ ਵੀ ਹੋਣ ਲੱਗ ਪਿਆ ਹੈ ਅਤੇ ਪੰਜਾਬੀ ਕਾਨਫਰੰਸਾਂ ਪੁਰਾਣੀਆਂ ਸਾਹਿਤ ਸਭਾਵਾਂ ਵਰਗੀਆਂ ਹੀ ਲੱਗਣ ਲੱਗ ਪਈਆਂ ਹਨ।

ਇਹ ਸਭ ਨੂੰ ਪਤਾ ਲੱਗ ਗਿਆ ਹੈ ਕਿ ਹੋ ਰਹੀਆਂ ਪੰਜਾਬੀ ਕਾਨਫਰੰਸਾਂ ਜਿੰਨੀਆਂ ਆਪਣੇ ਪ੍ਰਬੰਧਕੀ ਫੱਟਿਆਂ ਕਰਕੇ ਦਿੱਸਣ ਲੱਗ ਪਈਆਂ ਹਨ, ਓਨੀਆਂ ਆਪਣੀਆਂ ਪ੍ਰਾਪਤੀਆਂ ਕਰਕੇ ਨਜ਼ਰ ਨਹੀਂ ਆਉਂਦੀਆਂ। ਕਾਨਫਰੰਸਾਂ ਵਿਚ ਸ਼ਾਮਲ ਸੰਬੋਧਕਾਂ ਅਤੇ ਸੰਬੋਧਤਾਂ ਨੂੰ ਧਿਆਨ ਵਿਚ ਰੱਖ ਲਈਏ ਤਾਂ ਕਾਨਫਰੰਸਾਂ ਆਪੇ ਕਹਿਣ ਤੇ ਆਪੇ ਸੁਣਨ ਵਰਗੀਆਂ ਪਰਸਪਰ ਮਹਿਮਾ ਸਭਾਵਾਂ ਲੱਗਣ ਲੱਗ ਪਈਆਂ ਹਨ। ਇਸ ਹਾਲਤ ਵਿਚ ਇਹ ਸੋਚੇ ਜਾਣ ਦੀ ਲੋੜ ਹੈ ਕਿ ਹੋ ਰਹੇ ਦੁਹਰਾਉ ਤੋਂ ਬਚਣ ਲਈ ਸਭ ਨੂੰ 'ਨੋਡਲ' ਏਜੰਸੀ ਨਾਲ ਕਿਵੇਂ ਜੋੜਿਆ ਜਾਵੇ? ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ 'ਵਪਸ' ਦੇ ਘਾੜਿਆਂ (ਪੂਰਬੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿ-ੰਦਰ ਸਿੰਘ ਅਤੇ ਪੱਛਮੀ ਪੰਜਾਬ ਦੇ ਮੁੱਖ ਮੰਤਰੀ ਚੌਧਰੀ ਪ੍ਰਵੇਜ਼ ਇਲਾਹੀ, 2004) ਨੇ ਦੋਹਾਂ ਦੇਸ਼ਾਂ ਦੇ ਪੰਜਾਬੀਆਂ ਵਾਸਤੇ ਚਿਤਵਿਆ ਸੀ। ਇਸ ਪਲੈਟਫਾਰਮ ਨੂੰ ਗਲੋਬਲ ਪੰਜਾਬ ਦੇ ਪੰਜਾਬੀਆਂ ਵਾਸਤੇ ਵਰਤੇ ਜਾਣ ਵਾਲੀ 'ਨੋਡਲ' ਏਜੰਸੀ ਹੋ ਸਕਣ ਦੀਆਂ ਸੰਭਾਵਨਾਵਾਂ ਬਾਰੇ ਸੋਚਣਾ ਚਾਹੀਦਾ ਹੈ। ਇਸ ਦਾ ਇਕ ਮਾਡਲ ਡਾ. ਜਸਪਾਲ ਸਿੰਘ ਦੀ ਅਗਵਾਈ ਵਿਚ ਭਾਰਤੀ ਪੰਜਾਬੀ ਕਾਨਫਰੰਸਾਂ ਦੇ ਰੂਪ ਵਿਚ ਸਾਹਮਣੇ ਆ ਚੁਕਾ ਹੈ।

ਇਸ ਦੀ ਸ਼ੁਰੂਆਤ ਬੇਸ਼ੱਕ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਕੀਤੀ ਗਈ ਸੀ, ਪਰ ਇਸੇ ਨੂੰ ਭਾਰਤ ਵਿਚਲੇ ਵੱਖ ਵੱਖ ਸੂਬਿਆਂ ਦੇ ਪੰਜਾਬੀਆਂ ਨੇ ਰੀਝ ਨਾਲ ਅਪਨਾ ਲਿਆ ਸੀ। ਇਸ ਨਾਲ ਪੰਜਾਬੀਆਂ ਦੀਆਂ ਸਮੱਸਿਆਵਾਂ ਦੀ ਨਿਸ਼ਾਨਦੇਹੀ ਵੀ ਹੋਣ ਲੱਗ ਸਕਦੀ ਹੈ ਅਤੇ ਸਮੱਸਿਆਵਾਂ ਦੇ ਹੱਲ ਵਾਸਤੇ ਸਾਂਝੀ ਸਮਝ ਵੀ ਬਣਾਈ ਜਾ ਸਕਦੀ ਹੈ। ਇਸੇ ਬਾਰੇ ਜਦੋਂ ਰਲ ਕੇ ਸੋਚਾਂਗੇ ਤਾਂ ਹੋਰ ਵੀ ਪਹਿਲੂ ਸਾਹਮਣੇ ਆ ਜਾਣਗੇ। ਬਤੌਰ 'ਵਪਸ' ਡਾਇਰੈਕਟਰ ਕਹਿਣਾ ਚਾਹੁੰਦਾ ਹਾਂ ਕਿ ਜ਼ਿੰਮੇਵਾਰੀਆਂ ਨੂੰ ਅਹੁਦੇਦਾਰੀਆਂ ਦੇ ਦਖਲ ਤੋਂ ਮੁਕਤ ਕਰਕੇ ਹੀ ਠੀਕ ਸੇਧ ਵੱਲ ਵਧਿਆ ਜਾ ਸਕਦਾ ਹੈ। ਇਸ ਵੱਲ ਪਹਿਲ ਦੇ ਆਧਾਰ 'ਤੇ ਧਿਆਨ ਨਹੀਂ ਦੇਵਾਂਗੇ ਤਾਂ ਵਿਸ਼ਵ ਸਰੋਕਾਰਾਂ ਨੂੰ ਸਥਾਨਕ ਤੱਦੀਆਂ ਤੋਂ ਕੁਰਬਾਨ ਕਰ ਰਹੇ ਹੋਵਾਂਗੇ।

# ਪੰਜਾਬ ਵਿੱਚ ਮਹਾਂਮਾਰੀ ਵਾਂਗ ਫੈਲਿਆ ਹੋਇਆ ਗੰਨਮੈਨ ਕਲਚਰ!



ਬਲਰਾਜ ਸਿੰਘ ਸਿੱਧੂ
ਐਸ. ਪੀ.
9815124449

ਪੰਜਾਬ ਵਿੱਚ ਲੋਕਾਂ 'ਤੇ ਰੋਅਬ ਪਾਉਣ ਦਾ ਸਭ ਤੋਂ ਸੌਖਾ ਤਰੀਕਾ ਸਮਝਿਆ ਜਾਂਦਾ ਹੈ ਸਰਕਾਰੀ ਗੰਨਮੈਨ ਲੈ ਕੇ ਲਾਲ ਬੱਤੀ ਵਾਲੀ ਗੱਡੀ ਵਿੱਚ ਘੁੰਮਣਾ। ਜਦੋਂ ਵੀ ਸਰਕਾਰ ਬਦਲਦੀ ਹੈ, ਸੱਤਾਧਾਰੀ ਕਥਿੱਤ ਵੀ.ਆਈ.ਪੀਆਂ. ਦੀ ਜਾਨ ਨੂੰ ਖਤਰਾ ਵਧ ਜਾਂਦਾ ਹੈ ਤੇ ਉਹਨਾਂ ਵਿੱਚ ਗੰਨਮੈਨ ਲੈਣ ਦੀ ਹੋੜ ਮੱਚ ਜਾਂਦੀ ਹੈ। ਬਲਾਕ ਪ੍ਰਧਾਨ ਵੀ 2-2, 3-3 ਗੰਨਮੈਨ ਅਲਾਟ ਕਰਵਾ ਲੈਂਦਾ ਹੈ। ਮੇਅਰ-ਡਿਪਟੀ ਮੇਅਰ ਵੀ ਕਈ ਕਈ ਗੰਨਮੈਨ ਲਈ ਫਿਰਦੇ ਹਨ। ਵੈਸੇ ਵਿਚਾਰੇ ਪੰਚਾਂ-ਸਰਪੰਚਾਂ ਨੂੰ ਅਜੇ ਗੰਨਮੈਨ ਮਿਲਣੇ ਸ਼ੁਰੂ ਨਹੀਂ ਹੋਏ। ਕਿਸੇ ਬੰਦੇ ਦੀ ਰਾਜਸੀ ਪਹੁੰਚ ਉਸ ਦੇ ਗੰਨਮੈਨਾਂ ਦੀ ਗਿਣਤੀ ਤੇ ਹਥਿਆਰਾਂ ਦੀ ਕਿਸਮ ਤੋਂ ਨਿਸ਼ਚਿਤ ਹੁੰਦੀ ਹੈ। ਜਿਸ ਦੇ ਗੰਨਮੈਨ ਕੋਲ ਏ.ਕੇ. 47 ਹੋਵੇ, ਉਹ ਵਿਅਕਤੀ ਵੱਡਾ ਵੀ.ਆਈ.ਪੀ. ਸਮਝਿਆ ਜਾਂਦਾ ਹੈ। ਮੈਂ ਅਜਿਹੇ ਕਈ ਠੱਗਾਂ ਨੂੰ ਜਾਣਦਾ ਹਾਂ ਜਿਹਨਾਂ ਨੇ ਲੋਕਾਂ ਦੇ ਕਰੋੜਾਂ ਰੁਪਏ ਮਾਰੇ ਹੋਏ ਹਨ, ਪਰ ਸਿਰਫ ਗੰਨਮੈਨਾਂ ਦੇ ਸਿਰ 'ਤੇ ਛਿੱਤਰਾਂ ਤੋਂ ਬਚੇ ਹੋਏ ਹਨ। ਕਈ ਵਿਚਾਰੇ ਤਾਂ ਸਿਰਫ ਚਾਰ ਦਿਨ ਗੰਨਮੈਨਾਂ ਦਾ ਸਵਾਦ ਵੇਖਣ ਲਈ ਹੀ ਹਰੇਕ ਵਿਧਾਨ ਸਭਾ ਅਤੇ ਪਾਰਲੀਮੈਂਟ ਚੋਣ ਵੇਲੇ ਕਾਗਜ਼ ਭਰ ਦਿੰਦੇ ਹਨ। ਬਹੁਤੇ ਲੀਡਰਾਂ ਦੀ ਜਾਨ ਨੂੰ ਸਿਰਫ ਪੰਜ ਸਾਲ ਖਤਰਾ ਰਹਿੰਦਾ ਹੈ, ਸਰਕਾਰ ਬਦਲਦੇ ਸਾਰ ਖਤਰਾ ਖਤਮ ਹੋ ਜਾਂਦਾ ਹੈ ਤੇ ਗੰਨਮੈਨ ਵਾਪਸ ਲੈ ਲਏ ਜਾਂਦੇ ਹਨ। ਕਿਸੇ ਸੱਤਾਧਾਰੀ ਵਾਸਤੇ ਆਪਣੇ ਹਮਾਇਤੀ ਨੂੰ ਖੁਸ਼ ਕਰ ਦਾ ਸਭ ਤੋਂ ਸੌਖਾ ਤਰੀਕਾ ਹੈ ਕਿ ਉਸ ਨੂੰ ਗੰਨਮੈਨ ਅਲਾਟ ਕਰ ਦਿੱਤੇ ਜਾਣ। ਪੰਜਾਬ ਵਿੱਚ ਅੱਤਵਾਦ ਦੇ ਸਮੇਂ ਖਾੜਕੂਆਂ ਨੇ ਇੱਕ ਵਾਰ ਐਲਾਨ ਕੀਤਾ ਸੀ ਕਿ ਅਸੀਂ ਲਾਲ ਬੱਤੀ ਵਾਲੀਆਂ ਗੱਡੀਆਂ ਅਤੇ ਗੰਨਮੈਨਾਂ ਵਾਲੇ ਵਿਅਕਤੀਆਂ 'ਤੇ ਹਮਲੇ ਕਰਾਂਗੇ, ਰਾਤੋ ਰਾਤ ਕਥਿੱਤ ਵੀ.ਆਈ.ਪੀਆਂ ਦੀਆਂ ਲਾਲ ਬੱਤੀਆਂ ਗਾਇਬ ਹੋ ਗਈਆਂ ਸਨ।

ਗੰਨਮੈਨ ਇੱਕ ਅਜਿਹਾ ਵਿਅਕਤੀ ਹੈ ਜਿਸ ਦੀ ਰੱਜ ਕੇ ਦੁਰਵਰਤੋਂ ਕੀਤੀ ਜਾਂਦੀ ਹੈ। ਉਸ ਦੀ ਵਰਤੋਂ ਸੁਰੱਖਿਆ ਲਈ ਕਰਨ ਦੀ ਬਜਾਏ ਡਰਾਈਵਰ ਅਤੇ ਟੋਲ ਟੈਕਸ ਬਚਾਉਣ ਵਾਲੇ ਵਜੋਂ ਕੀਤੀ ਜਾਂਦੀ ਹੈ। ਜਦੋਂ ਵੀ ਕੋਈ ਕਥਿੱਤ ਵੀ.ਆਈ.ਪੀ ਗੰਨਮੈਨ ਅਲਾਟ ਕਰਵਾਉਂਦਾ ਹੈ ਤਾਂ ਉਸ ਦੀ ਸਭ ਤੋਂ ਪਹਿਲੀ ਮੰਗ ਇਹੀ ਹੁੰਦੀ ਹੈ ਕਿ ਉਸ ਨੂੰ ਗੱਡੀ ਚਲਾਉਣੀ ਆਉਂਦੀ ਹੋਵੇ ਤੇ ਉਸ ਨੂੰ ਏ.ਕੇ.47 ਅਲਾਟ ਕੀਤੀ ਜਾਵੇ। ਪੰਜਾਬੀਆਂ ਵਿੱਚ ਗੰਨਮੈਨ ਲੈਣ ਦੀ ਐਨੀ ਤੀਬਰ ਇੱਛਾ ਪਾਈ ਜਾਂਦੀ ਹੈ ਕਿ ਕਈ ਥਾਈਂ ਲੋਕਾਂ ਨੇ ਖੁਦ ਆਪਣੇ ਆਪ 'ਤੇ ਫਾਇਰਿੰਗ ਕਰਵਾਈ। ਕਥਿੱਤ ਵੀ.ਆਈ.ਪੀਆਂ ਨੂੰ ਕਈ ਲੋਕ ਵੀ ਫੁਕਰੀ ਵਿਖਾਉਣ ਖਾਤਰ ਆਪਣੇ ਵਿਆਹ ਸ਼ਾਦੀਆਂ ਵਿੱਚ ਬੁਲਾ ਲੈਂਦੇ ਹਨ। ਉਸ ਨਾਲ ਆਈ ਗੰਨਮੈਨਾਂ ਦੀ ਧਾੜ ਬਰਾਤ ਲਈ ਸਜਾਇਆ ਸਾਰਾ ਖਾਣਾ ਚਟਮ ਕਰ ਜਾਂਦੀ ਹੈ ਤੇ ਬਿਨਾਂ ਕਿਸੇ ਸ਼ਰਮ ਭੈਅ ਦੇ ਵਿਆਹ ਵਾਲੇ ਘਰ ਦੀਆਂ ਔਰਤਾਂ ਵਿੱਚ ਵੱਜਦੇ ਫਿਰਦੇ ਹਨ।

ਸਰੀਰ ਨਸ਼ਵਰ ਹੈ, ਮੌਤ ਤੋਂ ਨਹੀਂ ਡਰਨਾ ਚਾਹੀਦਾ ਅਤੇ ਆਤਮਾ ਅਮਰ ਹੈ, ਦੀ ਸਿੱਖਿਆ ਸ਼ਰਧਾਲੂਆਂ ਨੂੰ ਦੇਣ ਵਾਲੇ ਸਾਡੇ ਮੁਸ਼ਟੰਡ ਬਾਬੇ ਵੀ ਗੰਨਮੈਨ ਲੈਣ ਵਿੱਚ ਕਿਸੇ ਤੋਂ ਪਿੱਛੇ ਨਹੀਂ। ਮਾੜੇ ਤੋਂ ਮਾੜਾ ਬਾਬਾ ਬਾਬਾ ਵੀ 5-7 ਗੰਨਮੈਨ ਲਏ ਬਗੈਰ ਸੰਗਤਾਂ ਨੂੰ ਪ੍ਰਵਚਨ ਦੇਣ ਬਾਹਰ ਨਹੀਂ ਨਿਕਲਦਾ। ਪੰਜਾਬ ਦੀ ਇੱਕ ਸੱਜੇ ਪੱਖੀ ਕੱਟੜਪੰਥੀ ਜਮਾਤ ਗੰਨਮੈਨ ਲੈਣ ਵਿੱਚ ਸਭ ਤੋਂ ਅੱਗੇ ਹੈ। ਇਸ ਦਾ ਜੋ ਵੀ ਲੀਡਰ 1984 ਦੀ ਵਰ੍ਹੇਗੰਢ 'ਤੇ ਇੱਕ ਖਾਸ ਧਾਰਮਿਕ ਵਿਅਕਤੀ ਦਾ ਪੁਤਲਾ ਫੂਕਣ ਦਾ ਐਲਾਨ ਕਰਦਾ ਹੈ, ਉਸੇ ਨੂੰ ਝੱਟ ਗੰਨਮੈਨ ਮਿਲ ਜਾਂਦੇ ਹਨ। ਕੈਨੇਡਾ-ਅਮਰੀਕਾ ਦੇ ਕਈ ਪੱਤਰਕਾਰ ਤੇ ਨੇਤਾ ਉਥੇ ਕੰਧਾਂ ਵਿੱਚ ਵੱਜਦੇ ਫਿਰਦੇ ਹਨ, ਪਰ ਦਿੱਲੀ ਉੱਤਰਦੇ ਸਾਰ ਉਹਨਾਂ ਨੂੰ ਕਈ ਕਈ ਗੰਨਮੈਨ ਮਿਲ ਜਾਂਦੇ ਹਨ। ਉਥੇ ਇਹ ਸਾਡੇ ਕਲਚਰ ਨੂੰ ਰੇਡਿਉ, ਅਖਬਾਰਾਂ ਵਿੱਚ ਰੱਜ ਕੇ ਭੰਡਦੇ ਹਨ, ਪਰ ਇਥੇ ਆਣ ਕੇ ਉਹੀ ਕਰਤੂਤਾਂ ਕਰਦੇ ਹਨ। ਕੈਨੇਡਾ ਦੇ ਦੋ ਤਿੰਨ ਪੱਤਰਕਾਰ ਤਾਂ ਇਸ ਕੰਮ ਲਈ ਖਾਸ ਤੌਰ 'ਤੇ ਬਦਨਾਮ ਹਨ। ਕਈ ਇਲੈਕਸ਼ਨਾਂ ਹਾਰ ਚੁੱਕੀ ਕੈਨੇਡਾ ਦੀ ਇੱਕ ਫਲਾਪ ਸਾਬਕਾ ਮਹਿਲਾ ਐਮ.ਪੀ. ਨੂੰ ਪੰਜਾਬ ਆਉਣ 'ਤੇ ਪੁਲਿਸ ਦੀ ਸੁਰੱਖਿਆ ਗੱਡੀ ਮਿਲਦੀ ਹੁੰਦੀ ਸੀ। ਕਈ ਕਥਿੱਤ ਵੀ.ਆਈ.ਪੀ ਗੰਨਮੈਨ ਤਾਂ ਲੈ ਲੈਂਦੇ ਹਨ ਪਰ ਉਹਨਾਂ ਨੂੰ ਰੋਟੀ ਖਵਾਉਣ ਅਤੇ ਰਿਹਾਇਸ਼ ਦੇਣ ਦੀ ਉਹਨਾਂ ਦੀ ਔਕਾਤ ਨਹੀਂ ਹੁੰਦੀ। ਮਾਝੇ ਦੇ ਇੱਕ ਮਹਾਂ ਸ਼ਿਕਾਇਤੀ ਸੱਜੇ ਪੱਖੀ ਕੱਟੜਵਾਦੀ ਲੀਡਰ ਦੀ ਭੀੜੀ ਜਿਹੀ ਗਲੀ ਵਿੱਚ ਛੋਟੀ ਜਿਹੀ ਦੁਕਾਨ ਅਤੇ ਘਰ ਹੈ। ਉਸ ਨੇ ਗੰਨਮੈਨਾਂ ਵਾਸਤੇ ਆਪਣੇ ਘਰ ਦੇ ਬਾਹਰ ਗਲੀ ਵਿੱਚ ਟੈਂਟ ਲਗਵਾਏ ਹੋਏ ਹਨ, ਵਿਚਾਰੇ ਗਰਮੀ ਸਰਦੀ ਵਿੱਚ ਬਾਹਰ ਹੀ ਠਰਦੇ ਸੜਦੇ ਰਹਿੰਦੇ ਹਨ। ਕਈ ਕਥਿੱਤ ਵੀ.ਆਈ.ਪੀ. ਸਾਇਕਲਾਂ-ਮੋਟਰ ਸਾਇਕਲਾਂ ਪਿੱਛੇ ਗੰਨਮੈਨ ਬਿਠਾਈ ਫਿਰਦੇ ਹਨ।



ਕਈ ਲੋਕ ਐਨੇ ਜੁਗਾੜੀ ਹੁੰਦੇ ਹਨ ਕਿ ਸਰਕਾਰ ਚਾਹੇ ਕਿਸੇ ਪਾਰਟੀ ਦੀ ਹੋਵੇ, ਐਧਰੋਂ ਉਧਰੋਂ ਗੋਟੀਆਂ ਫਿੱਟ ਕਰ ਕੇ ਗੰਨਮੈਨ ਲੈ ਹੀ ਲੈਂਦੇ ਹਨ। ਪੰਜਾਬ ਵਿੱਚ ਗੰਨਮੈਨ ਲੈਣ ਵਾਲੇ 90% ਲੋਕਾਂ ਨੂੰ ਕੋਈ ਖਤਰਾ ਨਹੀਂ ਹੈ। ਉਹ ਸਿਰਫ ਸ਼ਾਨ ਵਧਾਉਣ 'ਤੇ ਲੋਕਾਂ 'ਤੇ ਰੋਹਬ ਗੱਠਣ ਲਈ ਹੀ ਗੰਨਮੈਨ ਲੈਂਦੇ ਹਨ। ਕਹਿੰਦੇ ਹਨ ਇੱਕ ਟਟਪੂੰਜੀਆ ਲੀਡਰ ਆਪਣੇ ਗੰਨਮੈਨ ਨੂੰ ਕਹਿਣ ਲੱਗਾ ਕਿ ਜੇ ਕੋਈ ਮੈਨੂੰ ਮਾਰਨ ਵਾਸਤੇ ਆਇਆ ਤਾਂ ਤੂੰ ਮੈਨੂੰ ਬਚਾ ਲਵੇਂਗਾ? ਗੰਨਮੈਨ ਅੱਗੋਂ ਬੋਲਿਆ ਕਿ ਜੇ ਕੋਈ ਪੂਰੀ ਤਿਆਰੀ ਨਾਲ ਆਇਆ ਤਾਂ ਮੈਂ ਤੁਹਾਨੂੰ ਕਿਵੇਂ ਬਚਾ ਸਕਦਾ ਹਾਂ? ਲੀਡਰ ਕਹਿੰਦਾ ਕਿ ਫਿਰ ਤੂੰ ਮੇਰੇ ਪਿੱਛੇ ਕਿਉਂ ਖੜਾ ਹੈਂ? "ਸਰ ਮੈਂ ਉਸ 'ਤੇ ਪਰਚਾ ਦਰਜ਼ ਕਰਵਾਂਗਾ, ਮੌਕੇ ਦਾ ਗਵਾਹ ਬਣ ਕੇ ਗਵਾਹੀ ਦੇਵਾਂਗਾ ਤੇ ਉਸ ਨੂੰ ਫਾਂਸੀ ਲਗਵਾਵਾਂਗਾ।" ਗੰਨਮੈਨ ਨੇ ਸੱਚਾਈ ਦੱਸੀ।

ਗੰਨਮੈਨ ਕਲਚਰ ਨੇ ਪੰਜਾਬ ਦੀ ਆਰਥਿਕਤਾ 'ਤੇ ਬਹੁਤ ਵੱਡਾ ਬੋਝ ਪਾਇਆ ਹੋਇਆ ਹੈ। ਹਰ ਮਹੀਨੇ ਸਰਕਾਰ ਦੇ ਕਰੋੜਾਂ ਰੁਪਏ ਗੰਨਮੈਨਾਂ ਦੀ ਤਨਖਾਹ ਅਤੇ ਟੀ.ਏ.-ਡੀ.ਏ. ਵਿੱਚ ਹੀ ਨਿਕਲ ਜਾਂਦੇ ਹਨ। ਆਮ ਡਿਊਟੀ ਕਰਨ ਲਈ ਜਵਾਨ ਨਹੀਂ ਲੱਭਦੇ। ਇਲੈਕਸ਼ਨ ਡਿਊਟੀ ਵੇਲੇ ਧੱਕੇ ਨਾਲ ਗੰਨਮੈਨ ਵਾਪਸ ਲੈਣੇ ਪੈਂਦੇ ਹਨ। ਉਸ ਵੇਲੇ ਕਥਿੱਤ ਵੀ.ਆਈ.ਪੀਆਂ ਦੀ ਹਾਲਤ ਵੇਖਣ ਵਾਲੀ ਹੁੰਦੀ ਹੈ। ਕਈ ਤਾਂ ਵਿਚਾਰੇ ਸ਼ਰਮ ਦੇ ਮਾਰੇ ਬਾਹਰ ਹੀ ਨਹੀਂ ਨਿਕਲਦੇ। ਗੰਨਮੈਨ ਕਲਚਰ ਵੇਖਣਾ ਹੋਵੇ ਤਾਂ ਸਵੇਰੇ ਸ਼ਾਮ ਸੁੱਖਣਾ ਝੀਲ 'ਤੇ ਸੈਰ ਕਰਨ ਜਾਣਾ ਚਾਹੀਦਾ ਹੈ। ਬਹੁਤੇ ਲੋਕ ਸਿਰਫ ਗੰਨਮੈਨ ਵਿਖਾਉਣ ਲਈ ਹੀ ਸੈਰ ਕਰਨ ਆਉਂਦੇ ਹਨ, ਧੌਣਾਂ ਕਿਰਲੇ ਵਾਂਗ ਆਕੜੀਆਂ ਹੁੰਦੀਆਂ ਹਨ।

ਇਹਨਾਂ ਕਥਿੱਤ ਵੀ.ਆਈ.ਪੀਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਆਮ ਲੋਕ ਹੁਣ ਪਿੱਠ ਪਿੱਛੇ ਫੁਕਰਾ ਕਹਿ ਕੇ ਉਹਨਾਂ ਦਾ ਮਖੌਲ ਉਡਾਉਂਦੇ ਹਨ। ਜਿਸ ਨੂੰ ਸਹੀ ਅਰਥਾਂ ਵਿੱਚ ਖਤਰਾ ਹੋਵੇ, ਉਹ ਅਜਿਹੇ ਰਿਸਕ ਨਹੀਂ ਲੈਂਦਾ, ਬਹੁਤ ਸਾਵਧਾਨੀ ਨਾਲ ਬਾਹਰ ਨਿਕਲਦਾ ਹੈ। ਪਰ ਇਹ ਲੋਕ ਸਮਝਦੇ ਹਨ ਕਿ ਜੇ ਗੰਨਮੈਨ ਕਿਸੇ ਨੇ ਵੇਖਿਆ ਹੀ ਨਾ ਤਾਂ ਫਿਰ ਲੈਣ ਦਾ ਕੀ ਫਾਇਦਾ? ਪਿੱਛੇ ਜਿਹੇ ਇੱਕ ਵਿਧਾਇਕ ਨਾਲ ਹੋਈ ਕੁੱਟਮਾਰ ਜਨਤਾ ਨੇ ਸ਼ਰੇਆਮ ਟੀ.ਵੀ. 'ਤੇ ਵੇਖੀ ਸੀ। ਉਸ ਦੇ ਗੰਨਮੈਨਾਂ ਨੇ ਉਸ ਨੂੰ ਬਚਾਉਣ ਦੀ ਬਜਾਏ ਦੂਸਰੇ ਪਾਸੇ ਮੂੰਹ ਕਰ ਲਿਆ ਸੀ। ਇਸ ਲਈ ਗੰਨਮੈਨਾਂ ਦੇ ਸਿਰ 'ਤੇ ਕਦੇ ਵੀ ਪੁੱਠੇ ਪੰਗੇ ਨਹੀਂ ਲੈਣੇ ਚਾਹੀਦੇ, ਸਖਤ ਬੇਇੱਜ਼ਤੀ ਹੋ ਸਕਦੀ ਹੈ।

ਦਿੱਲੀ ਵਿੱਚ ਸਾਰੇ ਭਾਰਤ ਤੋਂ ਵੀ.ਆਈ.ਪੀ. ਆਉਂਦੇ ਹਨ, ਪਰ ਪੰਜਾਬ ਤੋਂ ਆਏ ਕਥਿੱਤ ਵੀ.ਆਈ.ਪੀ ਦੂਰੋਂ ਹੀ ਪਛਾਣੇ ਜਾਂਦੇ ਹਨ। ਕਿਸੇ ਮਾਲ ਵਿੱਚ ਵੀ ਜਾਣ ਤਾਂ ਵੀ ਗੰਨਮੈਨਾਂ ਦੀ ਫੌਜ ਨਾਲ ਲੈ ਕੇ ਜਾਂਦੇ ਹਨ। ਬਹੁਤੇ ਕਥਿੱਤ ਵੀ.ਆਈ.ਪੀ. ਤਾਂ ਗੰਨਮੈਨ ਦੇ ਚਾਕਰ ਬਣ ਜਾਂਦੇ ਹਨ ਕਿ ਕਿਤੇ ਗੰਨਮੈਨ ਸਾਹਿਬ ਨਰਾਜ਼ ਹੋ ਕੇ ਚਲੇ ਨਾ ਜਾਣ। ਆਪ ਰੋਟੀ ਖਾਣ ਤੋਂ ਪਹਿਲਾਂ ਗੰਨਮੈਨ ਨੂੰ ਖਵਾਉਂਦੇ ਹਨ ਤੇ ਆਪ ਸੌਣ ਤੋਂ ਪਹਿਲਾਂ ਗੰਨਮੈਨ ਨੂੰ ਸਵਾਉਂਦੇ ਹਨ। ਕਈ ਗੰਨਮੈਨ ਜਿਆਦਾ ਹੀ ਚਟਕ ਹੁੰਦੇ ਹਨ, ਉਹ ਘਰ ਦੇ ਅੰਦਰ ਤੱਕ ਪਹੁੰਚ ਬਣਾ ਲੈਂਦੇ ਹਨ। ਕਈ ਕਥਿੱਤ ਵੀ.ਆਈ.ਪੀ ਅੱਯਾਸ਼ੀ ਕਰਦੇ ਹੋਏ ਗੰਨਮੈਨਾਂ ਦੁਆਰਾ ਉਹਨਾਂ ਦੀਆਂ ਪਤਨੀਆਂ ਕੋਲ ਚੁਗਲੀ ਕਰ ਕੇ ਪਕੜਵਾਏ ਗਏ ਹਨ। ਇੱਕ ਗੰਨਮੈਨ ਨੇ ਤਾਂ ਕਥਿੱਤ ਵੀ.ਆਈ.ਪੀ ਦੇ ਘਰ ਅੰਦਰ ਹੀ ਨਿੱਘੇ ਸੰਬੰਧ ਬਣਾ ਲਏ ਸਨ, ਵਿਚਾਰੇ ਨੂੰ ਆਪਣਾ ਘਰ ਬਚਾਉਣ ਖਾਤਰ ਗੰਨਮੈਨ ਵਾਪਸ ਕਰਨੇ ਪਏ। ਏਦਾਂ ਵੀ ਨਹੀਂ ਹੈ ਕਿ ਕੋਈ ਮੁਲਾਜ਼ਮ ਗੰਨਮੈਨ ਲੱਗ ਕੇ ਖੁਸ਼ ਨਹੀਂ, ਕਈ ਤਾਂ ਅਜਿਹੇ ਸੂਰਮੇ ਹਨ ਜੋ ਸਾਰੀ ਨੌਕਰੀ ਗੰਨਮੈਨੀ ਕਰ ਕੇ ਹੀ ਕੱਢ ਦਿੰਦੇ ਹਨ। ਜੇ ਕਿਤੇ ਉਹਨਾਂ ਨੂੰ ਕਿਸੇ ਖਾਸ ਕਥਿੱਤ ਵੀ.ਆਈ.ਪੀ. ਨਾਲੋਂ ਹਟਾ ਦਿੱਤਾ ਜਾਵੇ ਤਾਂ ਜਾਨ ਨਿਕਲ ਜਾਂਦੀ ਹੈ, ਸਿਫਾਰਸ਼ਾਂ ਪਾ ਕੇ ਦੁਬਾਰਾ ਉਥੇ ਹੀ ਵਾਪਿਸ ਪਹੁੰਚ ਜਾਂਦੇ ਹਨ। ਕਈ ਤਾਂ ਆਪਣਾ ਹੁਲੀਆ ਵੀ ਆਪਣੇ ਮਾਲਕ ਵਰਗਾ ਬਣਾ ਲੈਂਦੇ ਹਨ। ਕੋਈ ਦਾਹੜ੍ਹੀ ਖੁਲ੍ਹੀ ਛੱਡੀ ਲੈਂਦਾ ਹੈ, ਕੋਈ ਨੀਲੀ ਪੱਗ ਬੰਨ੍ਹੀ ਫਿਰਦਾ ਹੈ ਤੇ ਕੋਈ ਵੱਡਾ ਸਾਰਾ ਤਿਲਕ ਲਗਾ ਲੈਂਦਾ ਹੈ।

ਪੰਜਾਬ ਵਿੱਚ ਕਥਿੱਤ ਵੀ.ਆਈ.ਪੀਆਂ ਦੀਆਂ ਦੋ ਤਿੰਨ ਅਹਿਮ ਨਿਸ਼ਾਨੀਆਂ ਹਨ, ਚਮਕਦਾ ਹੋਇਆ ਮਾਂਡੀ ਲੱਗਾ ਕੁੜਤਾ ਪਜਾਮਾ, ਫਾਰਚੂਨਰ ਗੱਡੀ, ਰਿਬੌਕ ਦੇ ਬੂਟ, ਲੇਟੈਸਟ ਐਪਲ ਦਾ ਆਈਫੋਨ ਅਤੇ ਦੋ ਤਿੰਨ ਅਸਾਲਟਾਂ ਵਾਲੇ ਗੰਨਮੈਨ। ਇਸ ਲਈ ਜੱਦ ਤੱਕ ਪੰਜਾਬ ਵਿੱਚ ਵੀ.ਆਈ.ਪੀ. ਕਲਚਰ ਚੱਲਦਾ ਰਹੇਗਾ, ਗੰਨਮੈਨ ਲੈਣ ਦਾ ਰੁਝਾਨ ਵੀ ਚਲਦਾ ਰਹੇਗਾ।

# ਇੰਡੀਅਨ ਆਰਮੀ: ਉਮੀਦਾਂ ਵੱਧ, ਸਾਧਨ ਘੱਟ



ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ

ਭਾਰਤੀ ਫੌਜ ਬਾਰੇ ਸਿਧਾਂਤ ਜੋ ਅਕਤੂਬਰ 2004 'ਚ ਜਾਰੀ ਕੀਤਾ ਗਿਆ ਉਸ ਅਨੁਸਾਰ ਫ਼ੌਜ ਦਾ ਮੁੱਖ ਕਰਤੱਵ ਕੌਮੀ ਹਿੱਤਾਂ ਦੀ ਰਖਵਾਲੀ ਕਰਨਾ ਅਤੇ ਦੇਸ਼ ਦੀ ਪ੍ਰਭੂਸੱਤਾ, ਪ੍ਰਦੇਸ਼ਿਕ ਆਖੰਡਤਾ ਤੇ ਏਕਤਾ ਨੂੰ ਕਾਇਮ ਰੱਖਣ ਲਈ ਵਿਦੇਸ਼ੀ ਖ਼ਤਰਿਆਂ ਨੂੰ ਰੋਕਣਾ ਹੈ, ਇਸ ਲਈ ਭਾਵੇਂ ਜੰਗ ਵੀ ਕਿਉਂ ਨਾ ਲੜਨੀ ਪਵੇ। ਦੂਸਰਾ ਉਦੇਸ਼ ਅੰਦਰੂਨੀ ਖ਼ਤਰਿਆਂ ਨਾਲ ਨਜਿੱਠਣਾ ਹੈ, ਪਰ ਦੇਸ਼ ਦੀਆਂ ਸਰਹੱਦਾਂ ਦੀ ਰਖਵਾਲੀ ਤੇ ਜੰਗਾਂ ਲੜਣ ਤੋਂ ਇਲਾਵਾ 130 ਕਰੋੜ ਆਬਾਦੀ ਵਾਲੇ ਦੇਸ਼ ਦੀ ਅੰਦਰੂਨੀ ਸੁਰੱਖਿਆ, ਨਕਸਲਵਾਦ, ਵੱਖਵਾਦੀ ਬਗਾਵਤ, ਪ੍ਰਦਰਸ਼ਨਕਾਰੀਆਂ ਤੇ ਕੁਦਰਤੀ ਆਫ਼ਤਾਂ ਨਾਲ ਨਜਿੱਠਣ ਲਈ ਅਕਸਰ ਫੌਜ ਦਾ ਇਸਤੇਮਾਲ ਕੀਤਾ ਜਾਂਦਾ ਹੈ।



ਸਭ ਤੋਂ ਵੱਧ ਚਿੰਤਾਜਨਕ ਗੱਲ ਤਾਂ ਇਹ ਹੈ ਕਿ ਕਈ ਵਾਰੀ ਜੋ ਕੰਮ ਕੇਂਦਰ, ਸੂਬਾ ਸਰਕਾਰਾਂ, ਸੂਬਾ ਪੁਲੀਸ, ਪ੍ਰਸ਼ਾਸਨ, ਕੇਂਦਰੀ ਰਿਜ਼ਰਵ ਪੁਲੀਸ, ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਨੇ ਕਰਨੇ ਹੁੰਦੇ ਹਨ, ਉਹ ਵੀ ਫ਼ੌਜ ਨੂੰ ਸੌਂਪ ਦਿੱਤੇ ਜਾਂਦੇ ਹਨ। ਜਿਵੇਂ ਕਿ ਮੁੰਬਈ ਵਿਖੇ ਰੇਲਵੇ ਦੇ ਓਵਰ ਬ੍ਰਿਜ ਦੀ ਉਸਾਰੀ ਫ਼ੌਜ ਤੋਂ ਕਰਵਾਈ ਗਈ, ਰੱਖਿਆ ਮੰਤਰੀ ਨਿਰਮਲਾ ਸੀਤਾਰਮਨ ਨੇ ਸੈਲਾਨੀਆਂ ਵੱਲੋਂ ਉੱਚ ਪਰਬਤੀ ਇਲਾਕਿਆਂ 'ਚ ਕੂੜੇ-ਕਰਕਟ ਦੇ ਢੇਰ ਤੇ ਸਾਫ਼ ਸਫ਼ਾਈ ਦਾ ਕੰਮ ਫ਼ੌਜ ਨੂੰ ਸੌਂਪਿਆ, ਅੰਤਰਰਾਸ਼ਟਰੀ ਪੱਧਰ ਵਾਲੇ ਮੇਲਿਆਂ ਵਾਸਤੇ ਫੌਜ ਦੇ ਰਾਖਵੇਂ ਜੰਗੀ ਉਪਕਰਨਾਂ ਦਾ ਦੁਰਉਪਯੋਗ ਕੀਤਾ ਜਾਂਦਾ ਹੈ ਜਿਸ ਨਾਲ ਫ਼ੌਜ ਦੀ ਜੰਗੀ ਤਿਆਰੀ 'ਤੇ ਅਸਰ ਪਵੇਗਾ।

ਸਰਕਾਰ ਵੱਲੋਂ ਕਿਹਾ ਜਾ ਰਿਹਾ ਹੈ ਕਿ ਦੇਸ਼ ਵਿਚ ਪਹਿਲੀ ਵਾਰ ਰੱਖਿਆ ਬਜਟ 3 ਲੱਖ ਕਰੋੜ ਤੋਂ ਵੱਧ ਰੱਖਿਆ ਗਿਆ ਹੈ, ਪਰ ਹਕੀਕਤ ਤਾਂ ਇਹ ਹੈ ਕਿ ਚਾਲੂ ਵਿੱਤੀ ਸਾਲ ਲਈ 29,95,511 ਕਰੋੜ ਦੀ ਧਨਰਾਸ਼ੀ ਮੁਹੱਈਆ ਕਰਵਾਈ ਗਈ ਤੇ ਵਿੱਤੀ ਸਾਲ 2019-20 ਲਈ 3,18,931.10 ਕਰੋੜ ਰੁਪਏ ਨਿਰਧਾਰਤ ਕੀਤੇ ਗਏ, ਯਾਨੀ ਕਿ ਸਿਰਫ਼ 23420 ਕਰੋੜ ਰੁਪਏ ਦਾ ਵਾਧਾ। ਇਸਨੂੰ ਬਹੁਤ ਵਧਾ ਚੜ੍ਹਾ ਕੇ ਪੇਸ਼ ਕੀਤਾ ਜਾ ਰਿਹਾ ਹੈ। 2014-15 'ਚ ਇਹ ਬਜਟ ਦੇ ਕੁੱਲ ਘਰੇਲੂ ਉਤਪਾਦਨ ਦਾ 2.08 ਫ਼ੀਸਦੀ ਸੀ, ਬੀਤੇ ਸਾਲ ਇਹ ਦਰ 1.58 ਫੀਸਦੀ ਰਹਿ ਗਈ ਤੇ ਹੁਣ 1.4 ਫ਼ੀਸਦੀ ਤਕ ਗਿਰ ਜਾਵੇਗੀ। ਇਸ ਦਾ ਅਰਥ ਇਹ ਬਜਟ ਅਗਾਂਹਵਧੂ ਨਹੀਂ ਬਲਕਿ ਪਿਛਾਂਹ ਖਿੱਚੂ ਹੈ।

ਜੋ ਹਥਿਆਰ ਅਤਿਵਾਦੀ ਇਸਤੇਮਾਲ ਕਰ ਰਹੇ ਹਨ ਉਹ ਤਾਂ ਭਾਰਤੀ ਫ਼ੌਜ ਨਾਲੋਂ ਵੀ ਵੱਧ ਆਧੁਨਿਕ ਤੇ ਕਾਰਗਰ ਹਨ। ਕੁਝ ਦਿਨ ਪਹਿਲਾਂ ਫ਼ੌਜ ਨੂੰ ਆਧੁਨਿਕ ਹਥਿਆਰ ਮੁਹੱਈਆ ਕਰਾਉਣ ਲਈ ਉਪਰਾਲੇ ਜ਼ਰੂਰ ਕੀਤੇ ਗਏ ਹਨ, ਪਰ ਉਹ ਬਜਟ ਤੋਂ ਬਾਹਰ ਹੀ ਜਾ ਰਹੇ ਹਨ। ਐੱਮਓਡੀ ਨੇ ਇਨਫੈਂਟਰੀ ਵਾਸਤੇ ਮੁੱਢਲਾ ਹਥਿਆਰ ਯਾਨੀ ਕਿ 72400 ਅਸਾਲਟ ਰਾਈਫਲ ਅਮਰੀਕਾ ਦੀ ਇਕ ਕੰਪਨੀ ਪਾਸੋਂ ਤਕਰੀਬਨ 700 ਕਰੋੜ ਤੋਂ ਵੀ ਵੱਧ ਲਾਗਤ ਨਾਲ ਖ਼ਰੀਦਣ ਦੀ ਪ੍ਰਵਾਨਗੀ ਦਿੱਤੀ ਹੈ। ਉਂਜ ਭਾਰਤੀ ਫ਼ੌਜ ਨੂੰ 6,50,00 ਹੋਰ ਰਾਈਫਲਾਂ ਤੇ 3,25,000 ਹਲਕੀਆਂ ਕਾਰਬਾਈਨਾਂ ਦੀ ਜ਼ਰੂਰਤ ਹੈ। ਬਜਟ ਤੋਂ ਪਹਿਲਾਂ ਡਿਫੈਂਸ ਐਕੂਸੀਜ਼ਨ ਕੌਂਸਲ ਨੇ ਵੀ ਨੇਵੀ ਵਾਸਤੇ ਸਬਮਰੀਨ ਪ੍ਰੋਜੈਕਟ ਲਈ 40,000 ਕਰੋੜ ਰੁਪਏ ਅਤੇ ਮੀਲਾਨ ਐਂਟੀਟੈਂਕ ਮਿਸਾਈਲ ਵਾਸਤੇ 1200 ਕਰੋੜ ਰੁਪਏ ਦੀ ਮਨਜ਼ੂਰੀ ਦਿੱਤੀ ਹੈ। ਦਸੰਬਰ, 2018 'ਚ 4 ਤਲਵਾਰ ਕਲਾਸ ਫਰਿਗੇਟਜ਼ ਤੇ ਬ੍ਰਹਮਹੋਜ਼ ਮਿਸਾਈਲ ਵਾਸਤੇ 3000 ਕੋਰੜ ਰੁਪਏ ਦੀ ਮਨਜ਼ੂਰੀ, ਸਤੰਬਰ 'ਚ ਅਕਾਸ਼ ਮਿਸਾਈਲ ਵਾਸਤੇ 9000 ਕਰੋੜ ਰੁਪਏ, ਅਗਸਤ 'ਚ ਨੇਵੀ ਨੂੰ 21,738 ਕਰੋੜ ਰੁਪਏ ਦੀ ਲਾਗਤ ਨਾਲ 111 ਯੂਟੀਲਿਟੀ ਹੈਲੀਕਾਪਟਰ ਤੇ ਕੁਝ ਹੋਰ ਸਾਮਾਨ ਖ਼ਰੀਦਣ ਲਈ 24879 ਕਰੋੜ ਰੁਪਏ ਦੀ ਪ੍ਰਵਾਨਗੀ ਦਿੱਤੀ ਗਈ। ਐੱਸ-400 ਏਅਰ ਡਿਫੈਂਸ ਮਿਸਾਈਲ ਸਿਸਟ ਵਾਸਤੇ ਰੂਸ ਪਾਸੋਂ 45,000 ਕਰੋੜ ਰੁਪਏ ਦੀ ਰਕਮ ਦੀ ਲੋੜੀਂਦੀ ਹੋਵੇਗੀ। ਇਨ੍ਹਾਂ ਦੀ ਸੂਚੀ ਤਾਂ ਬਹੁਤ ਹੈ, ਪਰ ਪੂੰਜੀ ਖਾਤੇ ਵਿਚ ਸਿਰਫ਼ 1,03,380.34 ਕਰੋੜ ਰੁਪਏ ਹੀ ਉਪਲੱਬਧ ਹੋਣਗੇ। ਫਿਰ 'ਗੰਜੀ ਧੋਵੇਗੀ ਕੀ ਤੇ ਨਿਚੋੜੇਗੀ ਕੀ।' ਇਹ ਸਾਰੀਆਂ ਮਨਜ਼ੂਰੀਆਂ ਪਿਛਲੇ ਇਕ ਸਾਲ ਅੰਦਰ ਹੀ ਕਿਉਂ ਦਿੱਤੀਆਂ ਗਈਆਂ? ਇਹ ਵੀ ਵੱਡਾ ਸਵਾਲ ਹੈ।

ਜ਼ਿਕਰਯੋਗ ਹੈ ਕਿ ਸੰਸਦ ਦੀ 'ਸਟੈਂਡਿੰਗ ਕਮੇਟੀ ਆਨ ਡਿਫੈਂਸ' ਦੀ ਅਗਵਾਈ ਕਰਨ ਵਾਲੇ ਭਾਜਪਾ ਆਗੂ ਤੇ ਕੇਂਦਰੀ ਮੰਤਰੀ ਮੇਜਰ ਜਨਰਲ ਬੀਸੀ ਖੰਡੂਰ ਨੇ ਸੰਸਦ 'ਚ 13 ਮਾਰਚ, 2018 ਨੂੰ ਜੋ ਰਿਪੋਰਟ ਰੱਖੀ ਉਸ ਵਿਚ ਅਨੇਕਾਂ ਸੁਝਾਅ ਦਿੰਦਿਆਂ ਦਰਜ ਕੀਤਾ ਕਿ ਹਥਿਆਰਬੰਦ ਸੈਨਾਵਾਂ ਦੇ 68 ਫ਼ੀਸਦੀ ਹਥਿਆਰ ਤੇ ਉਪਕਰਨ ਆਦਿ ਪੁਰਾਣੇ ਹੋ ਚੁੱਕੇ ਹਨ ਜੋ ਫ਼ੌਜ ਦੇ ਆਧੁਨਿਕੀਕਰਨ ਤੇ ਜੰਗੀ ਤਿਆਰੀ ਨੂੰ ਪ੍ਰਭਾਵਿਤ ਕਰਨਗੇ। ਕਮੇਟੀ ਨੇ ਇਹ ਵੀ ਸਿਫਾਰਸ਼ ਕੀਤੀ ਕਿ ਫ਼ੌਜ ਵਾਸਤੇ ਜੀਡੀਪੀ ਦਾ 2.25 ਫ਼ੀਸਦੀ ਤੋਂ 3 ਫ਼ੀਸਦੀ ਤਕ ਦਾ ਹਿੱਸਾ ਮੁਹੱਈਆ ਕਰਵਾਇਆ ਜਾਵੇ। ਹਕੀਕਤ ਪੇਸ਼ ਕਰਨ ਵਾਲੇ ਖੰਡੂਰੀ ਨੂੰ ਚੇਅਰਮੈਨੀ ਤੋਂ ਫਾਰਗ ਕਰ ਦਿੱਤਾ ਤੇ ਲੈਫ. ਜਨਰਲ ਸਾਰਥ ਚੰਦ ਨੂੰ ਵੀ ਘੂਰਿਆ। ਖੰਡੂਰੀ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਅਣਗੌਲਿਆ ਕਰਨ ਦਾ ਖਮਿਆਜ਼ਾ ਤਾਂ ਏਅਰ ਫੋਰਸ ਨੂੰ ਤੁਰੰਤ ਭੁਗਤਣਾ ਪਿਆ ਜਦੋਂ ਐੱਚ.ਏ.ਐੱਲ. ਵੱਲੋਂ ਮੁਰੰਮਤ ਕੀਤਾ ਮਿਰਾਜ 2000 ਫਾਈਟਰ ਜਹਾਜ਼ ਟੈਸਟ ਫਲਾਈਟ ਦੌਰਾਨ ਹਾਦਸਾਗ੍ਰਸਤ ਹੋ ਗਿਆ।

ਜੇਕਰ ਕਿਧਰੇ ਪਾਕਿਸਤਾਨ ਨਾਲ ਜੰਗ ਛਿੜ ਗਈ ਤਾਂ ਮਕਬੂਜ਼ਾ ਕਸ਼ਮੀਰ 'ਚ ਹਿੱਸੇਦਾਰ ਚੀਨ ਉਸ ਦੀ ਖੁੱਲ੍ਹ ਕੇ ਮਦਦ ਕਰੇਗਾ। ਕੀ ਅਸੀਂ ਦੋ ਮੁਹਾਜ਼ਾਂ 'ਤੇ ਜੰਗ ਲੜਨ ਨੂੰ ਤਿਆਰ ਹਾਂ।

ਪਾਕਿਸਤਾਨ ਦਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਇਹ ਐਲਾਨ ਕਰ ਚੁੱਕਾ ਹੈ ਕਿ ਜੇ ਭਾਰਤ ਨੇ ਹਮਲਾ ਕੀਤਾ ਤਾਂ ਉਹ ਕਰਾਰਾ ਜਵਾਬ ਦੇਣਗੇ। ਸਥਾਨਕ ਕਮਾਂਡਰ ਐੱਲ.ਓ.ਸੀ. ਦੇ ਆਰ-ਪਾਰ ਮਕਬੂਜ਼ਾ ਕਸ਼ਮੀਰ ਅੰਦਰ ਅਪਰੇਸ਼ਨ ਪਹਿਲਾਂ ਵੀ ਕਰਦੇ ਰਹੇ ਹਨ ਤੇ ਕਰਦੇ ਰਹਿਣਗੇ, ਪਰ ਵੱਡਾ ਹਮਲਾ ਕਰਨ ਲਈ ਜੰਗੀ ਤਿਆਰੀ ਤੇ ਸਰਕਾਰ ਦੀ ਇੱਛਾ ਸ਼ਕਤੀ ਤੇ ਪ੍ਰਵਾਨਗੀ ਦੀ ਜ਼ਰੂਰਤ ਹੋਵੇਗੀ।

ਸਰਕਾਰ ਵੱਲੋਂ 'ਵਨ ਰੈਂਕ, ਵਨ ਪੈਨਸ਼ਨ' ਸਕੀਮ ਬਾਰੇ ਗੁੰਮਰਾਹ ਕੀਤਾ ਜਾ ਰਿਹਾ ਹੈ, ਪਰ ਉਹ ਤਾਂ ਪਿਛਲੇ 1350 ਦਿਨਾਂ ਤੋਂ ਜੰਤਰ-ਮੰਤਰ ਵਿਖੇ ਊਣਤਾਈਆਂ ਨੂੰ ਦੂਰ ਕਰਵਾਉਣ ਲਈ ਬੈਠੇ ਹਨ।

ਸਿਆਸਤਦਾਨ ਫ਼ੌਜ ਦਾ ਫਾਇਦਾ ਤਾਂ ਖ਼ੂਬ ਲੈਂਦੇ ਹਨ, ਪਰ ਉਨ੍ਹਾਂ ਦੇ ਹੱਕਾਂ ਦੀ ਰਖਵਾਲੀ ਨਹੀਂ ਕਰਦੇ। ਸ਼ਹੀਦਾਂ ਦੇ ਪਰਿਵਾਰਾਂ ਨੂੰ ਅਦਾਲਤਾਂ ਦੇ ਧੱਕੇ ਹੀ ਨਸੀਬ ਹੁੰਦੇ ਹਨ। 'ਹਾਥੀ ਦੇ ਦੰਦ ਖਾਣ ਦੇ ਹੋਰ ਤੇ ਦਿਖਾਉਣ ਦੇ ਹੋਰ।' ਇਸ ਲਈ ਜ਼ਿੰਮੇਵਾਰੀਆਂ ਵੱਧ ਤੇ ਸਾਧਨ ਘੱਟ ਹਨ ਤੇ ਖੱਜਲ-ਖੁਆਰੀ ਬੇਹੱਦ।

GOLDEN INDIA
RESTAURANT
North & South Indian Cuisine
EVERY DAY LUNCH BUFFET : 11AM - 3 PM
Mon - Fri : 5 PM - 9.30 PM
Sat - Sun : 5 PM - 10 PM
To-Go, DINING & CATERING SERVICES AVAILABLE
WWW.GOLDENINDIAFREMONT.COM
GOLDENINDIAEVENT@GMAIL.COM
Contact for catering
Rakesh kumar
510-745-1000
4918 Paseo Padre Pkwy, Fremont, CA 94555

## ਬਿਨਾਂ ਆਗਿਆ ਰੈਲੀਆਂ ਕਰਨ ਵਾਲਿਆਂ ਦਾ ਸਾਮਾਨ ਜ਼ਬਤ

ਮੁਕੇਰੀਆਂ- ਚੋਣ ਕਮਿਸ਼ਨ ਦੀ ਟੀਮ ਨੇ ਬਿਨ੍ਹਾਂ ਇਜਾਜ਼ਤ ਕਾਂਗਰਸੀ ਉਮੀਦਵਾਰ ਡਾ. ਰਾਜ ਕੁਮਾਰ ਚੱਬੇਵਾਲ ਦੀਆਂ ਖਾਨਪੁਰ ਤੇ ਐਮਾਂ ਮਾਂਗਟ ਕਸਬੇ 'ਚ ਕੀਤੀਆਂ ਗਈਆਂ ਚੋਣ ਰੈਲੀਆਂ ਦਾ ਸਾਮਾਨ ਜ਼ਬਤ ਕਰ ਲਿਆ। ਐਸਡੀਐਮ ਕਮ ਚੋਣ ਅਧਿਕਾਰੀ ਨੇ ਇਸ ਸਬੰਧੀ ਜਾਣਕਾਰੀ ਹਾਸਲ ਕਰਕੇ ਡਾ. ਰਾਜ ਕੁਮਾਰ ਨੂੰ ਨੋਟਿਸ ਭੇਜਣ ਦੀ ਗੱਲ ਕਹੀ ਹੈ।

ਜਾਣਕਾਰੀ ਅਨੁਸਾਰ ਅੱਜ ਸਵੇਰੇ ਕਰੀਬ 9 ਵਜੇ ਕਾਂਗਰਸੀ ਉਮੀਦਵਾਰ ਡਾ. ਰਾਜ ਕੁਮਾਰ ਕੌਮੀ ਮਾਰਗ 'ਤੇ ਪੈਂਦੇ ਰਾਧਾ ਸੁਆਮੀ ਡੇਰਾ ਮੁਕੇਰੀਆਂ ਗਏ ਅਤੇ ਉਪਰੰਤ ਸਤਿਸੰਗ ਵਿੱਚ ਹਿੱਸਾ ਲਿਆ ਤੇ ਮਗਰੋਂ ਖਾਨਪੁਰ ਵਿਚਲੀ ਚੋਣ ਰੈਲੀ ਲਈ ਰਵਾਨਾ ਹੋ ਗਏ। ਖਾਨਪੁਰ ਵਿੱਚ ਰੈਲੀ ਕਰ ਕੇ ਡਾ. ਰਾਜ ਕੁਮਾਰ ਨੇ ਕਸਬਾ ਐਮਾਂ ਮਾਂਗਟ ਵਿੱਚ ਚੋਣ ਰੈਲੀ ਨੂੰ ਸੰਬੋਧਨ ਕੀਤਾ। ਚੋਣ ਕਮਿਸ਼ਨ ਨੂੰ ਇਨ੍ਹਾਂ ਰੈਲੀਆਂ ਦੀ ਕੋਈ ਜਾਣਕਾਰੀ ਨਹੀਂ ਸੀ।

ਲਿਹਾਜ਼ਾ ਜਾਣਕਾਰੀ ਮਿਲਣ 'ਤੇ ਕਾਹਲੀ ਨਾਲ ਪੁੱਜੀ ਕਮਲਦੀਪ ਸਿੰਘ ਦੀ ਅਗਵਾਈ ਵਾਲੀ ਟੀਮ ਨੇ ਖਾਨ-ਪੁਰ ਤੋਂ 12 ਕੁਰਸੀਆਂ ਜ਼ਬਤ ਕੀਤੀਆਂ, ਜਦੋਂ ਕਿ ਕਸਬਾ ਐਮਾਂ ਮਾਂਗਟ ਵਿਚਲੀ ਚੋਣ ਰੈਲੀ ਵਿੱਚੋਂ ਕਰੀਬ 30 ਕੁਰ-ਸੀਆਂ ਸਮੇਤ ਹੋਰ ਸਾਮਾਨ ਜ਼ਬਤ ਕੀਤਾ ਗਿਆ। ਐਮਾਂ ਮਾਂਗਟ ਵਿੱਚ ਸਾਮਾਨ ਜ਼ਬਤ ਕੀਤੇ ਜਾਣ ਸਮੇਂ ਟੀਮ ਨਾਲ ਕੁਝ ਲੋਕਾਂ ਨੇ ਝਗੜਾ ਵੀ ਕੀਤਾ। ਇਸ ਦੌਰਾਨ ਟੀਮ ਨੂੰ ਉਲਝਾ ਕੇ ਟੈਂਟ ਹਾਊਸ ਦਾ ਜ਼ਿਆਦਤਰ ਸਾਮਾਨ ਰੈਲੀ ਵਾਲੇ ਸਥਾਨ ਤੋਂ ਗਾਇਬ ਕਰ ਦਿੱਤਾ ਗਿਆ।

ਜਾਂਚ ਟੀਮ ਦੇ ਇੰਚਾਰਜ ਕਮਲਦੀਪ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਡਾ. ਰਾਜ ਕੁਮਾਰ ਚੱਬੇਵਾਲ ਦੇ ਰਾਧਾ ਸੁਆਮੀ ਸਤਿਸੰਗ ਭਵਨ ਵਿੱਚ ਜਾਣ ਅਤੇ ਪਿੰਡ ਖਾਨਪੁਰ ਤੇ ਕਸਬਾ ਐਮਾਂ ਮਾਂਗਟ ਵਿੱਚ ਰੈਲੀਆਂ ਕਰਨ ਦੀ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਸੀ। ਇਸ ਦਾ ਪਤਾ ਲੱਗਣ 'ਤੇ ਮੌਕੇ 'ਤੇ ਪੁੱਜ ਕੇ ਕਰੀਬ 42 ਕੁਰਸੀਆਂ ਸਮੇਤ ਹੋਰ ਸਾਮਾਨ ਜ਼ਬਤ ਕੀਤਾ ਗਿਆ ਹੈ। ਇਹ ਮਾਮਲਾ ਐਸਡੀਐਮ ਕਮ ਚੋਣ ਅਧਿਕਾਰੀ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ, ਜਿਨ੍ਹਾਂ ਵਲੋਂ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਕਾਂਗਰਸੀ ਉਮੀਦਵਾਰ ਵਲੋਂ ਦੇਰ ਸ਼ਾਮ ਕੀਤੀਆਂ ਜਾਣ ਵਾਲੀਆਂ ਕਰੀਬ 5 ਰੈਲੀਆਂ ਦੀ ਇਜਾਜ਼ਤ ਮੌਕੇ 'ਤੇ ਲਈ ਗਈ। ਐਸਡੀਐਮ ਅਦਿੱਤਿਆ ਉਪਲ ਨੇ ਦੱਸਿਆ ਕਿ ਕਾਂਗਰਸ ਵਲੋਂ ਬਿਨ੍ਹਾਂ ਇਜਾਜ਼ਤ ਕੀਤੀਆਂ ਚੋਣ ਰੈਲੀਆਂ ਬਾਰੇ ਉਮੀਦਵਾਰ ਨੂੰ ਨੋਟਿਸ ਭੇਜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰਾਧਾ ਸੁਆਮੀ ਸਤਿਸੰਗ ਭਵਨ ਵਿੱਚ ਕਾਂਗਰਸੀ ਉਮੀਦਵਾਰ ਦੇ ਜਾਣ ਬਾਰੇ ਜਾਂਚ ਕਰਕੇ ਬਣਦੀ ਕਾਰਵਾਈ ਕੀਤੀ ਜਾਵੇਗੀ।

Home Loans
Call 408.307.6331

# ਪੰਜਾਬ ਦੀ ਸਿਆਸੀ ਆਪਾ-ਧਾਪੀ ਦੇ ਖ਼ਤਰਨਾਕ ਸਿੱਟੇ

ਗੁਰਦੀਪ ਸਿੰਘ ਢੁੱਡੀ

ਇਤਿਹਾਸ ਦੇ ਥੋੜ੍ਹੇ ਜਿਹੇ ਜਾਣਕਾਰ ਵੀ ਇਸ ਗੱਲ ਦੇ ਜਾਣੂ ਹਨ ਕਿ ਸਿਆਸਤ ਵਿਚ ਕੁਰਸੀ ਦੀ ਖਾਤਰ ਪਿਓ, ਪੁੱਤਰ, ਭਰਾ ਜਾਂ ਹੋਰ ਕਿਸੇ ਰਿਸ਼ਤੇ ਦਾ ਆਪਸ ਵਿਚ ਰਿਸ਼ਤਾ ਨਾਤਾ ਓਨਾ ਚਿਰ ਹੀ ਰਹਿੰਦਾ ਹੈ ਜਿੰਨਾ ਚਿਰ ਕੁਰਸੀ ਅੱਖ ਤਿਣ ਨਾ ਦਿਸਣ ਲੱਗ ਪਵੇ। ਕੁਰਸੀ ਨੂੰ ਖ਼ਤਰਾ ਜਾਂ ਫਿਰ ਇਸ ਨੂੰ ਪ੍ਰਾਪਤ ਕਰਨ ਦੀ ਲਾਲਸਾ ਪਿਓ-ਪੁੱਤਰ, ਭਰਾ-ਭਰਾ ਜਾਂ ਫਿਰ ਮਾਲਕ-ਨੌਕਰ ਵਿਚ ਖਾਨਾਜੰਗੀ ਛੇੜ ਦਿੰਦੀ ਹੈ। ਇਹ ਵੱਖਰੀ ਗੱਲ ਹੈ ਕਿ ਇਸ ਖਾਨਾਜੰਗੀ ਵਿਚ ਕਈ ਵਾਰੀ ਕੋਈ ਤੀਜੀ ਧਿਰ ਆ ਕੇ ਫਾਇਦਾ ਲੈ ਜਾਂਦੀ ਹੈ। ਅੱਜਕੱਲ੍ਹ ਸੰਸਾਰ ਦੇ ਬਹੁਤ ਮੁਲਕਾਂ ਵਿਚ ਲੋਕਤੰਤਰੀ ਰਾਜ ਪ੍ਰਣਾਲ਼ੀ ਪ੍ਰਚੱਲਤ ਹੋ ਚੁੱਕੀ ਹੈ ਅਤੇ ਕੁੱਝ ਇਕ ਮੁਲਕਾਂ ਨੂੰ ਛੱਡ ਕੇ ਇਹ ਮਜ਼ਬੂਤੀ ਨਾਲ ਚੱਲ ਵੀ ਰਹੀ ਹੈ। ਇਸ ਲੋਕਤੰਤਰੀ ਰਾਜ ਪ੍ਰਣਾਲ਼ੀ ਨੇ ਸ਼ੁਰੂ ਸ਼ੁਰੂ ਵਿਚ (ਹਰ ਥਾਂ) ਆਮ ਲੋਕ ਨੂੰ ਵੀ ਸਿਆਸਤ ਵੱਲ ਖਿੱਚ ਲਿਆ ਅਤੇ ਕਿਧਰੇ ਕਿਧਰੇ ਆਮ ਲੋਕ ਉੱਚੀ ਕੁਰਸੀ ਤੱਕ ਪਹੁੰਚ ਵੀ ਗਿਆ ਸੀ।

ਦਰਅਸਲ, ਅਜਿਹੇ ਸਮੇਂ ਵਿਚ ਸਿਆਸਤ ਦਾ ਧੁਰਾ ਕੋਈ ਨਾ ਕੋਈ ਵਿਚਾਰਧਾਰਾ ਜ਼ਰੂਰ ਹੁੰਦੀ ਸੀ ਪਰ ਸਮੇਂ ਦੀ ਤੋਰ ਨਾਲ ਲੋਕਤੰਤਰੀ ਪ੍ਰਣਾਲ਼ੀ ਵਿਚ ਤਾਕਤ ਦਾ ਧੁਰਾ ਉੱਚੀਆਂ ਕੁਰਸੀਆਂ 'ਤੇ ਬਿਰਾਜਮਾਨ ਹੋਣ ਵਾਲੇ ਸਿਆਸੀ ਲੋਕਾਂ ਦੁਆਲੇ ਘੁੰਮਣ ਲੱਗ ਪਿਆ। ਤਾਕਤ ਦੇ ਇਸ ਧੁਰੇ ਨੇ ਲੋਕਤੰਤਰੀ ਪ੍ਰਣਾਲ਼ੀ ਵਿਚ ਫਿਰ ਰਾਜ ਘਰਾਣਿਆਂKਧਨਾਢਾਂKਸਰਮਾਏਦਾਰਾਂ ਦਾ ਕੁਰਸੀ 'ਤੇ ਅੱਖ ਵਾਲਾ ਮੁਹਾਵਰਾ ਪੈਦਾ ਕਰ ਦਿੱਤਾ। ਫਲਸਰੂਪ ਬਹੁਤੇ ਥਾਵਾਂ ਉੱਤੇ ਸਿਆਸਤ ਨਾਲ ਜੁੜੇ ਲੋਕਾਂ ਵਿਚ ਆਪਾ-ਧਾਪੀ ਵਾਲਾ ਮਾਹੌਲ ਪੈਦਾ ਕਰ ਦਿੱਤਾ। ਇਨ੍ਹਾਂ ਥਾਵਾਂ ਵਿਚੋਂ ਭਾਰਤ ਦਾ (ਹੁਣ) ਇਕ ਛੋਟਾ ਜਿਹਾ ਸੂਬਾ ਪੰਜਾਬ ਇਸ ਦੀ ਮਿਸਾਲ ਬਣ ਗਿਆ ਹੈ।

ਮੁਲਕ ਦੇ ਆਜ਼ਾਦੀ ਸੰਗਰਾਮ ਵਿਚ ਕਾਂਗਰਸ ਪਾਰਟੀ ਨੇ ਪਹਿਲੀਆਂ ਵਿਚ ਜਨਤਾ ਦੀ ਅਗਵਾਈ ਕੀਤੀ। ਜਿਵੇਂ ਹੀ ਆਜ਼ਾਦੀ ਪ੍ਰਾਪਤੀ ਦੀ ਇਸ ਲੜਾਈ ਵਿਚ ਹੋਰ ਵਿਚਾਰਧਾਰਾਵਾਂ ਦਾ ਪ੍ਰਵੇਸ਼ ਹੋਇਆ, ਕਾਂਗਰਸ ਪਾਰਟੀ ਨੇ ਇਨ੍ਹਾਂ ਧਿਰਾਂ ਨੂੰ ਪਰਦੇ ਤੋਂ ਧਕੇਲਣ ਲਈ ਸਿਆਸੀ ਚਾਲਾਂ ਦਾ ਵੀ ਸਹਾਰਾ ਲਿਆ। ਇਸੇ ਕਰਕੇ 1947 ਵਿਚ ਜਦੋਂ ਮੁਲਕ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਛੁਟਕਾਰਾ ਮਿਲਿਆ ਤਾਂ ਮੁਲਕ ਦੀ ਵੰਡ ਵਾਲਾ ਵੱਡਾ ਦੁਖਾਂਤ ਵੀ ਵਾਪਰ ਗਿਆ। ਖੈਰ! ਭਾਰਤ ਵਿਚ ਕੇਂਦਰ ਸਮੇਤ ਮੁਲਕ ਦੇ ਸੂਬਿਆਂ ਵਿਚ ਕਾਂਗਰਸ ਪਾਰਟੀ ਨੂੰ ਰਾਜ ਭਾਗ ਮਿਲਿਆ। ਮੁਲਕ ਲੋਕਤੰਤਰੀ ਸਿਆਸੀ ਢਾਂਚੇ ਵਿਚ ਢਲ ਗਿਆ ਅਤੇ 1951-52 ਵਿਚ ਆਜ਼ਾਦ ਭਾਰਤ ਦੀਆਂ ਪਹਿਲੀਆਂ ਆਮ ਚੋਣਾਂ ਹੋਈਆਂ।

ਅੱਗੇ ਚੱਲ ਕੇ ਰਾਜ ਭਾਗ 'ਤੇ ਬਹੁਤਾ ਸਮਾਂ ਕਾਂਗਰਸ ਪਾਰਟੀ ਹੀ ਕਾਬਜ਼ ਰਹੀ। ਕਾਂਗਰਸ ਪਾਰਟੀ ਵਿਚਾਰਧਾਰਾ ਦਾ ਨਾਮ ਸੀ ਜਿਸ ਦੀ ਤਾਰ ਆਜ਼ਾਦੀ ਸੰਗਰਾਮ ਨਾਲ ਜੁੜਦੀ ਸੀ ਅਤੇ ਰਾਜਕੀ ਵਿਵਸਥਾ ਅੰਗਰੇਜ਼ੀ ਸ਼ਾਸਨ ਵਾਲੀ ਹੀ ਸੀ। ਜਮਹੂਰੀ ਤਰਜ਼ ਦੀ ਰਾਜਕੀ ਵਿਵਸਥਾ ਵਿਚ ਕਾਂਗਰਸ ਪਾਰਟੀ ਦੇ ਅੰਦਰੋਂ ਤੇ ਬਾਹਰੋਂ ਬਾਗੀ ਸੁਰਾਂ ਉੱਠੀਆਂ ਅਤੇ ਕਾਂਗਰਸ ਪਾਰਟੀ ਦੀ ਬਾਰਬਰੀ ਦੂਜੀਆਂ ਵਿਚਾਰਾਧਾਰਾਵਾਂ ਨੇ ਵੀ ਕਰਨੀ ਸ਼ੁਰੂ ਕੀਤੀ। ਸਮਾਂ ਪਾ ਕੇ ਕੇਂਦਰ ਸਮੇਤ ਕੁੱਝ ਸੂਬਿਆਂ ਵਿਚ ਕਾਂਗਰਸ ਪਾਰਟੀ ਦੇ ਇਲਾਵਾ ਹੋਰ ਪਾਰਟੀਆਂ ਨੂੰ ਰਾਜ ਭਾਗ ਮਿਲਣ ਲੱਗਾ। ਇਸ ਵਿਚ ਸਿਆਸੀ ਚਾਲਾਂ ਵੀ ਸ਼ੁਰੂ ਹੋ ਗਈਆਂ।

ਪੰਜਾਬ ਵਿਚ ਗੁਰਦੁਆਰਾ ਸੁਧਾਰ ਲਹਿਰ ਵਿਚੋਂ ਸ਼੍ਰੋਮਣੀ ਅਕਾਲੀ ਦਲ ਹੋਂਦ ਵਿਚ ਆਇਆ ਸੀ, ਆਜ਼ਾਦੀ ਤੋਂ ਬਾਅਦ ਅਕਾਲੀ ਦਲ ਦੇ ਮੋਰਚਿਆਂ ਵਿਚੋਂ ਪੰਜਾਬ ਦੀ ਫਿਰ ਵੰਡ ਹੋਈ ਅਤੇ ਹੌਲ਼ੀ ਹੌਲ਼ੀ ਸ਼੍ਰੋਮਣੀ ਅਕਾਲੀ ਦਲ ਨੂੰ ਰਾਜ ਭਾਗ ਕਰਨ ਦਾ ਮੌਕਾ ਮਿਲ ਗਿਆ। ਰਾਖਵੇਂਕਰਨ ਦੀ ਨੀਤੀ



ਕਾਰਨ ਭਾਵੇਂ ਕਥਿਤ ਛੋਟੀਆਂ ਜਾਤਾਂ ਨੂੰ ਵੀ ਸਿਆਸੀ ਤਾਕਤ ਵਿਚੋਂ ਹਿੱਸਾ ਨਸੀਬ ਹੋਣ ਲੱਗ ਪਿਆ ਸੀ ਪਰ ਸ਼੍ਰੋਮਣੀ ਅਕਾਲੀ ਦਲ ਉੱਤੇ ਅਸਲ ਕਬਜ਼ਾ ਵੱਡੇ ਜੱਟ ਸਿੱਖ ਘਰਾਣਿਆਂ ਦਾ ਹੀ ਰਿਹਾ ਅਤੇ ਛੋਟੀਆਂ ਛੋਟੀਆਂ ਬਗਾਵਤਾਂ ਨਾਲ ਇਸ ਦੀ ਵੰਡ ਹੁੰਦੀ ਗਈ। ਫਿਰ ਇਕ ਸਮਾਂ ਉਹ ਵੀ ਆਇਆ ਜਦੋਂ ਦਲ ਦੀ ਅਸਲ ਤਾਕਤ ਬਾਦਲ ਪਰਿਵਾਰ ਦੁਆਲੇ ਘੁੰਮਣ ਲੱਗ ਪਈ।

ਸਮੇਂ ਦੀ ਤੋਰ ਨਾਲ ਖੱਬੀਆਂ ਧਿਰਾਂ ਦਾ ਉਭਾਰ ਤਾਂ ਹੋਇਆ ਪਰ ਪੰਜਾਬ ਵਿਚ ਉਹੀ ਪੁਰਾਣੇ ਜਾਗੀਰਦਾਰੀ ਅਤੇ ਫਿਰ ਸਰਮਾਏਦਾਰੀ ਸਿਸਟਮ ਦੇ ਜ਼ੋਰਾਵਰ ਹੋਣ 'ਤੇ ਖੱਬੀਆਂ ਧਿਰਾਂ ਸਿਆਸੀ ਪਰਦੇ ਦੇ ਪਿਛਾਂਹ ਜਾਣ ਵਾਲੇ ਹਾਲਾਤ ਵਿਚ ਪਹੁੰਚ ਗਈਆਂ। ਵਿਚ ਜਿਹੇ ਬਹੁਜਨ ਸਮਾਜ ਪਾਰਟੀ ਨੂੰ ਵੀ ਵਿਗਸਣ ਦਾ ਮੌਕਾ ਮਿਲਿਆ ਪਰ ਇਹ ਵੀ ਛੇਤੀ ਹੀ ਪੰਜਾਬ ਦੇ ਸਿਆਸੀ ਪਰਦੇ ਤੋਂ ਲੁਪਤ ਹੋਣ ਵਾਲੀ ਹਾਲਤ ਵਿਚ ਪਹੁੰਚ ਗਈ। ਖਾੜਕੂਵਾਦ ਵਾਲੇ ਸਮੇਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਮਾਨ ਧੜੇ ਨੂੰ ਵੀ ਉਭਰਨ ਦਾ ਮੌਕਾ ਦਿੱਤਾ ਪਰ ਛੇਤੀ ਹੀ ਇਹ ਵੀ ਹਾਸ਼ੀਏ 'ਤੇ ਪਹੁੰਚ ਗਿਆ। ਬਾਦਲ ਘਰਾਣੇ ਵਿਚੋਂ ਘਰੇਲੂ ਖਾਨਾਜੰਗੀ ਵਿਚੋਂ ਮਨਪ੍ਰੀਤ ਸਿੰਘ ਬਾਦਲ ਨੇ ਉਭਰਨ ਦਾ ਯਤਨ ਕੀਤਾ ਪਰ ਉਹ ਵੀ ਕੋਈ ਸਿਆਸੀ ਪ੍ਰਾਪਤੀ ਨਾ ਕਰ ਸਕਿਆ ਅਤੇ ਫਿਰ ਕਾਂਗਰਸ ਪਾਰਟੀ ਦੇ ਲੜ ਲੱਗ ਗਿਆ।

ਅਸਲ ਵਿਚ ਕਾਂਗਰਸ ਪਾਰਟੀ ਕੇਂਦਰੀ ਪਾਰਟੀ ਹੋਣ ਕਰਕੇ ਹੇਠਾਂ ਉੱਤੇ ਤਾਂ ਹੁੰਦੀ ਰਹੀ ਪਰ ਨਵੇਂ ਹੋਂਦ ਵਿਚ ਆਏ ਪੰਜਾਬ ਵਿਚ ਉਹ ਬਾਦਲ ਧੜੇ ਨੂੰ ਲਗਾਤਾਰ ਟੱਕਰ ਦਿੰਦੀ ਆ ਰਹੀ ਹੈ। ਬਾਦਲ ਧੜੇ ਨੇ ਬੜੀ ਵੱਡੀ ਸਿਆਸੀ ਸੋਚ ਅਨੁਸਾਰ ਪਹਿਲਾਂ ਜਨਤਾ ਪਾਰਟੀ ਅਤੇ ਫਿਰ ਭਾਰਤੀ ਜਨਤਾ ਪਾਰਟੀ ਨਾਲ ਆਪਣਾ ਸਿਆਸੀ ਗਠਜੋੜ ਬਣਾਈ ਰੱਖਿਆ; ਹਾਲਾਂਕਿ ਪ੍ਰਕਾਸ਼ ਸਿੰਘ ਬਾਦਲ ਨੇ ਮਹਾਰਾਜਾ ਰਣਜੀਤ ਸਿੰਘ ਵਾਂਗ ਕਈ ਵਾਰੀ ਸਿਆਸੀ ਕਲਾਬਾਜ਼ੀਆਂ ਵਾਲੇ ਸਮਝੌਤੇ ਵੀ ਕੀਤੇ।

ਅੰਨਾ ਹਜ਼ਾਰੇ ਵਾਲੇ ਅੰਦੋਲਨ ਵਿਚੋਂ ਸਿਆਸੀ ਲਾਹਾ ਲੈਂਦਿਆਂ ਅਰਵਿੰਦ ਕੇਜਰੀਵਾਲ ਨੇ ਦਿੱਲੀ ਵਿਚ ਆਮ ਆਦਮੀ ਪਾਰਟੀ ਬਣਾ ਲਈ ਅਤੇ ਦਿੱਲੀ ਦੇ ਲੋਕਾਂ ਸਾਹਮਣੇ ਪਹਿਲਾਂ ਅੰਨਾ ਹਜ਼ਾਰੇ ਦੇ ਵਿਚਾਰ ਤੇ ਫਿਰ ਅਰਵਿੰਦ ਕੇਜਰੀਵਾਲ ਦਾ ਨਾਅਰੇ ਹੋਣ ਕਰਕੇ ਪੂਰੀ ਦੀ ਪੂਰੀ ਦਿੱਲੀ ਇਕਦਮ ਆਮ ਆਦਮੀ ਪਾਰਟੀ ਦੀ ਝੋਲ਼ੀ ਵਿਚ ਆਣ ਪਈ। ਕੇਜਰੀਵਾਲ ਵੱਡੇ ਸੁਫ਼ਨੇ ਲੈਣ ਲੱਗ ਪਿਆ। ਹੋਰ ਸੂਬਿਆਂ ਵਿਚ ਵੀ ਬੇਸ਼ੱਕ ਇਸ ਨੂੰ ਕੁੱਝ ਸਹਾਰਾ ਮਿਲਿਆ ਪਰ ਇਸ ਨੂੰ ਅਸਲ ਤੇ ਵੱਡਾ ਹੁੰਗਾਰਾ ਪੰਜਾਬ ਵਿਚੋਂ ਮਿਲਿਆ। ਉਂਜ, ਇਸ ਤੋਂ ਬਾਅਦ ਪਾਰਟੀ ਦੀ ਲੀਡਰਸ਼ਿਪ, ਪੰਜਾਬੀ ਮਾਨਸਿਕਤਾ ਅਤੇ ਇਥੋਂ ਦੀ ਸਿਆਸਤ ਨੂੰ ਸਮਝਣ ਵਿਚ ਉੱਕ ਗਈ; ਇਹ ਖੁਦ ਨੂੰ ਕੇਂਦਰੀ ਤਾਕਤ ਸਮਝਦਿਆਂ ਗਲਤੀਆਂ ਦਰ ਗਲਤੀਆਂ ਕਰਦੀ ਗਈ। ਸਿੱਟੇ ਵਜੋਂ ਪੰਜਾਬ ਵਿਚ ਇਹ ਪਾਰਟੀ ਆਪਣੇ ਪੱਖ ਵਿਚ ਚੱਲ ਰਹੇ ਰੁਝਾਨਾਂ ਦੇ ਬਾਵਜੂਦ ਆਪਣਾ ਫਾਇਦਾ ਲੈਣ ਤੋਂ ਖੁੰਝ ਗਈ ਅਤੇ ਇਸ ਨੂੰ ਵਿਧਾਨ ਸਭਾ ਵਿਚ 22 ਸੀਟਾਂ ਹੀ ਮਿਲੀਆਂ।

ਇਉਂ ਲੋਕਾਂ ਨੇ ਪਾਰਟੀ ਦੇ ਮੁਖੀ ਕੇਜਰੀਵਾਲ ਨੂੰ ਦੂਹਰਾ ਸੰਕੇਤ ਦਿੱਤਾ। ਪੰਜਾਬ ਦੇ ਲੋਕ ਦੂਜੇ ਸ਼ਖ਼ਸ ਦੀ ਅਗਵਾਈ ਤਾਂ ਮੰਨ ਲੈਂਦੇ ਹਨ ਪਰ ਇਹ ਪੂਰੀ ਤਰ੍ਹਾਂ ਈਨ ਨਹੀਂ ਮੰਨਦੇ। ਆਮ ਆਦਮੀ ਪਾਰਟੀ ਦੀ ਕੇਂਦਰੀ ਹਾਈ ਕਮਾਨ, ਪੰਜਾਬ ਦੇ ਲੋਕਾਂ ਨੂੰ ਤਾਕਤ ਵਿਚੋਂ ਬਣਦਾ ਹਿੱਸਾ ਦੇਣ ਦੀ ਥਾਂ ਕੇਂਦਰੀ ਹਕੂਮਤ ਚਲਾਉਣ ਦੇ ਰਾਹ ਪੈ ਗਈ। ਫਲਸਰੂਪ, ਪੰਜਾਬ ਵਿਚੋਂ ਆਮ ਆਦਮੀ ਪਾਰਟੀ ਦੇ ਝਾੜੂ ਦੇ ਤੀਲੇ ਬਿਖ਼ਰ ਗਏ। ਇਕ ਤੋਂ ਦੋ ਹੋਣ ਕਾਰਨ ਇਸ ਦੇ ਦੋਹਾਂ ਧੜਿਆਂ ਨੂੰ ਇਕ ਦੂਜੇ ਨੂੰ ਭੰਡਣ ਤੋਂ ਅੱਗੇ ਜ਼ਿਆਦਾ ਪ੍ਰਾਪਤੀ ਦੀ ਉਮੀਦ ਨਹੀਂ।

ਕਹਿਣ ਨੂੰ ਭਾਵੇਂ ਕੋਟਕਪੂਰਾ-ਬਹਿਬਲ-ਬਰਗਾੜੀ ਕਾਂਡ ਬਾਦਲ ਧੜੇ ਦੀਆਂ ਜੜ੍ਹਾਂ ਵਿਚ ਤੇਲ ਦੇਣ ਵਾਲਾ ਸਾਬਤ ਹੋਇਆ ਹੈ ਪਰ ਅਸਲ ਵਿਚ ਸੁਖਬੀਰ-ਮਜੀਠੀਆ ਦੀਆਂ ਨੀਤੀਆਂ ਅਤੇ ਫੜ੍ਹਾਂ ਵਿਚ ਨਾ ਤਾਂ ਪ੍ਰਕਾਸ਼ ਸਿੰਘ ਬਾਦਲ ਵਾਲੀਆਂ ਲੋਕ ਲੁਭਾਊ ਗੱਲਾਂ ਹਨ ਅਤੇ ਨਾ ਹੀ ਦੋਨਾਂ (ਸੁਖਬੀਰ-ਮਜੀਠੀਆ) ਨੂੰ ਪ੍ਰਕਾਸ਼ ਸਿੰਘ ਬਾਦਲ ਵਾਂਗ ਲੋਕਾਂ ਦੇ ਢਿੱਡ ਵਿਚ ਵੜਨਾ ਆਉਂਦਾ ਹੈ। ਪ੍ਰਕਾਸ਼ ਸਿੰਘ ਬਾਦਲ ਨੂੰ ਵਡੇਰੀ ਉਮਰ, ਪੁੱਤਰ ਮੋਹ ਅਤੇ ਸੁਖਬੀਰ ਬਾਦਲ ਦੇ ਭਾਰੂ ਵਤੀਰੇ ਕਾਰਨ ਸਿਆਸੀ ਨਕਸ਼ੇ ਤੋਂ ਪਾਸੇ ਹੋਣ ਵਾਂਗ ਹੋਣਾ ਪੈ ਗਿਆ ਹੈ ਅਤੇ ਸੁਖਬੀਰ-ਮਜੀਠੀਆ ਦੀਆਂ ਨੀਤੀਆਂ ਦੇ ਭਵਿੱਖ ਵਿਚ ਜਨਤਕ ਲਾਮਬੰਦੀ ਕਰਨ ਦੀ ਉਮੀਦ ਬੱਝਦੀ ਨਜ਼ਰ ਨਹੀਂ ਆ ਰਹੀ। ਸਿੱਖ ਧੜਿਆਂ ਦੇ ਨਾਮ 'ਤੇ ਹੋਰ ਅਕਾਲੀ ਗਰੁੱਪਾਂ ਦਾ ਸਿਆਸੀ ਆਧਾਰ ਥੋੜ੍ਹੇ ਖਿੱਤੇ ਤੋਂ ਅੱਗੇ ਵਧਣ ਦੀ ਭੋਰਾ ਵੀ ਆਸ ਨਹੀਂ। ਕਾਂਗਰਸ ਪਾਰਟੀ ਨੂੰ 2017 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਬਾਦਲ ਦਲ ਵੱਲ ਨਰਾਜ਼ਗੀ ਦੇ ਸਿੱਟੇ ਵਜੋਂ ਮਿਲੇ ਬਹੁਮੱਤ ਨੂੰ ਇਸ ਵਾਰੀ ਕੈਪਟਨ ਅਮਰਿੰਦਰ ਸਿੰਘ ਕੋਈ ਵਿਸ਼ੇਸ਼ ਆਕਰਸ਼ਣ ਬਣਾਉਣ ਵਿਚ ਅਸਫ਼ਲ ਰਹੇ ਹਨ।

ਉਪਰੋਕਤ ਦੇ ਸਿੱਟੇ ਵਜੋਂ ਪੰਜਾਬ ਵਿਚ ਸਿਆਸੀ ਆਪਾ-ਧਾਪੀ ਵਾਲਾ ਮਾਹੌਲ ਬਣ ਗਿਆ ਹੈ। ਕਿਸੇ ਵੀ ਮੁਲਕ ਜਾਂ ਸੂਬੇ ਵਿਚ ਸਿਆਸੀ ਸਥਿਰਤਾ ਵਿਕਾਸ ਵਿਚ ਵੱਡਾ ਰੋਲ ਅਦਾ ਕਰਦੀ ਹੈ ਜਦੋਂ ਕਿ ਸਿਆਸੀ ਅਸਥਿਰਤਾ ਅਫ਼ਰਾ-ਤਫ਼ਰੀ ਦਾ ਮਾਹੌਲ ਸਿਰਜ ਦਿੰਦੀ ਹੈ। ਪੰਜਾਬ ਨੇ ਕਦੇ ਅਤਿਵਾਦ ਦੇ ਕਾਲੇ ਦਿਨਾਂ ਦਾ ਸੰਤਾਪ ਬੜੀ ਬੁਰੀ ਤਰ੍ਹਾਂ ਝੱਲਿਆ ਹੈ ਅਤੇ ਜੇ ਉਸ ਸਮੇਂ ਦੇ ਹਾਲਾਤ ਦਾ ਜਾਇਜ਼ਾ ਲਿਆ ਜਾਵੇ ਤਾਂ ਬਹੁਤਾ ਨਹੀਂ ਤਾਂ ਇਸ ਨੇ ਪੰਜਾਬ ਨੂੰ ਘੱਟੋ-ਘੱਟ ਇਕ ਸਦੀ ਪਿੱਛੇ ਧੱਕ ਦਿੱਤਾ ਸੀ। ਬਾਦਲਾਂ ਦੇ ਪਿਛਲੇ ਦਸ ਸਾਲਾਂ ਦੇ ਰਾਜ ਵਿਚ ਰੇਤ-ਬੱਜਰੀ ਮਾਫ਼ੀਆ, ਨਸ਼ਾ ਤਸਕਰੀ, ਗੈਂਗਸਟਰ ਰਾਜ, ਟ੍ਰਾਂਸਪੋਰਟ ਮਾਫ਼ੀਆ, ਹਰ ਤਰ੍ਹਾਂ ਦੇ ਮੁਨਾਫ਼ੇ ਦਾ ਰੁਖ਼ ਸਿਆਸੀ ਤਾਕਤ ਵੱਲ; ਆਦਿ ਮੁੱਖ ਰਹੇ ਹਨ ਜਿਸ ਦੇ ਸਿੱਟੇ ਵਜੋਂ ਦਸਾਂ ਨਹੁੰਆਂ ਦੀ ਕਮਾਈ ਕਰਕੇ ਦੋ ਡੰਗ ਦੀ ਰੋਟੀ ਖਾਣ ਵਾਲੇ ਕਿਸਾਨ ਅਤੇ ਮਜ਼ਦੂਰ ਖੁਦਕੁਸ਼ੀਆਂ ਦੇ ਰਾਹ ਪਏ, ਤੇ ਪੰਜਾਬ ਦੀ ਨੌਜਵਾਨੀ ਵਿਦੇਸ਼ਾਂ ਵੱਲ ਮੂੰਹ ਕਰ ਚੁੱਕੀ ਹੈ। ਆਰਥਿਕ ਤੰਗੀ ਅਤੇ ਨਸ਼ਿਆਂ ਦੀ ਓਵਰਡੋਜ਼ ਕਾਰਨ ਨਿੱਤ ਦਿਹਾੜੇ ਪੰਜਾਬ ਵਿਚ ਸਿਵੇ ਬ਼ਲਦੇ ਹਨ। ਜੇ ਸਿਆਸੀ ਆਪਾ-ਧਾਪੀ ਇਸੇ ਤਰ੍ਹਾਂ ਰਹੀ ਤਾਂ ਵਿਕਾਸ ਪੱਖੋਂ ਪੰਜਾਬ ਦੇ ਹੋਰ ਨਿਵਾਣਾਂ ਵੱਲ ਜਾਣ ਦੇ ਦਿਨ ਦੇਖਣੇ ਪੈਣਗੇ।

# ਚੋਣ ਸਿਆਸਤ ਵਿਚ ਜਜ਼ਬਾਤੀ ਨਾਅਰੇ ਅਤੇ ਹਕੀਕੀ ਮੁੱਦੇ



ਡਾ. ਸੁਰਿੰਦਰ ਮੰਡ

ਇਹ ਵੋਟਾਂ ਨੇ ਤੈਅ ਕਰਨਾ ਹੈ ਕਿ ਅਗਲੇ ਪੰਜ ਸਾਲ ਆਪਣਾ ਮੁਲਕ ਕਿਧਰ ਨੂੰ ਜਾਵੇਗਾ; ਵਿਕਾਸ ਵੱਲ ਕਿ ਵਿਨਾਸ਼ ਵੱਲ। ਲਾਡ ਪਿਆਰ ਨਾਲ ਪਾਲੇ ਪੁੱਤ ਧੀਆਂ ਭੁੱਖ ਨਾਲ ਘੁਲਣਗੇ ਕਿ ਕੋਈ ਉਨ੍ਹਾਂ ਬਾਰੇ ਸੋਚੇਗਾ ਵੀ? ਕੀ ਫਸਲ ਇੰਜ ਹੀ ਲੁਟੀਂਦੀ ਰਹੇਗੀ? ਕੀ ਸਿਹਤ ਸਿੱਖਿਆ ਰੁਜ਼ਗਾਰ ਇਵੇਂ ਅਣਗੌਲਿਆ ਮੁੱਦਾ ਰਹੇਗੀ? ਭ੍ਰਿਸ਼ਟਾਚਾਰ ਤੇ ਦਲਾਲ ਮਾਫ਼ੀਆ ਇਵੇਂ ਨੰਗਾ ਹੋ ਕੇ ਨੱਚਦਾ ਰਹੇਗਾ? ਅਮੀਰੀ ਗਰੀਬੀ ਦੇ ਜ਼ਮੀਨ ਅਸਮਾਨ ਵਰਗੇ ਪਾੜੇ ਦਾ ਕੀ ਬਣੇਗਾ? ਲੋਕ ਭੜਕ ਕੇ ਵੋਟਾਂ ਪਾਉਣਗੇ ਕਿ ਆਪਣੇ ਚੁੱਲ੍ਹਿਆਂ ਅਤੇ ਬੱਚਿਆਂ ਵੱਲ ਦੇਖ ਕੇ? ਕੀ ਲੀਡਰਾਂ ਦੀ ਕਾਬਲੀਅਤ ਵੱਲ ਦੇਖਣ ਵਾਲੀ ਲੋਕਾਂ ਦੀ ਅੱਖ ਵੀ ਖੁੱਲ੍ਹੇਗੀ? ਕੀ 2014 ਵਾਲੀ ਚੋਣ ਵਿਚ ਕੀਤੇ ਵਾਅਦਿਆਂ ਦੀ ਪੂਰਤੀ ਬਾਰੇ ਵੀ ਲੋਕ ਸੋਚਣਗੇ? ਹੁਣ ਦੇਖਣਾ ਪਵੇਗਾ ਹੈ ਕਿ ਜਿਨ੍ਹਾਂ ਮੁੱਦਿਆਂ ਨੇ ਜ਼ਿੰਦਗੀ ਚੰਗੇ ਪਾਸੇ ਬਦਲਣੀ ਹੈ, ਉਨ੍ਹਾਂ ਬਾਰੇ ਪਾਰਟੀਆਂ ਕੀ ਕਹਿੰਦੀਆਂ ਹਨ। ਕੁੱਝ ਬੁਨਿਆਦੀ, ਜ਼ਰੂਰੀ ਮੁੱਦੇ ਹਨ। ਇਹ ਮੁੱਦੇ 95 ਫੀਸਦੀ ਅਬਾਦੀ ਦੀ ਜ਼ਿੰਦਗੀ ਮੌਤ ਦਾ ਸਵਾਲ ਹਨ।

ਫਸਲਾਂ ਦੇ ਭਾਅ ਅਤੇ ਖੇਤੀ ਨੀਤੀ: ਸਾਡਾ ਮੁਲਕ ਖੇਤੀ ਪ੍ਰਧਾਨ ਹੈ। 70 ਫੀਸਦੀ ਤੋਂ ਵੱਧ ਅਬਾਦੀ ਖੇਤੀ ਜਾਂ ਖੇਤੀ ਆਧਾਰਿਤ ਧੰਦਿਆਂ ਨਾਲ ਰੋਟੀ ਖਾਂਦੀ ਹੈ। ਇੰਨੀ ਵੱਡੀ ਅਬਾਦੀ ਦੀ ਖੁਸ਼ਹਾਲੀ ਹੀ ਵਪਾਰ ਦੀ ਖੁਸ਼ਹਾਲੀ ਨਾਲ ਜੁੜੀ ਹੈ ਪਰ ਸਾਡਾ ਮੁਲਕ ਅਜੇ ਤਕ ਨਾ ਤਾਂ ਇਥੇ ਪੈਦਾ ਹੁੰਦੀਆਂ ਫਸਲਾਂ ਦੇ ਭਾਅ ਮਿਥ ਸਕਿਆ, ਨਾ ਫਸਲਾਂ ਦੀ ਸੰਭਾਲ ਲਈ ਗੋਦਾਮ ਬਣਾ ਸਕਿਆ। ਨਾ ਖੇਤੀ ਆਧਾਰਿਤ ਸਨਅਤਾਂ ਦਾ ਵਿਕਾਸ ਕਰ ਸਕਿਆ, ਨਾ ਹੀ ਇਸ ਧੰਦੇ ਨੂੰ ਲਾਹੇਵੰਦ ਬਣਾ ਸਕਿਆ। ਕੋਈ ਖੇਤੀ ਨੀਤੀ ਨਜ਼ਰ ਹੀ ਨਹੀਂ ਆਉਂਦੀ। ਮੋਦੀ ਸਰਕਾਰ ਨੇ ਵੀ ਪੰਜ ਸਾਲਾਂ ਦੌਰਾਨ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ। ਉਲਟਾ ਤਿੰਨ ਵਾਰ ਜ਼ਮੀਨਾਂ ਕਿਸਾਨਾਂ ਕੋਲੋਂ ਲੈਣ ਦਾ ਆਰਡੀਨੈਂਸ ਲਿਆਂਦਾ ਜੋ ਹਰ ਵਾਰ ਵਾਪਸ ਲੈਣਾ ਪਿਆ। ਮਗਰੋਂ ਫਸਲੀ ਬੀਮਾ ਯੋਜਨਾ ਨਾਲ ਕਿਸਾਨਾਂ ਕੋਲੋਂ ਹਜ਼ਾਰਾਂ ਕਰੋੜ ਰੁਪਇਆ ਲੈ ਕੇ ਅੰਬਾਨੀ ਬਜਾਜ ਵਰਗੀਆਂ ਬੀਮਾ ਕੰਪਨੀਆਂ ਦੀਆਂ ਜੇਬਾਂ ਵਿਚ ਪਾ ਦਿੱਤਾ।

ਹੁਣ ਘੱਟੋ-ਘੱਟ ਲੋਕ ਇਹ ਦਬਾਅ ਬਣਾਉਣ ਕਿ ਸਿਆਸੀ ਪਾਰਟੀਆਂ ਸਵਾਮੀਨਾਥਨ ਕਮੇਟੀ ਦੀਆਂ ਸਿਫਾਰਿਸ਼ਾਂ ਅਨੁਸਾਰ ਲਾਗਤ ਵਿਚ 50 ਫੀਸਦੀ ਲਾਭ ਸ਼ਾਮਲ ਕਰਕੇ ਸਾਰੀਆਂ ਫਸਲਾਂ ਦੇ ਭਾਅ ਮਿਥਣ ਨੂੰ ਆਪਣਾ ਮੁੱਖ ਚੁਣਾਵੀ ਵਾਅਦਾ ਵੀ ਬਣਾਉਣ ਅਤੇ ਮਗਰੋਂ ਤੁਰੰਤ ਲਾਗੂ ਵੀ ਕਰਨ। ਇਹ ਖੈਰਾਤ ਨਹੀਂ, ਹੱਕ ਹੈ। ਹਰ ਰੋਜ਼ 30 ਦੇ ਕਰੀਬ ਕਿਸਾਨ ਖੁਦਕੁਸ਼ੀਆਂ ਦੀਆਂ ਜਾਨਾਂ ਦੀ ਕੀਮਤ ਵੀ ਸਰਹੱਦ ਉੱਤੇ ਸ਼ਹੀਦ ਹੋਣ ਵਾਲੇ ਜਵਾਨਾਂ ਜਿੰਨੀ ਹੀ ਹੈ। ਕਰਜ਼ੇ ਦੇ ਬੋਝ ਥੱਲੇ ਆਏ



ਕਿਸਾਨKਅੰਨਦਾਤੇ ਲਈ ਕੋਈ ਲੀਡਰ ਜਜ਼ਬਾਤੀ ਭਾਸ਼ਨ ਦਿੰਦਾ ਨਜ਼ਰ ਨਹੀਂ ਆਉਂਦਾ।

ਪੁਰਾਣੀ ਪੈਨਸ਼ਨ ਬਹਾਲ ਕਰਾਉਣੀ: ਬੁਢਾਪੇ ਵਿਚ ਜੀਣ ਜੋਗੀ ਪੈਨਸ਼ਨ ਹਰ ਵਾਸੀ ਲਈ ਯਕੀਨੀ ਬਣਾਉਣਾ ਵੀ ਮੁਲਕ ਦੀ ਤਰੱਕੀ ਦਾ ਮਾਪ ਹੈ। ਇਹ ਜ਼ਰੂਰੀ ਵੀ ਹੈ ਪਰ ਫ਼ਿਕਰ ਦੀ ਗੱਲ ਇਹ ਹੈ ਕਿ ਭਾਜਪਾ ਦੀ ਪਹਿਲੀ ਵਾਜਪਾਈ ਸਰਕਾਰ ਨੇ 2004 ਵਿਚ ਤਾਂ ਸਰਕਾਰੀ ਮੁਲਾਜ਼ਮਾਂ ਦੀ ਪੈਨਸ਼ਨ ਵੀ ਬੰਦ ਕਰ ਦਿੱਤੀ। ਮਗਰੋਂ ਦਸ ਸਾਲ ਕਾਂਗਰਸ ਦੀ ਮਨਮੋਹਨ ਸਿੰਘ ਸਰਕਾਰ ਰਾਜ ਕਰਕੇ ਚਲੀ ਗਈ, ਪੈਨਸ਼ਨ ਬਹਾਲ ਨਹੀਂ ਹੋਈ। ਫਿਰ ਪੰਜ ਸਾਲ ਮੋਦੀ ਸਰਕਾਰ ਵੀ ਲੰਘ ਗਈ ਪਰ ਪੈਨਸ਼ਨ ਬਹਾਲ ਨਹੀਂ ਹੋਈ। ਇਥੋਂ ਤਕ ਕਿ ਸੀਆਰਪੀਐੱਫ਼ ਦੇ ਜਵਾਨਾਂ ਦੀ ਪੁਲਵਾਮਾ ਵਿਚ ਬੰਬ ਧਮਾਕੇ ਵਿਚ ਹੱਤਿਆ ਉਪਰੰਤ ਪ੍ਰਧਾਨ ਮੰਤਰੀ ਮੁਲਕ ਨੂੰ ਵੱਡੀ ਖਰਚੀਲੀ ਜੰਗ ਵਿਚ ਝੋਕ ਕੇ ਬਦਲਾ ਲੈਣ ਵਾਲੀ ਬਿਆਨਬਾਜ਼ੀ ਤਾਂ ਕਰਦਾ ਰਿਹਾ ਪਰ ਸੀ ਆਰ ਪੀ ਐੱਫ਼ ਜਵਾਨਾਂ ਦੀ 2004 ਵਿਚ ਵਾਜਪਾਈ ਵੱਲੋਂ ਖੋਹੀ ਪੈਨਸ਼ਨ ਬਹਾਲ ਕਰਨ ਵਾਲੇ ਪਾਸੇ ਨਹੀਂ ਆਇਆ।

ਜਿਸ ਮੁਲਕ ਵਿਚ ਸਰਕਾਰੀ ਮੁਲਾਜ਼ਮਾਂ ਦੀ ਵੀ ਪੈਨਸ਼ਨ ਨਾ ਹੋਵੇ, ਉਥੇ ਬਾਕੀ ਦੁਨੀਆਂ ਨੂੰ ਪੈਨਸ਼ਨ ਦੇਣ ਬਾਰੇ ਕੀ ਤਰਕ ਦਿੱਤਾ ਜਾ ਸਕਦਾ ਹੈ। ਇਸ ਲਈ ਮੁਲਕ ਦੀ ਸਮੁੱਚੀ ਅਬਾਦੀ ਨੂੰ ਆਪਣੇ ਹਿੱਤ ਦੀ ਖਾਤਰ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਬਹਾਲ ਕਰਨ ਅਤੇ ਗੈਰ ਮੁਲਾਜ਼ਮ ਅਬਾਦੀ ਲਈ ਜੀਣਯੋਗ ਪੈਨਸ਼ਨ ਦੇਣ ਨੂੰ ਮੁੱਖ ਚੁਣਾਵੀ ਮੁੱਦਾ ਬਣਾਉਣਾ ਚਾਹੀਦਾ ਹੈ ਅਤੇ ਇਹ ਦਲੀਲ ਵੀ ਦਿੱਤੀ ਜਾ ਸਕਦੀ ਹੈ ਕਿ ਜੇ ਕੇਜਰੀਵਾਲ ਦੀ ਦਿੱਲੀ ਸਰਕਾਰ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਐਲਾਨ ਕਰ ਸਕਦੀ ਹੈ ਤਾਂ ਦੂਜੀਆਂ ਰਾਜ ਸਰਕਾਰਾਂ ਤੇ ਕੇਂਦਰ ਸਰਕਾਰ ਕਿਉਂ ਨਹੀਂ ਕਰ ਸਕਦੀਆਂ?

ਹਰ ਪੱਧਰ ਦੀ ਸਿੱਖਿਆ ਹਰ ਇਕ ਲਈ: ਸੰਸਾਰ ਦੇ ਕੁੱਲ ਅਨਪੜ੍ਹਾਂ ਵਿਚੋਂ ਅੱਧੇ ਇਕੱਲੇ ਭਾਰਤ ਵਿਚ ਹਨ। ਸਿੱਖਿਆ ਬਿਨਾ ਤਰੱਕੀ ਸੰਭਵ ਨਹੀਂ। ਸਾਡੇ ਮੁਲਕ ਵਿਚ ਇਹ ਇਸ ਹੱਦ ਤਕ ਅਣਗੌਲਿਆ ਮਹਿਕਮਾ ਹੈ ਕਿ ਕੇਂਦਰੀ ਸਿੱਖਿਆ ਮੰਤਰੀ ਉਸ ਸਿਮਰਤੀ ਇਰਾਨੀ ਨੂੰ ਬਣਾ ਦਿੱਤਾ ਗਿਆ ਸੀ ਜਿਸ ਨੇ ਕਿਸੇ ਕਾਲਜ ਵਿਚੋਂ ਕੋਈ ਜਮਾਤ ਪਾਸ ਨਹੀਂ ਕੀਤੀ ਅਤੇ ਜਿਸ ਉੱਤੇ ਚੋਣ ਹਲਫਨਾਮੇ ਵਿਚ ਬੀਏ ਹੋਣ ਸਬੰਧੀ ਝੂਠ ਬੋਲਣ ਦਾ ਸੁਪਰੀਮ ਕੋਰਟ ਵਿਚ ਕੇਸ ਚੱਲ ਰਿਹਾ ਹੈ।

ਸਿੱਖਿਆ ਸਾਡੇ ਮੁਲਕ ਵਿਚ ਮੰਡੀ ਦਾ ਮਾਲ ਬਣ ਚੁੱਕੀ ਹੈ। ਇਕਸਾਰਤਾ ਕਿਤੇ ਵੀ ਨਹੀਂ। ਸਿੱਖਿਆ ਸਸਤੀ ਅਤੇ ਹਰ ਇਕ ਦੀ ਪਹੁੰਚ ਵਿਚ ਹੋਣੀ ਜ਼ਰੂਰੀ ਹੈ, ਇੱਥੋਂ ਤਕ ਕਿ ਉੱਚ ਵਿਦਿਆ ਵੀ; ਸਰਕਾਰ ਭਾਵੇਂ ਆਪਣੀ ਜ਼ਿੰਮੇਵਾਰੀ ਉੱਤੇ 'ਸਿੱਖਿਆ ਕਰਜ਼ੇ' ਦਾ ਪ੍ਰਬੰਧ ਕਰੇ। ਲੋਕਾਂ ਦੀ ਜ਼ਿੰਦਗੀ ਛੋਟੇ ਮੋਟੇ ਲਾਲਚਾਂ, ਕਦੀ ਮੁਫ਼ਤ ਬਿਜਲੀ ਕੁਨੈਕਸ਼ਨ, ਕਦੀ ਗੈਸ ਸਿਲੰਡਰ ਦਾ ਕੁਨੈਕਸ਼ਨ, ਕਦੀ ਟੱਟੀਖਾਨਾ, ਕਦੀ ਮੋਬਾਇਲ ਫੋਨ ਵਰਗੀਆਂ ਬੁਰਕੀਆਂ ਸੁੱਟਿਆਂ ਨਹੀਂ ਬਦਲਣੀ; ਇਹ ਬਦਲਣੀ ਹੈ ਜਦੋਂ ਉਨ੍ਹਾਂ ਦੀ ਔਲਾਦ ਨੂੰ ਸਿੱਖਿਆ ਅਤੇ ਰੁਜ਼ਗਾਰ ਮਿਲੇਗਾ। ਇਹ ਨਿਗੂਣੀਆਂ ਚੀਜ਼ਾਂ ਲੋਕ ਖੁਦ ਹੀ ਲੈ ਲੈਣਗੇ। ਲੋਕ ਮੰਗਤੇ ਨਹੀਂ ਹਨ।

ਸਿਹਤ ਸਹੂਲਤਾਂ: ਬਿਮਾਰੀਆਂ ਦਾ ਇਲਾਜ ਹਰ ਇਕ ਦੀ ਪਹੁੰਚ ਵਿਚ ਚਾਹੀਦਾ ਹੈ ਪਰ ਲੋਕ ਬੇਇਲਾਜ ਮਰ ਰਹੇ। ਸਰਕਾਰੀ ਇਲਾਜ-ਤੰਤਰ ਨਾਕਾਫੀ ਹੈ। ਸਮੱਰਥ ਵੀ ਨਹੀਂ। ਪ੍ਰਾਈਵੇਟ ਹਸਤਪਾਲ, ਦਵਾਈਆਂ, ਟੈਸਟ-ਤੰਤਰ ਭਰੋਸੇਯੋਗ ਨਹੀਂ। ਲੁੱਟ ਮੱਚੀ ਹੋਈ ਹੈ। ਅਸਲ ਵਿਚ

(ਬਾਕੀ ਸਫਾ 22 'ਤੇ)

# ਸਰੀਰਕ ਸ਼ੋਸ਼ਣ ਖ਼ਿਲਾਫ਼ ਬੋਲਣ 'ਤੇ ਕੁੜੀ ਨੂੰ ਲਗਾਈ ਅੱਗ: ਮਰਨ ਤੋਂ ਪਹਿਲਾਂ ਨੁਸਰਤ ਨੇ ਕੀ ਕਿਹਾ

ਬੰਗਲਾਦੇਸ਼ ਦੀ ਨੁਸਰਤ ਜਹਾਂ ਰਫੀ ਨੂੰ ਉਸ ਦੇ ਸਕੂਲ ਵਿੱਚ ਅੱਗ ਲਗਾ ਦਿੱਤੀ ਗਈ। ਕਰੀਬ ਦੋ ਹਫ਼ਤੇ ਪਹਿਲਾਂ ਉਸ ਨੇ ਆਪਣੇ ਹੈੱਡਮਾਸਟਰ ਖਿਲਾਫ਼ ਸਰੀਰਕ ਸ਼ੋਸ਼ਣ ਦੀ ਸ਼ਿਕਾਇਤ ਦਰਜ ਕਰਵਾਈ ਸੀ। 19-ਸਾਲਾ ਨੁਸਰਤ ਢਾਕਾ ਦੇ ਇੱਕ ਛੋਟੇ ਜਿਹੇ ਕਸਬੇ, ਫੇਨੀ, ਦੀ ਰਹਿਣ ਵਾਲੀ ਸੀ। ਉਹ ਮਦਰੱਸੇ ਵਿੱਚ ਪੜ੍ਹ ਰਹੀ ਸੀ।

27 ਮਾਰਚ ਨੂੰ ਹੈੱਡਮਾਸਟਰ ਨੇ ਉਸ ਨੂੰ ਫ਼ੋਨ ਕੀਤਾ ਤੇ ਆਪਣੇ ਦਫ਼ਤਰ 'ਚ ਬੁਲਾਇਆ। ਹੈੱਡਮਾਸਟਰ ਨੁਸਰਤ ਨੂੰ ਗ਼ਲਤ ਤਰੀਕੇ ਨਾਲ ਛੂਹ ਰਿਹਾ ਸੀ। ਇਸ ਤੋਂ ਪਹਿਲਾਂ ਕੀ ਉਹ ਜ਼ਿਆਦਾ ਅੱਗੇ ਵਧਦਾ, ਨੁਸਰਤ ਉੱਥੋਂ ਭੱਜ ਗਈ।





ਬੰਗਲਾਦੇਸ਼ ਵਿੱਚ ਬਹੁਤ ਸਾਰੀਆਂ ਔਰਤਾਂ ਸਮਾਜ ਅਤੇ ਪਰਿਵਾਰ ਦੀ ਸ਼ਰਮ ਕਾਰਨ ਆਪਣੇ ਨਾਲ ਹੋਏ ਸ਼ੋਸ਼ਣ 'ਤੇ ਖੁੱਲ੍ਹ ਕੇ ਬੋਲਣ ਤੋਂ ਘਬਰਾਉਂਦੀਆਂ ਹਨ। ਪਰ ਨੁਸਰਤ ਨੇ ਆਪਣੇ ਪਰਿਵਾਰ ਦੀ ਮਦਦ ਨਾਲ ਉਸੇ ਦਿਨ ਹੀ ਸ਼ਿਕਾਇਤ ਦਰਜ ਕਰਵਾ ਦਿੱਤੀ। ਸਥਾਨਕ ਪੁਲਿਸ ਸਟੇਸ਼ਨ ਵਿੱਚ ਉਸ ਨੇ ਬਿਆਨ ਦਿੱਤਾ। ਆਪਣੇ ਨਾਲ ਹੋਏ ਮਾੜੇ ਤਜ਼ਰਬੇ ਨੂੰ ਦੁਹਰਾ ਸਕੇ ਇਸ ਲਈ ਉਸ ਨੂੰ ਸੁਰੱਖਿਅਤ ਮਾਹੌਲ ਮੁਹੱਈਆ ਕਰਵਾਇਆ ਜਾਣਾ ਚਾਹੀਦਾ ਸੀ। ਇਸ ਸਭ ਦੀ ਬਜਾਇ, ਜਦੋਂ ਉਹ ਆਪਣੇ ਨਾਲ ਹੋਏ ਹਾਦਸੇ ਬਾਰੇ ਦੱਸ ਰਹੀ ਸੀ, ਪੁਲਿਸ ਅਧਿਕਾਰੀ ਨੇ ਆਪਣੇ ਫ਼ੋਨ 'ਤੇ ਉਸ ਦੀ ਵੀਡੀਓ ਬਣਾਈ।

ਵੀਡੀਓ ਦੇ ਵਿੱਚ ਨੁਸਰਤ ਕਾਫ਼ੀ ਤਣਾਅ ਵਿੱਚ ਦਿਖ ਰਹੀ ਹੈ ਤੇ ਆਪਣੇ ਮੂੰਹ ਨੂੰ ਹੱਥਾਂ ਨਾਲ ਢੱਕ ਰਹੀ ਹੈ। ਪੁਲਿਸ ਮੁਲਾਜ਼ਮ ਇਹ ਕਹਿ ਰਿਹਾ ਹੈ ਕਿ ਇਹ "ਕੋਈ ਵੱਡੀ ਗੱਲ ਨਹੀਂ" ਅਤੇ ਉਸ ਨੂੰ ਕਹਿ ਰਿਹਾ ਹੈ ਕਿ ਉਹ ਆਪਣੇ ਮੂੰਹ ਤੋਂ ਹੱਥ ਹਟਾ ਲਵੇ। ਇਹ ਵੀਡੀਓ ਸਥਾਨਕ ਮੀਡੀਆ ਵਿੱਚ ਵਾਇਰਲ ਹੋ ਗਈ।

'ਮੈਂ ਉਸ ਨੂੰ ਸਕੂਲ ਲਿਜਾਉਣ ਦੀ ਕੋਸ਼ਿਸ਼ ਕੀਤੀ' ਨੁਸਰਤ ਛੋਟੇ ਜਿਹੇ ਕਸਬੇ ਤੋਂ ਸੀ, ਰੂੜ੍ਹੀਵਾਦੀ ਪਰਿਵਾਰ ਤੋਂ ਸੀ ਅਤੇ ਧਾਰਮਿਕ ਸਕੂਲ ਵਿੱਚ ਪੜ੍ਹਦੀ ਸੀ। ਕੁੜੀ ਹੋਣ ਦੇ ਨਾਤੇ ਸਰੀਰਕ ਸ਼ੋਸ਼ਣ ਬਾਰੇ ਕਰਵਾਈ ਗਈ ਰਿਪੋਰਟ ਉਸ ਲਈ ਪਰੇਸ਼ਾਨੀਆਂ ਦਾ ਸਬੱਬ ਬਣ ਸਕਦੀ ਸੀ। ਪੀੜਤਾਂ ਉੱਤੇ ਅਕਸਰ ਆਪਣੇ ਹੀ ਭਾਈਚਾਰੇ ਵਿੱਚ ਸਵਾਲ ਚੁੱਕੇ ਜਾਂਦੇ ਹਨ ਅਤੇ ਕਈ ਮਾਮਲਿਆਂ 'ਚ ਤਾਂ ਹਮਲੇ ਵੀ ਹੁੰਦੇ ਹਨ। ਨੁਸਰਤ ਨੂੰ ਵੀ ਇਸ ਸਭ 'ਚੋਂ ਲੰਘਣਾ ਪਿਆ।

27 ਮਾਰਚ ਨੂੰ ਪੁਲਿਸ ਕੋਲ ਜਾਣ ਤੋਂ ਬਾਅਦ ਹੈੱਡਮਾਸਟਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਕੁਝ ਲੋਕਾਂ ਦੇ ਸੜਕ 'ਤੇ ਇਕੱਠੇ ਹੋ ਕੇ ਹੈੱਡਮਾਸਟਰ ਦੀ ਰਿਹਾਈ ਦੀ ਮੰਗ ਕੀਤੀ। ਇਹ ਪ੍ਰਦਰਸ਼ਨ ਦੋ ਪੁਰਸ਼ ਵਿਦਿਆਰਥੀਆਂ ਅਤੇ ਕੁਝ ਸਥਾਨਕ ਸਿਆਸੀ ਲੀਡਰਾਂ ਵੱਲੋਂ ਕਰਵਾਇਆ ਗਿਆ ਸੀ। ਲੋਕ ਨੁਸਰਤ ਨੂੰ ਦੋਸ਼ ਦੇਣ ਲੱਗੇ। ਨੁਸਰਤ ਦਾ ਪਰਿਵਾਰ ਉਸ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਸੀ। ਇਸ ਦੇ ਬਾਵਜੂਦ ਨੁਸਰਤ 6 ਅਪ੍ਰੈਲ ਨੂੰ ਪ੍ਰੀਖਿਆ ਲਈ ਸਕੂਲ ਗਈ।

ਭਰਾ ਮਹਮੂਦੁਲ ਹਸਨ ਨੋਮਾਨ ਨੇ ਦੱਸਿਆ, "ਮੈਂ ਆਪਣੀ ਭੈਣ ਨੂੰ ਸਕੂਲ ਲੈ ਕੇ ਗਿਆ ਪਰ ਮੈਨੂੰ ਅੰਦਰ ਜਾਣ ਤੋਂ ਰੋਕ ਦਿੱਤਾ ਗਿਆ।" "ਜੇ ਮੈਨੂੰ ਉਸ ਦਿਨ ਅੰਦਰ ਜਾਣ ਤੋਂ ਨਾ ਰੋਕਿਆ ਜਾਂਦਾ ਤਾਂ ਮੇਰੀ ਭੈਣ ਨਾਲ ਅਜਿਹਾ ਕੁਝ ਨਾ ਹੁੰਦਾ।" ਨੁਸਰਤ ਵੱਲੋਂ ਦਿੱਤੇ ਬਿਆਨ ਮੁਤਾਬਕ ਉਸ ਦੀ ਇੱਕ ਵਿਦਿਆਰਥਣ ਸਾਥਣ ਉਸ ਨੂੰ ਸਕੂਲ ਦੀ ਛੱਤ 'ਤੇ ਇਹ ਕਹਿ ਕੇ ਲੈ ਗਈ ਕਿ ਕੁਝ ਦੋਸਤ ਉਸ ਨੂੰ ਮਾਰ ਰਹੇ ਸਨ। ਜਦੋਂ ਨੁਸਰਤ ਛੱਤ 'ਤੇ ਗਈ ਤਾਂ ਉੱਥੇ 4-5 ਲੋਕ ਬੁਰਕਾ ਪਾਏ ਖੜ੍ਹੇ ਸਨ ਜਿਹੜੇ ਉਸ ਨੂੰ ਸ਼ਿਕਾਇਤ ਵਾਪਿਸ ਲੈਣ ਲਈ ਕਹਿ ਰਹੇ ਸਨ। ਜਦੋਂ ਉਸ ਨੇ ਇਨਕਾਰ ਕੀਤਾ ਤਾਂ ਉਸ ਨੂੰ ਅੱਗ ਲਗਾ ਦਿੱਤੀ ਗਈ। ਪੁਲਿਸ ਬਿਊਰੋ ਆਫ਼ ਇਨਵੈਸਟੀਗੇਸ਼ਨ ਦੇ ਮੁਖੀ ਬਨਜ ਕੁਮਾਰ ਮਜੂਮਦਾਰ ਦਾ ਕਹਿਣਾ ਹੈ ਕਿ ਨੁਸਰਤ ਨੂੰ ਮਾਰਨ ਵਾਲੇ ਚਾਹੁੰਦੇ ਸਨ ਕਿ ਇਹ ਇੱਕ ਖ਼ੁਦਕੁਸ਼ੀ ਤਰ੍ਹਾਂ ਲੱਗੇ। ਪਰ ਉਨ੍ਹਾਂ ਦੀ ਇਹ ਯੋਜਨਾ ਅਸਫਲ ਰਹੀ ਕਿਉਂਕਿ ਮਰਨ ਤੋਂ ਪਹਿਲਾਂ ਨੁਸਰਤ ਇਸ ਹਾਲਤ ਵਿੱਚ ਸੀ ਕਿ ਉਹ ਇਸ ਦੇ ਖ਼ਿਲਾਫ਼ ਬਿਆਨ ਦੇ ਸਕੇ।

ਮਜੂਮਦਾਰ ਨੇ ਦੱਸਿਆ, "ਉਨ੍ਹਾਂ ਵਿੱਚੋਂ ਇੱਕ ਕਾਤਲ ਨੇ ਨੁਸਰਤ ਦਾ ਸਿਰ ਆਪਣੇ ਹੱਥਾਂ ਨਾਲ ਹੇਠਾਂ ਵੱਲ ਨੂੰ ਕਰਕੇ ਰੱਖਿਆ ਹੋਇਆ ਸੀ, ਇਸ ਕਾਰਨ ਮਿੱਟੀ ਦਾ ਤੇਲ ਉੱਥੇ ਨਹੀਂ ਪਿਆ ਅਤੇ ਉਸ ਦਾ ਸਿਰ ਸੜਨ ਤੋਂ ਬੱਚ ਗਿਆ।" ਪਰ ਜਦੋਂ ਨੁਸਰਤ ਨੂੰ ਹਸਪਤਾਲ ਲਿਜਾਇਆ ਗਿਆ ਤਾਂ ਡਾਕਟਰਾਂ ਨੇ ਦੱਸਿਆ ਕਿ ਉਸ ਦਾ 80 ਫ਼ੀਸਦ ਸਰੀਰ ਸੜ ਚੁੱਕਿਆ ਹੈ। ਡਾਕਟਰਾਂ ਨੇ ਉਸ ਨੂੰ ਢਾਕਾ ਦੇ ਮੈਡੀਕਲ ਕਾਲਜ ਹਸਪਤਾਲ ਵਿੱਚ ਰੈਫਰ ਕਰ ਦਿੱਤਾ। ਨੁਸਰਤ ਨੂੰ ਇਹ ਡਰ ਸੀ ਕਿ ਸ਼ਾਇਦ ਉਹ ਨਾ ਬਚੇ, ਇਸ ਲਈ ਉਸ ਨੇ ਐਂਬੂਲੈਂਸ ਵਿੱਚ ਆਪਣੇ ਭਰਾ ਦੇ ਫੋਨ 'ਤੇ ਬਿਆਨ ਰਿਕਾਰਡ ਕਰ ਦਿੱਤਾ। "ਅਧਿਆਪਕ ਨੇ ਮੈਨੂੰ ਛੂਹਿਆ, ਮੈਂ ਆਪਣੇ ਆਖਰੀ ਸਾਹ ਤੱਕ ਇਸ ਜੁਰਮ ਦੇ ਖ਼ਿਲਾਫ ਲੜਾਈ ਲੜਾਂਗੀ।" ਉਸ ਨੇ ਕੁਝ ਹਮਲਾਵਰਾਂ ਦੀ ਪਛਾਣ ਵੀ ਦੱਸੀ ਜਿਹੜੇ ਉਸ ਦੇ ਮਦਰੱਸੇ 'ਚ ਹੀ ਵਿਦਿਆਰਥੀ ਸਨ। 10 ਅਪ੍ਰੈਲ ਨੂੰ ਨੁਸਰਤ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਹਜ਼ਾਰਾਂ ਲੋਕ ਉਸ ਨੂੰ ਅੰਤਿਮ ਵਿਦਾਈ ਦੇਣ ਲਈ ਇਕੱਠੇ ਹੋਏ।


ਹੁਣ ਤੱਕ ਪੁਲਿਸ ਨੇ 15 ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ, 7 ਲੋਕਾਂ 'ਤੇ ਕਤਲ ਦਾ ਇਲਜ਼ਾਮ ਹੈ। ਇਨ੍ਹਾਂ ਵਿੱਚੋਂ ਦੋ ਉਹ ਵਿਦਿਆਰਥੀ ਹਨ ਜਿਨ੍ਹਾਂ ਨੇ ਹੈੱਡਮਾਸਟਰ ਦੀ ਹਿਮਾਇਤ ਵਿੱਚ ਪ੍ਰਦਰਸ਼ਨ ਕੀਤਾ ਸੀ। ਹੈੱਡਮਾਸਟਰ ਵੀ ਪੁਲਿਸ ਹਿਰਾਸਤ ਵਿੱਚ ਹੈ।

ਜਿਹੜੇ ਪੁਲਿਸ ਮੁਲਾਜ਼ਮ ਨੇ ਸ਼ਿਕਾਇਤ ਮੌਕੇ ਨੁਸਰਤ ਦੀ ਵੀਡੀਓ ਬਣਾਈ ਸੀ, ਉਸ ਨੂੰ ਅਹੁਦੇ ਤੋਂ ਹਟਾ ਦਿੱਤਾ ਗਿਆ ਅਤੇ ਦੂਜੇ ਵਿਭਾਗ ਵਿੱਚ ਉਸ ਦਾ ਤਬਾਦਲਾ ਕਰ ਦਿੱਤਾ ਗਿਆ। ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਢਾਕਾ ਵਿੱਚ ਨੁਸਰਤ ਦੇ ਪਰਿਵਾਰ ਨਾਲ ਮੁਲਾਕਾਤ ਕਰ ਕੇ ਕਿਹਾ ਕਿ ਜਿਹੜਾ ਵੀ ਸ਼ਖ਼ਸ ਇਸ ਕਤਲ ਵਿੱਚ ਸ਼ਾਮਲ ਹੈ ਉਸ 'ਤੇ ਕਾਰਵਾਈ ਕੀਤੀ ਜਾਵੇਗੀ ਅਤੇ ਕੋਈ ਵੀ ਬਚ ਨਹੀਂ ਸਕੇਗਾ।'

# ਹਰਿਆਣਾ 'ਚ ਅਮਰੀਕਾ ਤੋਂ ਆਈ ਸਵਾਤੀ ਯਾਦਵ ਅਤੇ ਬੰਸੀ ਲਾਲ ਦੀ ਪੋਤੀ ਸ਼ਰੂਤੀ ਚੌਧਰੀ ਦਾ ਮੁਕਾਬਲਾ

ਦੁਪਹਿਰ ਦਾ ਵੇਲਾ ਸੀ, ਤਾਪਮਾਨ 40 ਡਿਗਰੀ 'ਤੇ ਪਹੁੰਚਿਆ ਹੋਇਆ ਸੀ। ਭਿਵਾਨੀ ਮਹਿੰਦਰਗੜ੍ਹ ਲੋਕ ਸਭਾ ਸੀਟ ਤੋਂ ਜਨਨਾਇਕ ਜਨਤਾ ਪਾਰਟੀ ਦੀ ਉਮੀਦਵਾਰ ਸਵਾਤੀ ਯਾਦਵ ਦੇ ਘਰ ਦੇ ਬਾਹਰ ਲੋਕਾਂ ਦੀ ਭੀੜ ਸੀ।

ਸਵਾਤੀ ਯਾਦਵ ਲੋਕਾਂ ਤੋਂ ਵੋਟ ਮੰਗ ਰਹੇ ਸਨ। ਇਸੇ ਦੌਰਾਨ ਸਵਾਤੀ ਯਾਦਵ ਨੇ ਮਾਈਕ ਤੋਂ ਐਲਾਨ ਕੀਤਾ, "ਹੁਣ ਜਦੋਂ ਮੈਨੂੰ ਜੇਜੇਪੀ ਦੀ ਟਿਕਟ ਮਿਲ ਚੁੱਕੀ ਹੈ ਤਾਂ ਇਹ ਹੁਣ ਤੁਹਾਡੀ ਜ਼ਿੰਮੇਵਾਰੀ ਹੈ ਕਿ ਮੇਰੀ ਜਿੱਤ ਪੱਕੀ ਕਰਨ ਲਈ ਤੁਸੀਂ ਮੈਨੂੰ ਵੋਟ ਪਾਓ। ਮੈਂ ਤੁਹਾਡੀ ਧੀ, ਭੈਣ ਤੇ ਪਰਿਵਾਰਿਕ ਮੈਂਬਰ ਵਾਂਗ ਹਾਂ।"







ਤੇਜ਼ ਗਰਮੀ ਨਾਲ ਜੂਝਦੇ ਹੋਏ ਤੇ ਆਪਣੀਆਂ ਐਨਕਾਂ ਸਾਂਭਦੇ ਹੋਏ ਸਵਾਤੀ ਘਰ ਦੇ ਕਮਰੇ ਵਿੱਚ ਦਾਖਿਲ ਹੋਈ। ਉਸ ਕਮਰੇ ਵਿੱਚ ਮੀਡੀਆ ਉਨ੍ਹਾਂ ਦੀ ਉਡੀਕ ਕਰ ਰਹੀ ਸੀ।

ਹਲਕੇ ਵਿੱਚ ਵਿਕਾਸ, ਸਿੱਖਿਆ, ਪਾਣੀ ਤੇ ਬਿਜਲੀ ਦੀ ਕਮੀ ਵਰਗੇ ਮੁੱਦਿਆਂ 'ਤੇ ਜਵਾਬ ਦਿੰਦਿਆਂ ਸਵਾਤੀ ਯਾਦਵ ਨੇ ਮੰਨਿਆ ਕਿ ਉਹ ਸਿਆਸਤ ਵਿੱਚ ਨਵੇਂ ਹਨ। ਪਰ ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਅਮਰੀਕੀ ਕੰਪਨੀਆਂ ਵਿੱਚ ਕੰਮ ਕਰਨ ਦਾ ਉਨ੍ਹਾਂ ਦਾ ਤਜਰਬਾ ਇੱਥੇ ਕੰਮ ਆਵੇਗਾ।

### ਦੁਸ਼ਯੰਤ ਚੌਟਾਲਾ ਤੋਂ ਪ੍ਰਭਾਵਿਤ ਹੋਈ- ਸਵਾਤੀ

ਸਵਾਤੀ ਨੇ ਕਿਹਾ, "ਕਈ ਸਮੱਸਿਆਵਾਂ ਨੇ ਹਰਿਆਣਾ ਨੂੰ ਘੇਰ ਰੱਖਿਆ ਹੈ। ਚੰਗੇ ਪ੍ਰਸ਼ਾਸਨ ਦੇਣ ਤੇ ਭ੍ਰਿਸ਼ਟਾਚਾਰ ਤੋਂ ਹਰਿਆਣਾ ਨੂੰ ਮੁਕਤ ਕਰਵਾਉਣ ਲਈ ਪੂਰੇ ਸਿਸਟਮ ਵਿੱਚ ਵੱਡੇ ਬਦਲਾਅ ਦੀ ਲੋੜ ਹੈ। ਮੇਰਾ ਮੰਨਣਾ ਹੈ ਕਿ ਅਜਿਹਾ ਸਿਰਫ ਦੁਸ਼ਯੰਤ ਚੌਟਾਲਾ ਦੀ ਅਗਵਾਈ ਵਿੱਚ ਹੀ ਸੰਭਵ ਹੈ।" ਜਦੋਂ ਸਿਆਸਤ ਵਿੱਚ ਆਉਣ ਦਾ ਕਾਰਨ ਪੁੱਛਿਆ ਤਾਂ ਸਵਾਤੀ ਨੇ ਕਿਹਾ ਕਿ ਜਦੋਂ ਉਨ੍ਹਾਂ ਨੇ ਦੁਸ਼ਯੰਤ ਚੌਟਾਲਾ ਨੂੰ ਪਾਰਲੀਮੈਂਟ ਵਿੱਚ ਹਰਿਆਣਾ ਦੇ ਮੁੱਦਿਆਂ ਨੂੰ ਚੁੱਕਦੇ ਹੋਏ ਵੇਖਿਆ ਤਾਂ ਉਨ੍ਹਾਂ ਨੇ ਵੀ ਆਪਣੇ ਸੂਬੇ ਲਈ ਕੁਝ ਕਰਨ ਦਾ ਮਨ ਬਣਾਇਆ।

ਉਨ੍ਹਾਂ ਕਿਹਾ, "ਮੈਂ ਜੇਜੇਪੀ ਨਾਲ 'ਹਰੀ ਚੁਨਰੀ ਕੀ ਚੌਪਾਲ' ਪ੍ਰੋਗਰਾਮ ਤਹਿਤ 6 ਮਹੀਨੇ ਪਹਿਲਾਂ ਜੁੜੀ ਸੀ। ਪਾਰਟੀ ਦਾ ਇਹ ਪ੍ਰੋਗਰਾਮ ਅਮਰੀਕਾ ਵਿੱਚ ਔਰਤਾਂ ਲਈ ਹੁੰਦੀਆਂ ਕਾਨਫਰੰਸਾਂ ਵਾਂਗ ਹੀ ਹੈ। ਪਰ ਭਾਰਤ ਦੀ ਸਿਆਸਤ ਵਿੱਚ ਅਜਿਹਾ ਘੱਟ ਹੀ ਵੇਖਣ ਨੂੰ ਮਿਲਦਾ ਹੈ।"

### ਕੌਣ ਹੈ ਸਵਾਤੀ ਯਾਦਵ?

30 ਸਾਲਾ ਸਵਾਤੀ ਯਾਦਵ ਨਾਰਨੌਲ ਜ਼ਿਲ੍ਹੇ ਦੇ ਜੇਜੇਪੀ ਪ੍ਰਧਾਨ ਸਤਿਆਵੀਰ ਯਾਦਵ ਨੌਟਾਨਾ ਦੀ ਧੀ ਹੈ।

ਸਵਾਤੀ ਨੇ ਆਪਣੀ ਇੰਜੀਨੀਅਰਿੰਗ ਦੀ ਪੜ੍ਹਾਈ ਅਮਰੀਕਾ ਦੀ ਕਲਿਮਸਨ ਯੂਨੀਵਰਸਿਟੀ ਅਤੇ ਐਮਬੀਏ ਜੌਰਜੀਆ ਯੂਨੀਵਰਸਿਟੀ ਆਫ ਟੈਕਨੌਲਾਜੀ ਤੋਂ ਕੀਤੀ ਹੈ। ਉਨ੍ਹਾਂ ਦਾ ਫੇਸਬੁੱਕ ਐਕਾਊਂਟ ਦਾਅਵਾ ਕਰਦਾ ਹੈ ਕਿ ਉਨ੍ਹਾਂ ਨੇ ਅਮਰੀਕਾ ਦੀ ਓਬਾਮਾਕੇਅਰ ਲਈ ਕੰਮ ਕੀਤਾ ਹੈ। ਸਵਾਤੀ ਨੇ ਕਿਹਾ, "2010 ਵਿੱਚ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਦੁਨੀਆਂ ਦੀ ਸਭ ਤੋਂ ਵੱਡੀ ਹੈਲਥ ਸਕੀਮ ਸ਼ੁਰੂ ਕੀਤੀ ਸੀ। ਅਮਰੀਕਾ ਵਿੱਚ ਮੈਂ ਇਸ ਸਕੀਮ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਕਾਫੀ ਕੰਮ ਕੀਤਾ ਸੀ।" "ਮੈਂ ਆਪਣੀ ਸਿੱਖਿਆ ਅਤੇ ਤਜਰਬੇ ਨੂੰ ਪਰਿਵਾਰ ਵੱਲੋਂ ਚਲਾਏ ਜਾਂਦੇ ਸਕੂਲ ਵਿੱਚ ਅਤੇ ਜੇਜੇਪੀ ਦੀ 'ਹਰੀ ਚੁਨਰੀ ਦੀ ਚੌਪਾਲ' ਵਿੱਚ ਵਰਤਿਆ।"

"ਜੇ ਮੈਨੂੰ ਮੌਕਾ ਮਿਲਿਆ ਤਾਂ ਮੈਂ ਇਹੀ ਤਜਰਬਾ ਤੇ ਗਿਆਨ ਸਿੱਖਿਆ, ਸਿਹਤ, ਕਿਸਾਨਾਂ ਅਤੇ ਔਰਤਾਂ ਦੀ ਸੁਰੱਖਿਆ ਨਾਲ ਜੁੜੇ ਮੁੱਦਿਆਂ ਬਾਰੇ ਇਸਤੇਮਾਲ ਕਰਨਾ ਚਾਹੁੰਦੀ ਹਾਂ।" ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਉਨ੍ਹਾਂ ਨੂੰ ਲੋਕ ਇੱਥੇ ਨਹੀਂ ਪਛਾਣਦੇ ਤਾਂ ਉਹ ਕਿਵੇਂ ਉਨ੍ਹਾਂ ਨੂੰ ਆਪਣੇ ਵੱਲ ਕਰਨਗੇ ਤਾਂ ਸਵਾਤੀ ਨੇ ਕਿਹਾ ਕਿ ਲੋਕ ਜਾਣਦੇ ਹਨ ਕਿ ਉਹ ਪਰਿਵਾਰ ਦੇ ਵਪਾਰ ਵਿੱਚ ਵੱਡੀ ਭੂਮਿਕਾ ਨਿਭਾਉਂਦੇ ਹਨ। ਸਵਾਤੀ ਦੇ ਪਿਤਾ ਸਤਿਆਵੀਰ ਯਾਦਵ ਨੌਟਾਨਾ 2014 ਵਿੱਚ ਅਤੇਲੀ ਸੀਟ ਤੋਂ ਆਈਐੱਨਐੱਲਡੀ ਦੀ ਟਿਕਟ ਤੋਂ ਚੋਣ ਹਾਰ ਚੁੱਕੇ ਹਨ। ਉਹ ਅਮੀਰ ਉਮੀਦਵਾਰਾਂ ਵਿੱਚੋਂ ਇੱਕੋ ਸਨ। ਐਫੀਡੇਵਿਟ ਅਨੁਸਾਰ ਉਨ੍ਹਾਂ ਨੇ ਆਪਣੀ ਕੁੱਲ ਜਾਇਦਾਦ 66 ਕਰੋੜ ਰੁਪਏ ਦੱਸੀ ਸੀ।

ਸਤਿਆਵੀਰ ਖੁਦ ਆਈਆਈਐੱਮ ਅਹਿਮਦਾਬਾਦ ਤੋਂ 1984-86 ਬੈਚ ਦੇ ਪੜ੍ਹੇ ਹੋਏ ਹਨ। ਉਨ੍ਹਾਂ ਕਿਹਾ, "ਮੇਰੀ ਧੀ ਨੇ ਅਮਰੀਕਾ ਵਿੱਚ ਇਰੀਕਸਨ ਦੀ ਦੋ ਕਰੋੜ ਰੁਪਏ ਤਨਖ਼ਾਹ ਵਾਲੀ ਨੌਕਰੀ ਛੱਡੀ ਤੇ ਵਾਪਸ ਆ ਕੇ ਸਿੱਖਿਆ ਲਈ ਕੰਮ ਕੀਤਾ। ਉਸ ਕੋਲ ਸਿਆਸਤ ਲਈ ਜ਼ਰੂਰੀ ਸੋਚ ਤੇ ਤਜਰਬਾ ਹੈ।" "ਆਰਬੀਆਈ ਦੇ ਸਾਬਕਾ ਗਵਰਨਰ ਮੇਰੇ ਸਹਿਪਾਠੀ ਸਨ। ਮੇਰੇ ਕਈ ਬੈ-ਚਮੇਟ ਇਸ ਵੇਲੇ ਪੀਐੱਮਓ ਵਿੱਚ ਕੰਮ ਕਰ ਰਹੇ ਹਨ। ਪਰ ਮੈਂ ਨਾਰਨੌਲ ਵਿੱਚ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣਾ ਚੁਣਿਆ ਤਾਂ ਜੋ ਮੈਂ ਆਪਣੀ ਮਾਤਭੂਮੀ ਦੀ ਸੇਵਾ ਕਰ ਸਕਾਂ। ਹੁਣ ਮੇਰੀ ਧੀ ਮੇਰੇ ਨਾਲ ਹੈ।"

### ਭਿਵਾਨੀ-ਮਹਿੰਦਰਗੜ੍ਹ ਹਲਕਾ

ਭਿਵਾਨੀ-ਮਹਿੰਦਰਗੜ੍ਹ ਹਲਕਾ 2008 ਵਿੱਚ ਹੋਂਦ ਵਿੱਚ ਆਇਆ ਸੀ। ਇਸ ਹਲਕੇ ਵਿੱਚ ਭਿਵਾਨੀ ਤੇ ਮਹਿੰਦਰਗੜ੍ਹ ਦੋ ਜ਼ਿਲ੍ਹੇ ਆਉਂਦੇ ਹਨ। ਇਸ ਵੇਲੇ ਮੁੱਖ ਮੁਕਾਬਲਾ ਭਾਜਪਾ ਐੱਮਪੀ ਧਰਮਬੀਰ, ਕਾਂਗਰਸ ਦੀ ਸ਼ਰੂਤੀ ਚੌਧਰੀ ਵਿਚਾਲੇ ਹੈ। ਸ਼ਰੂਤੀ ਚੌਧਰੀ ਬੰਸੀ ਲਾਲ ਦੀ ਪੋਤੀ ਹੈ ਅਤੇ ਜਾਟ ਭਾਈਚਾਰੇ ਨਾਲ ਸਬੰਧ ਰੱਖਦੀ ਹੈ। ਸਵਾਤੀ ਦੀ ਦਾਅਵੇਦਾਰੀ ਮਜ਼ਬੂਤ ਹੈ ਕਿਉਂਕਿ ਯਾਦਵ ਜਾਤ ਤੋਂ ਉਹ ਇਕੱਲੀ ਉਮੀਦਵਾਰ ਹੈ। ਹਲਕੇ ਵਿੱਚ 18 ਫੀਸਦ ਯਾਦਵ ਵੋਟਰ ਹਨ ਅਤੇ 24 ਫੀਸਦ ਜਾਟ ਵੋਟ ਹਨ। 2014 ਵਿੱਚ ਆਈਐੱਨਐੱਲਡੀ ਦੇ ਰਾਓ ਬਹਾਦੁਰ ਸਿੰਘ ਇਸ ਹਲਕੇ ਵਿੱਚ ਦੂਜੇ ਨੰਬਰ 'ਤੇ ਰਹੇ ਹਨ। ਉਨ੍ਹਾਂ ਨੂੰ ਕੁੱਲ੍ਹ 2,75,148 ਵੋਟ ਮਿਲੇ ਸਨ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਆਈ ਐੱਨ ਐੱਲ ਡੀ ਤੋਂ ਜੇਜੇਪੀ ਬਣਨ ਨਾਲ ਭਿਵਾਨੀ ਜ਼ਿਲ੍ਹੇ ਦੀਆਂ ਜਾਟ ਭਾਈਚਾਰੇ ਦੀਆਂ ਵੋਟਾਂ ਵੰਡੀਆਂ ਜਾਣਗੀਆਂ ਜਦਕਿ ਮਹਿੰਦਰਗੜ੍ਹ ਜ਼ਿਲ੍ਹੇ ਦੇ ਯਾਦਵ ਵੋਟ ਸਵਾਤੀ ਨੂੰ ਮਿਲਣਗੇ। ਦੋਹਾਂ ਦੇ ਵੋਟ ਮਿਲ ਕੇ ਸਵਾਤੀ ਨੂੰ ਮਜ਼ਬੂਤੀ ਦੇਣਗੇ।

ਹਰਿਆਣਾ ਦੇ ਤਿੰਨੋ ਮਸ਼ਹੂਰ 'ਲਾਲ' ਇਸ ਸੀਟ ਨਾਲ ਜੁੜੇ ਰਹੇ ਹਨ, ਜਦੋਂ ਉਨ੍ਹਾਂ ਦੇ ਪੁੱਤਰ ਇੱਕ ਦੂਜੇ ਦੇ ਖਿਲਾਫ਼ ਚੋਣ ਲੜੇ ਸਨ। ਸੂਬੇ ਨੂੰ ਤਿੰਨ ਮੁੱਖ ਮੰਤਰੀ, ਬੰਸੀ ਲਾਲ, ਬਨਾਰਸੀ ਦਾਸ ਗੁਪਤਾ ਤੇ ਮਾਸਟਰ ਹੁਕਮ ਸਿੰਘ ਦੇਣ ਦੇ ਬਾਵਜੂਦ ਇਸ ਸੀਟ ਨੂੰ ਕੋਈ ਲਾਹਾ ਨਹੀਂ ਹੋਇਆ ਹੈ। ਇਹ ਹਲਕਾ ਅਜੇ ਵੀ ਪਾਣੀ ਤੇ ਬਿਜਲੀ ਵਰਗੀਆਂ ਮੁੱਢਲੀ ਸਹੂਲਤਾਂ ਲਈ ਸੰਘਰਸ਼ ਕਰ ਰਿਹਾ ਹੈ। ਦਹਾਕਿਆਂ ਤੋਂ ਹਰ ਚੋਣ ਇਨ੍ਹਾਂ ਦੋ ਮੁੱਦਿਆਂ ਦੇ ਆਲੇ-ਦੁਆਲੇ ਹੀ ਲੜੀ ਜਾਂਦੀ ਹੈ।




# ਸਵਾਈਨ ਫਲੂ: ਮੁੱਢਲੀ ਜਾਣਕਾਰੀ ਤੇ ਬਚਾਓ ਵਾਸਤੇ ਸਾਵਧਾਨੀਆਂ

**ਡਾ. ਪਿਆਰਾ ਲਾਲ ਗਰਗ**

ਪੰਜਾਬ ਸਰਕਾਰ ਨੇ ਆਪਣੀ ਨੋਟੀਫਿਕੇਸ਼ਨ (2 ਅਗਸਤ 2018) ਰਾਹੀਂ ਪੰਜਾਬ ਵਿਚ ਸਵਾਈਨ ਫਲੂ ਦੀ ਵਬਾ ਫੈਲਣ ਦੇ ਖਦਸ਼ੇ ਦਾ ਐਲਾਨ ਕਰਕੇ ਹੁਕਮ ਕੀਤੇ ਸਨ ਕਿ ਇਸ ਮਹਾਂਮਾਰੀ ਦੇ ਖਤਰੇ ਦੇ ਸਨਮੁਖ, ਸਵਾਈਨ ਫਲੂ ਦੇ ਹਰ ਮਰੀਜ਼ ਦੀ ਨੋਟੀਫਿਕੇਸ਼ਨ ਕੀਤੀ ਜਾਵੇ। ਮਹਾਂਮਾਰੀ ਕਾਨੂੰਨ-1897 ਤਹਿਤ ਸਰਕਾਰੀ ਤੇ ਪ੍ਰਾਈਵੇਟ ਹਸਪਤਾਲਾਂ ਵਾਸਤੇ ਜ਼ਰੂਰੀ ਹੈ ਕਿ ਉਹ ਇਸ ਬਿਮਾਰੀ ਦੇ ਕੈਟਾਗਿਰੀ 'ਬੀ' ਦੇ ਹਰ ਮਰੀਜ਼ ਦੀ ਅਤੇ ਇਨਫਲੂੰਜਾ ਵਾਇਰਸ ਵਰਗੀ ਬਿਮਾਰੀ ਦੀ ਸੂਚਨਾ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਡਾਇਰੈਕਟਰ ਨੂੰ ਭੇਜਣ। ਆਪਣੇ ਹਸਪਤਾਲਾਂ ਵਿਚ ਇਨ੍ਹਾਂ ਮਰੀਜ਼ਾਂ ਵਾਸਤੇ ਨਿਵੇਕਲਾ, ਦੂਜਿਆਂ ਨੂੰ ਛੋਹ ਨਾ ਸਕਣ ਵਾਲਾ ਵੱਖਰਾ ਸਥਾਨ ਨਿਰਧਾਰਤ ਕਰਨ।

ਸਿਹਤ ਵਿਭਾਗ ਦੇ 15 ਅਗਸਤ 2018 ਤੱਕ ਦੇ ਅੰਕੜਿਆਂ ਅਨੁਸਾਰ ਸਵਾਈਨ ਫਲੂ ਦੇ 'ਏ' ਕੈਟਾਗਿਰੀ ਦੇ 412 ਅਤੇ 'ਬੀ' ਕੈਟਾਗਿਰੀ ਦੇ 188 ਮਾਮਲੇ ਪਾਏ ਗਏ। ਇਨ੍ਹਾਂ ਵਿਚੋਂ 24 ਵਿਚ ਸਵਾਈਨ ਫਲੂ ਪਾਜ਼ੇਟਿਵ ਪਾਇਆ ਗਿਆ। ਕੁੱਲ 160 ਮਰੀਜ਼ਾਂ ਦਾ ਸਮੇਤ ਸ਼ੱਕੀ ਮਰੀਜ਼ਾਂ ਦੇ, ਇਲਾਜ ਸ਼ੁਰੂ ਕੀਤਾ ਗਿਆ ਅਤੇ 10 ਮੌਤਾਂ ਹੋਈਆਂ। ਇਹ ਬਿਮਾਰੀ ਸਾਰੇ ਸੰਸਾਰ ਵਿਚ ਫੈਲੀ ਹੋਈ ਹੈ। ਅਮਰੀਕਾ ਦੇ ਬਿਮਾਰੀਆਂ ਦੇ ਕੰਟਰੋਲ ਕੇਂਦਰ ਵੱਲੋਂ ਸਵਾਈਨ ਫਲੂ ਬਾਬਤ 27 ਸਤੰਬਰ 2018 ਨੂੰ ਜਾਰੀ ਕੀਤੀ ਗਈ ਰਿਪੋਰਟ ਅਨੁਸਾਰ, 2017-18 ਦੌਰਾਨ ਅਮਰੀਕਾ ਵਿਚ ਲੱਖਾਂ ਲੋਕ ਸਵਾਈਨ ਫਲੂ ਦਾ ਸ਼ਿਕਾਰ ਹੋਏ ਅਤੇ ਇਸ ਦੇ ਕਹਿਰ ਨਾਲ 80,000 ਮੌਤਾਂ ਹੋਈਆਂ। ਮਰੀਜ਼ਾਂ ਦੇ ਇਲਾਜ ਵਾਸਤੇ ਤੰਬੂ ਲਗਾਉਣੇ ਪਏ।


ਇਹ ਬਿਮਾਰੀ ਐਚ1ਐਨ1 ਨਾਮੀ ਵਿਸ਼ਾਣੂ ਨਾਲ ਹੁੰਦੀ ਹੈ। ਇਹ ਇਨਫਲੂੰਜਾ 'ਏ' ਵੰਨਗੀ ਦਾ ਵਾਇਰਸ ਹੈ ਜਿਹੜਾ ਪਹਿਲਾਂ ਪਹਿਲ ਮੈਕਸੀਕੋ ਵਿਖੇ ਸੂਰਾਂ ਵਿਚ ਪਾਇਆ ਗਿਆ ਸੀ। ਸਾਲ 2009 ਵਿਚ ਇਸ ਨੇ ਪਹਿਲੀ ਵਾਰ ਮਨੁੱਖੀ ਆਬਾਦੀ ਉੱਤੇ ਹੱਲਾ ਬੋਲਿਆ ਅਤੇ ਇਸ ਦੇ ਸੂਰਾਂ ਦੇ ਮੁੱਢ ਕਾਰਨ ਇਸ ਦਾ ਨਾਮ ਸਵਾਈਨ ਫਲੂ ਪੈ ਗਿਆ ਪਰ ਹੁਣ ਤਾਂ ਇਹ ਹਰ ਸਾਲ ਦਾ ਵਤੀਰਾ ਬਣ ਚੁਕਿਆ ਹੈ ਅਤੇ ਇਹ ਵਿਸ਼ਾਣੂ ਹੁਣ ਮਨੁੱਖਾਂ ਵਿਚ ਵਾਸਾ ਕਰਨ ਲੱਗ ਗਿਆ ਹੈ। ਹੁਣ ਤਾਂ ਇਸ ਨੂੰ ਇੱਕ ਹੋਰ ਮਨੁੱਖੀ ਵਿਸ਼ਾਣੂ ਹੀ ਮੰਨ ਲਿਆ ਜਾਣ ਲੱਗ ਗਿਆ ਹੈ। ਇਸ ਨੂੰ ਸਾਲਾਨਾ ਲੱਗਦੇ ਫਲੂ ਦੇ ਟੀਕਿਆਂ ਦਾ ਹਿੱਸਾ ਬਣਾ ਦਿੱਤਾ ਗਿਆ ਹੈ। ਇਹ ਵਾਇਰਸ ਸਰਦੀ ਦੇ ਉਤਰਾਅ ਵੇਲੇ ਤੋਂ ਬਸੰਤ ਦੇ ਮੌਸਮ ਤੱਕ, ਭਾਵ ਮਾਰਚ ਤੱਕ ਜ਼ਿਆਦਾ ਮਾਰ ਕਰਦਾ ਹੈ। ਪੰਛੀਆਂ ਵਿਚ ਵੀ ਇਨਫਲੂੰਜਾ 'ਏ' ਵਾਇਰਸ ਪਾਇਆ ਜਾਂਦਾ ਹੈ।

### ਬਿਮਾਰੀ ਦੀਆਂ ਨਿਸ਼ਾਨੀਆਂ

ਜ਼ੁਕਾਮ, ਬੁਖਾਰ 100 ਡਿਗਰੀ ਫਾਰਨਹੀਟ ਤੋਂ ਬਹੁਤ ਤੇਜ਼ ਤੱਕ, ਖੰਘ, ਗਲੇ ਦੀ ਸੋਜ਼ਿਸ਼, ਹੱਡ-ਪੈਰ ਟੁੱਟਣੇ, ਕਾਂਬਾ ਲੱਗਣਾ, ਸਾਹ-ਸਤਹੀਣਤਾ ਜਾਂ ਬਹੁਤ ਜ਼ਿਆਦਾ ਥਕਾਵਟ, ਸਿਰ ਦਰਦ, ਜੀਅ ਕੱਚਾ ਹੋਣਾ। ਤੇਜ਼ ਬੁਖਾਰ ਨਾਲ ਸਾਹ ਚੜ੍ਹਨਾ, ਸਾਹ ਲੈਣ ਵਿਚ ਔਖ ਤੇ ਟੱਟੀਆਂ-ਉਲਟੀਆਂ ਵੀ ਲੱਗ ਸਕਦੀਆਂ ਹਨ। ਇਸ ਦਾ ਆਮ ਜ਼ੁਕਾਮ ਤੋਂ, ਨਮੂਨੀਏ ਤੋਂ ਅਤੇ ਆਮ ਟੱਟੀਆਂ-ਉਲਟੀਆਂ ਤੋਂ ਫਰਕ ਕਰਨਾ ਪੈਂਦਾ ਹੈ।

### ਬਿਮਾਰੀ ਕਿਵੇਂ ਲੱਗਦੀ ਹੈ?

ਇਹ ਲਾਗ ਦੀ ਬਿਮਾਰੀ ਹੈ। ਮਰੀਜ਼ ਦੇ ਖੰਘ, ਜ਼ੁਕਾਮ ਦੇ ਤੁਪਕੇ ਤੰਦਰੁਸਤ ਸ਼ਖ਼ਸ ਦੇ ਅੰਦਰ ਸਾਹ ਜਾਂ ਮੂੰਹ ਰਾਹੀਂ ਚਲੇ ਜਾਂਦੇ ਹਨ। ਲਾਗ ਲੱਗਣ ਤੋਂ ਇਕ ਤੋਂ 4 ਦਿਨ ਦੇ ਅੰਦਰ ਰੋਗ ਦੀਆਂ ਨਿਸ਼ਾਨੀਆਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਰੋਗੀ ਨਿਸ਼ਾਨੀਆਂ ਸ਼ੁਰੂ ਹੋਣ ਤੋਂ ਇਕ ਦਿਨ ਪਹਿਲਾਂ ਤੋਂ ਲੈ ਕੇ ਆਮ ਤੌਰ 'ਤੇ 6-7 ਦਿਨ ਤੱਕ ਦੂਜਿਆਂ ਵਿਚ ਬਿਮਾਰੀ ਦੀ ਲਾਗ ਦਾ ਕਾਰਨ ਬਣ ਸਕਦਾ ਹੈ।




### ਰੋਕਥਾਮ

ਮਰੀਜ਼ ਨੂੰ ਛੂਹਣ ਤੋਂ ਬਾਅਦ ਸਾਬਣ ਨਾਲ ਹੱਥ ਧੋਣਾ, ਗਰਮ ਪਾਣੀ ਨਾਲ ਨਹਾਉਣਾ, ਰੋਗੀ ਤੋਂ ਦੋ ਮੀਟਰ ਦੂਰੀ 'ਤੇ ਬੈਠਣਾ, ਰੋਗੀ ਕੋਲ ਦੋ ਮੀਟਰ ਦੇ ਫਾਸਲੇ ਤੱਕ ਪਈ ਹਰ ਚੀਜ਼ ਨੂੰ ਛੂਹਣ ਤੋਂ ਬਚਣਾ। ਰੋਗੀ ਦੇ ਨੇੜੇ ਪਏ ਬਰਤਨ ਆਦਿ ਚੰਗੀ ਤਰ੍ਹਾਂ ਸਾਫ ਕਰਕੇ ਵਰਤਣੇ, ਰੋਗੀ ਨਾਲ ਹੱਥ ਮਿਲਾਉਣ ਤੋਂ ਗੁਰੇਜ਼ ਕਰਨਾ, ਮੂੰਹ ਉੱਤੇ ਮਾਸਕ ਰੱਖਣਾ, ਭੀੜ-ਭੜੱਕੇ ਵਾਲੀਆਂ ਥਾਵਾਂ ਉੱਤੇ ਨਾ ਜਾਣਾ, ਜ਼ੁਕਾਮ ਵਾਲੇ ਲੋਕਾਂ ਵੱਲ ਮੂੰਹ ਨਾ ਕਰਨਾ, ਭੀੜ ਵਿਚ ਜ਼ੁਕਾਮ ਵਾਲੇ ਲੋਕਾਂ ਤੋਂ ਦੂਰੀ ਬਣਾ ਕੇ ਰੱਖਣਾ, ਰੋਗੀ ਦੇ ਰੁਮਾਲ, ਕੱਪੜੇ ਆਦਿ ਨਾ ਵਰਤਣਾ, ਰੋਗੀ ਦਾ ਘਰ ਦੇ ਅੰਦਰ ਰਹਿਣਾ, ਬਾਹਰ ਜਾਂ ਭੀੜ-ਭੜੱਕੇ ਵਾਲੀਆਂ ਥਾਵਾਂ ਉੱਤੇ ਨਾ ਜਾਣਾ ਅਤੇ ਮੂੰਹ ਉੱਤੇ ਮਾਸਕ ਬੰਨ੍ਹ ਕੇ ਰੱਖਣਾ। ਵਿਦਿਅਕ ਸੰਸਥਾਵਾਂ ਵਿਚ ਰੋਕਥਾਮ ਵਾਸਤੇ ਭਾਰਤ ਸਰਕਾਰ ਨੇ ਸੇਧਾਂ ਜਾਰੀ ਕੀਤੀਆਂ ਹੋਈਆਂ ਹਨ ਕਿ ਬੱਚਿਆਂ ਅਤੇ ਅਮਲੇ ਨੂੰ ਜ਼ੁਕਾਮ ਹੋਣ 'ਤੇ 7-10 ਦਿਨ ਛੁੱਟੀ ਉੱਤੇ ਭੇਜਿਆ ਜਾਵੇ ਅਤੇ ਛੁੱਟੀ ਵਾਸਤੇ ਮੈਡੀਕਲ ਸਰਟੀਫਿਕੇਟ ਨਾ ਮੰਗਿਆ ਜਾਵੇ।

### ਇਲਾਜ

ਇਸ ਬਿਮਾਰੀ ਦਾ ਕੋਈ ਬਹੁਤ ਵਿਸ਼ੇਸ਼ ਇਲਾਜ ਨਹੀਂ। ਰੋਗੀ 3-7 ਦਿਨ ਵਿਚ ਠੀਕ ਹੋ ਜਾਂਦਾ ਹੈ ਪਰ ਕਈ ਵਾਰ 9-10 ਦਿਨ ਵੀ ਲੱਗ ਸਕਦੇ ਹਨ। ਰੋਗ ਦੀ ਗੰਭੀਰਤਾ ਅਨੁਸਾਰ, ਰੋਗੀਆਂ ਨੂੰ ਤਿੰਨ ਕੈਟਾਗਰੀਆਂ ਵਿਚ ਵੰਡਿਆ ਜਾਂਦਾ ਹੈ। ਪੰਜਾਬ ਸਰਕਾਰ ਵੱਲੋਂ ਜਾਰੀ ਸੇਧਾਂ ਅਨੁਸਾਰ ਕੈਟਾਗਿਰੀ 'ਏ' ਵਿਚ ਉਹ ਮਰੀਜ਼ ਹੁੰਦੇ ਹਨ ਜਿਨ੍ਹਾਂ ਨੂੰ ਹਲਕਾ ਬੁਖਾਰ ਅਤੇ ਖੰਘ ਜਾਂ ਗਲਾ ਖਰਾਬ ਹੋਵੇ, ਸਿਰ ਪੀੜ, ਹੱਡ-ਪੈਰ ਟੁੱਟਣੇ, ਟੱਟੀਆਂ-ਉਲਟੀਆਂ ਹੋਣ ਜਾਂ ਨਾ ਹੋਣ। ਇਨ੍ਹਾਂ ਨੂੰ ਕਿਸੇ ਵਿਸ਼ੇਸ਼ ਇਲਾਜ ਜਾਂ ਕਿਸੇ ਟੈਸਟ ਜਾਂਚ ਦੀ ਲੋੜ ਨਹੀਂ ਹੁੰਦੀ। ਕੇਵਲ ਦਰਦ ਨਿ-ਵਾਰਕ/ ਬੁਖਾਰ ਨਿ-ਵਾਰਕ ਦੇਣ ਦੀ, ਆਰਾਮ ਕਰਨ ਦੀ ਤੇ ਘਰ ਰਹਿਣ ਦੀ ਲੋੜ ਹੁੰਦੀ ਹੈ। ਉਨ੍ਹਾਂ ਨੂੰ ਘਰ ਵਿਚ ਬੱਚਿਆਂ ਨਾਲ ਜਾਂ ਹੋਰ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਦੇ ਨੇੜੇ ਨਹੀਂ ਜਾਣਾ ਚਾਹੀਦਾ ਤਾਂ ਕਿ ਉਨ੍ਹਾਂ ਨੂੰ ਲਾਗ ਨਾ ਲੱਗ ਜਾਵੇ। 'ਬੀ'-1 ਕੈਟਾਗਿਰੀ ਦੇ ਮਰੀਜ਼ ਉਹ ਹੁੰਦੇ ਹਨ ਜਿਨ੍ਹਾਂ ਨੂੰ ਕੈਟਾਗਿਰੀ 'ਏ' ਦੀਆਂ ਅਲਾਮਤਾਂ ਤੋਂ ਇਲਾਵਾ ਤੇਜ਼ ਬੁਖਾਰ ਜਾਂ ਬਹੁਤ ਜ਼ਿਆਦਾ ਗਲਾ ਪੱਕਿਆ ਹੋਵੇ। 'ਬੀ'-2 ਕੈਟਾਗਿਰੀ ਵਿਚ ਉਹ ਮਰੀਜ਼ ਆਉਂਦੇ ਹਨ ਜਿਹੜੇ ਕੈਟਾਗਿਰੀ 'ਏ' ਦੀਆਂ ਅਲਾਮਤਾਂ ਦੇ ਨਾਲ ਹੀ ਪੰਜ ਸਾਲ ਤੋਂ ਘੱਟ ਜਾਂ 65 ਸਾਲ ਤੋਂ ਵੱਧ ਉਮਰ ਦੇ ਹੋਣ ਜਾਂ ਗਰਭਵਤੀ ਔਰਤਾਂ ਹੋਣ ਜਾਂ ਜਿਨ੍ਹਾਂ ਨੂੰ ਫੇਫੜੇ, ਦਿਲ, ਗੁਰਦੇ, ਜਿਗਰ, ਖੂਨ, ਸ਼ੱਕਰ, ਨਾੜੀ ਤੰਤੂ, ਕੈਂਸਰ ਜਾਂ ਏਡਜ਼ ਦੀ ਬਿਮਾਰੀ ਹੋਵੇ ਜਾਂ ਜਿਹੜੇ ਲੰਮੇ ਸਮੇਂ ਤੋਂ ਕਾਰਟੀਕਾਇਡ ਲੈ ਰਹੇ ਹੋਣ। ਇਨ੍ਹਾਂ ਬੀ-1 ਅਤੇ ਬੀ-2 ਕੈਟਾਗਿਰੀ ਦੇ ਮਰੀਜ਼ਾਂ ਨੂੰ ਸਵਾਈਨ ਫਲੂ ਦੇ ਕਿਸੇ ਟੈਸਟ ਦੀ ਲੋੜ ਨਹੀਂ ਹੁੰਦੀ। ਉਨ੍ਹਾਂ ਦਾ ਘਰ ਵਿਚ ਹੀ ਰੱਖ ਕੇ ਓਸਲਟੈਮੀਵੀਰ ਨਾਲ ਇਲਾਜ ਕੀਤਾ ਜਾ ਸਕਦਾ ਹੈ। ਇਨ੍ਹਾਂ ਨੂੰ ਆਰਾਮ ਕਰਨ ਤੇ ਘਰ ਰਹਿਣ ਦੀ ਲੋੜ ਹੁੰਦੀ ਹੈ। ਉਨ੍ਹਾਂ ਨੂੰ ਘਰ ਵਿਚ ਬੱਚਿਆਂ ਦੇ ਜਾਂ ਹੋਰ ਬਿਮਾਰੀਆਂ ਦੇ ਮਰੀਜ਼ਾਂ ਦੇ ਨੇੜੇ ਨਹੀਂ ਜਾਣਾ ਚਾਹੀਦਾ ਤਾਂ ਕਿ ਉਨ੍ਹਾਂ ਨੂੰ ਲਾਗ ਨਾ ਲੱਗ ਜਾਵੇ। ਬਾਕੀ ਜੀਆਂ ਤੋਂ ਵੱਖਰਾ ਰੱਖਣਾ ਚਾਹੀਦਾ ਹੈ। ਇਨ੍ਹਾਂ ਨੂੰ ਨਮੂਨੀਏ ਜਾਂ ਹੋਰ ਇਨਫੈਕਸ਼ਨ ਤੋਂ ਬਚਾਅ ਵਾਸਤੇ ਵਿਸ਼ਾਲ ਪ੍ਰਭਾਵ ਵਾਲੀਆਂ (ਬਰਾਡ ਸਪੈਕਟਰਮ) ਐਂਟੀ-ਬਾਇਓਟਿਕਸ ਵੀ ਦੇਣੀਆਂ ਹੁੰਦੀਆਂ ਹਨ।

ਕੈਟਾਗਿਰੀ 'ਸੀ' ਦੇ ਮਰੀਜ਼ ਉਹ ਹੁੰਦੇ ਹਨ ਜਿਨ੍ਹਾਂ ਨੂੰ ਕੈਟਾਗਿਰੀ-ਏ ਅਤੇ ਕੈਟਾਗਿਰੀ ਬੀ-1 ਤੇ ਬੀ-2 ਦੀਆਂ ਅਲਾਮਤਾਂ ਦੇ ਨਾਲ ਹੀ ਸਾਹ ਚੜ੍ਹਨਾ, ਛਾਤੀ ਵਿਚ ਦਰਦ, ਅੱਧ-ਨੀਂਦਰਾ, ਖੂਨ ਦਾ ਦਬਾਅ ਘਟਣਾ, ਥੁੱਕ ਵਿਚ ਖੂਨ, ਨਹੁੰਆਂ ਦਾ ਨੀਲਾਪਨ ਹੋਵੇ ਜਾਂ ਫਿਰ ਦਿਲ, ਗੁਰਦੇ, ਜਿਗਰ ਆਦਿ ਦੀਆਂ ਦਾਇਮੀ ਬਿਮਾਰੀਆਂ ਵਧ ਜਾਣ ਜਾਂ ਬੱਚੇ ਜਿਨ੍ਹਾਂ ਨੂੰ ਲਗਾਤਾਰ ਤੇਜ਼ ਬੁਖਾਰ ਹੋਵੇ, ਠੀਕ ਖਾ-ਪੀ ਨਾ ਸਕਣ, ਦੌਰੇ ਪੈਣ, ਸਾਹ ਚੜ੍ਹੇ ਜਾਂ ਸਾਹ ਲੈਣ ਵਿਚ ਔਖ ਹੋਵੇ, ਤਾਂ ਤੁਰੰਤ ਟੈਸਟ ਕਰਵਾਉਣ, ਹਸਪਤਾਲ ਦਾਖਲ ਕਰਨ ਅਤੇ ਤੁਰੰਤ ਇਲਾਜ ਦੀ ਲੋੜ ਹੁੰਦੀ ਹੈ। ਜ਼ਿਆਦਾ ਤੰਗ ਮਰੀਜ਼ਾਂ ਅਤੇ ਪਾਜ਼ੇਟਿਵ ਮਰੀਜ਼ਾਂ ਨੂੰ ਓਸਲੇਟਾਮੀਵੀਰ (ਟੈਮੀਫਲੂ) ਨਾਮੀ ਦਵਾਈ ਦਿੱਤੀ ਜਾਂਦੀ ਹੈ। ਵੈਸੇ ਜ਼ਿਆਦਾ ਇਲਾਜ ਤਾਂ ਸਹਾਰਾ ਦੇਣ ਵਾਲ ਹੁੰਦਾ ਹੈ ਜਿਵੇਂ ਆਕਸੀਜਨ, ਤਰਲ ਆਦਿ ਦੇਣੇ, ਬੁਖਾਰ ਉਤਾਰਨ ਦੀਆਂ ਦਵਾਈਆਂ, ਬਲੱਡ ਪ੍ਰੈਸ਼ਰ ਵਧਾਉਣ ਵਾਸਤੇ ਦਵਾਈਆਂ, ਇਨਫੈਕਸ਼ਨ ਰੋਕਣ ਵਾਸਤੇ ਐਂਟੀ-ਬਾਇਓਟਿਕਸ ਤੇ ਸਾਹ ਦੀ ਔਖ ਠੀਕ ਕਰਨੀ ਜਿਸ ਕਰਕੇ ਕਈ ਵਾਰ ਮਰੀਜ਼ ਨੂੰ ਵੈਂਟੀਲੇਟਰ ਉੱਤੇ ਵੀ ਪਾਉਣਾ ਪੈਂਦਾ ਹੈ।

### ਗੰਭੀਰ ਨਿਸ਼ਾਨੀਆਂ

ਬੱਚਿਆਂ ਵਿਚ ਸਾਹ ਤੇਜ, ਸਾਹ ਲੈਣ ਵਿਚ ਤਕਲੀਫ, ਚਮੜੀ ਦਾ ਨੀਲਾ ਜਾਂ ਭੂਰਾ ਪੈ ਜਾਣਾ, ਪਾਣੀ ਜਾਂ ਹੋਰ ਤਰਲ ਲੈਣ ਤੋਂ ਅਸਮਰੱਥਤਾ। ਲਗਾਤਾਰ ਉਲਟੀਆਂ, ਸੁਸਤ ਸੁੱਤੇ ਰਹਿਣਾ, ਚਿੜਚਿੜਾਪਨ, ਪ੍ਰਤੀਕਿਰਿਆ ਨਾ ਕਰਨੀ, ਜ਼ੁਕਾਮ ਘਟ ਕੇ ਤੇਜ਼ ਬੁਖਾਰ ਨਾਲ ਦੁਬਾਰਾ ਵਧ ਜਾਣਾ, ਸਰੀਰ ਉੱਤੇ ਦਾਣੇ ਨਿੱਕਲ ਆਉਣੇ। ਬਾਲਗਾਂ ਵਿਚ ਛਾਤੀ ਜਾਂ ਪੇਟ ਦਰਦ, ਪੇਟ ਜਾਂ ਛਾਤੀ ਘੁਟੀ-ਘੁਟੀ, ਚੱਕਰ ਆਉਣੇ, ਡੌਰ-ਭੌਰ ਹੋਣਾ ਵੀ ਸ਼ਾਮਲ ਹੈ।

### ਕਿਨ੍ਹਾਂ ਨੂੰ ਜ਼ਿਆਦਾ ਖਤਰਾ ਹੈ?

ਦਮਾ, ਫੁਲੀ ਛਾਤੀ (ਐਂਫਾਈਜ਼ੀਮਾ), ਸ਼ੱਕਰ, ਦਿਲ, ਗੁਰਦੇ, ਫੇਫੜੇ, ਜਿਗਰ, ਖੂਨ, ਕੈਂਸਰ, ਏਡਜ਼ ਵਰਗੇ ਦਾਇਮੀ ਰੋਗਾਂ ਦੇ ਮਰੀਜ਼ਾਂ, ਗਰਭਵਤੀ ਔਰਤਾਂ, ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਅਤੇ 65 ਸਾਲ ਤੋਂ ਉਪਰ ਉਮਰ ਦੇ ਬਜ਼ੁਰਗਾਂ ਨੂੰ ਖ਼ਤਰਾ ਜ਼ਿਆਦਾ ਹੁੰਦਾ ਹੈ।

ਉਨ੍ਹਾਂ ਦੀ ਦਾਇਮੀ ਬਿਮਾਰੀ ਵਧ ਸਕਦੀ ਹੈ, ਨਮੂਨੀਆ ਹੋ ਸਕਦਾ ਹੈ, ਸਾਹ ਦੀ ਨਾਲੀ ਦੀ ਸੋਜ਼ਿਸ਼ ਹੋ ਸਕਦੀ ਹੈ, ਦੌਰੇ ਪੈ ਸਕਦੇ ਹਨ, ਡੌਰ-ਭੌਰ ਹੋ ਸਕਦੇ ਹਨ, ਕੰਨਾਂ ਵਿਚ ਇਨਫੈਕਸ਼ਨ ਹੋ ਸਕਦੀ ਹੈ ਅਤੇ ਸਾਹ ਰੁਕ ਸਕਦਾ ਹੈ। ਇਹ ਗੰਭੀਰ ਅਲਾਮਤਾਂ ਆਉਣ 'ਤੇ ਜਾਂ ਉਪਰੋਕਤ ਅਨੁਸਾਰ ਜ਼ਿਆਦਾ ਖਤਰੇ ਵਾਲੇ ਮਰੀਜ਼ਾਂ ਨੂੰ ਹਸਪਤਾਲ ਲੈ ਕੇ ਜਾਣ ਦੀ ਲੋੜ ਹੁੰਦੀ ਹੈ। ਜੇ ਨਵਜਾਤ ਖਾਣਾ ਪੀਣਾ ਬੰਦ ਕਰ ਦੇਵੇ, ਸਾਹ ਲੈਣ ਵਿਚ ਔਖ ਹੋਵੇ, ਪਿਸ਼ਾਬ ਘੱਟ ਕਰੇ ਤਾਂ ਤੁਰੰਤ ਹਸਪਤਾਲ ਦੀ ਐਮਰਜੈਂਸੀ ਵਿਚ ਲੈ ਕੇ ਜਾਣਾ ਚਾਹੀਦਾ ਹੈ।

# ਆਪਣੀ ਫਿਟਨੈੱਸ ਦਾ ਰੱਖੋ ਖ਼ਿਆਲ

ਵੈਸੇ ਤਾਂ ਹਰ ਮੌਸਮ 'ਚ ਤਨ ਅਤੇ ਮਨ ਨੂੰ ਸਿਹਤਮੰਦ ਰੱਖਣਾ ਜ਼ਰੂਰੀ ਹੁੰਦਾ ਹੈ ਪਰ ਗਰਮੀਆਂ 'ਚ ਖ਼ਾਸ ਤੌਰ 'ਤੇ ਜਦੋਂ ਲਗਾਤਾਰ ਸੁਸਤੀ ਪੈਂਦੀ ਹੈ ਅਤੇ ਕੁਝ ਖਾਣ ਨੂੰ ਦਿਲ ਨਹੀਂ ਕਰਦਾ ਤਾਂ ਦਿਨ ਭਰ ਪਾਣੀ ਹੀ ਨਜ਼ਰ ਆਉਂਦਾ ਹੈ। ਇਨ੍ਹਾਂ ਦਿਨਾਂ ਵਿਚ ਸਿਹਤ ਦਾ ਖ਼ਾਸ ਖ਼ਿਆਲ ਰੱਖਣਾ ਬਹੁਤ ਜ਼ਰੂਰੀ ਹੁੰਦਾ ਹੈ।

### ਤਾਜ਼ਾ ਭੋਜਨ ਖਾਓ

ਹਲਕਾ ਤਾਜ਼ਾ ਤੇ ਜਲਦੀ ਪਚਣ ਵਾਲਾ ਭੋਜਨ ਕਰੋ। ਭੁੱਖ ਰੱਖ ਕੇ ਖਾਣਾ ਖਾਓ ਅਤੇ ਪਾਣੀ ਜ਼ਿਆਦਾ ਪੀਓ। ਰਸੀਲੇ ਫਲ, ਜਿਵੇਂ ਹਦਵਾਣਾ, ਅੰਬ, ਅੰਗੂਰ, ਖ਼ਰਬੂਜ਼ੇ ਆਦਿ ਦਾ ਸੇਵਨ ਕਰੋ। ਇਸ ਨਾਲ ਸਰੀਰ 'ਚ ਪਾਣੀ ਦੀ ਜ਼ਰੂਰਤ ਮੁਤਾਬਿਕ ਪੂਰਤੀ ਹੋਵੇਗੀ।

### ਜ਼ਿਆਦਾ ਤਰਲ ਪਦਾਰਥ ਲਵੋ

ਪੀਣ ਵਾਲੇ ਪਦਾਰਥ ਗਰਮੀ ਦੇ ਪ੍ਰਕੋਪ ਨੂੰ ਘੱਟ ਕਰਨ 'ਚ ਬੇਹੱਦ ਕਾਰਗਰ ਸਿੱਧ ਹੁੰਦੇ ਹਨ। ਇਸ ਲਈ ਗਰਮੀ ਦੇ ਮੌਸਮ 'ਚ ਠੋਸ ਭੋਜਨ ਦੀ ਬਜਾਏ ਤਰਲ ਪਦਾਰਥ, ਜਿਵੇਂ ਠੰਢਾ ਪਾਣੀ, ਨਿੰਬੂ ਪਾਣੀ, ਸ਼ਿਕੰਜਵੀ, ਸ਼ਰਬਤ, ਫਲਾਂ ਦਾ ਰਸ, ਲੱਸੀ ਆਦਿ ਜ਼ਿਆਦਾ ਮਾਤਰਾ 'ਚ ਪੀਓ। ਇਸ ਨਾਲ ਸਰੀਰ 'ਚ ਤਾਜ਼ਗੀ ਬਣੀ ਰਹੇਗੀ ਤੇ ਊਰਜਾ ਦਾ ਪੱਧਰ ਵੀ ਠੀਕ ਰਹੇਗਾ।

### ਧੁੱਪ ਤੋਂ ਬਚੋ

ਧੁੱਪ 'ਚ ਰਹਿਣ ਨਾਲ ਸਰੀਰ ਦਾ ਤਾਪਮਾਨ ਜ਼ਰੂਰਤ ਤੋਂ ਜ਼ਿਆਦਾ ਵਧ ਜਾਂਦਾ ਹੈ ਅਤੇ ਸਰੀਰ 'ਚ ਪਾਣੀ ਦੀ ਕਮੀ ਆ ਜਾਂਦੀ ਹੈ। ਇਸ ਲਈ ਤਿੱਖੀ ਧੁੱਪ 'ਚ ਜਾਣ ਤੋਂ ਬਚੋ।



### ਕਸਰਤ ਕਰੋ

ਗਰਮੀ ਅਤੇ ਹੁੰਮਸ 'ਚ ਕੀਤਾ ਗਿਆ ਥੋੜ੍ਹਾ ਜਿਹਾ ਸਰੀਰਕ ਕੰਮ ਵੀ ਸਾਨੂੰ ਥਕਾ ਦਿੰਦਾ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਤੁਸੀਂ ਕਸਰਤ ਕਰਨੀ ਛੱਡ ਦਿਓ। ਹਾਂ, ਜ਼ਿਆਦਾ ਮਾਤਰਾ 'ਚ ਅਤੇ ਜ਼ਿਆਦਾ ਪਸੀਨਾ ਵਹਾਉਣ ਵਾਲੀ ਕਸਰਤ ਦੀ ਜਗ੍ਹਾ ਹਲਕੀ ਤੇ ਸੌਖੀ ਕਸਰਤ ਕਰੋ। ਸਵੇਰੇ-ਸ਼ਾਮ ਘੁੰਮ ਕੇ ਵੀ ਕਸਰਤ ਦੀ ਪੂਰਤੀ ਕੀਤੀ ਜਾ ਸਕਦੀ ਹੈ।

### ਆਰਾਮ ਵੀ ਹੈ ਜ਼ਰੂਰੀ

ਇਸ ਗੱਲ ਦਾ ਵੀ ਵਿਸ਼ੇਸ਼ ਧਿਆਨ ਰੱਖੋ ਕਿ ਸਰਦੀ 'ਚ ਡੂੰਘੀ ਅਤੇ ਲੰਬੀ ਨੀਂਦ ਦੀ ਪੂਰਤੀ ਰਾਤ ਨੂੰ ਹੀ ਹੋ ਜਾਂਦੀ ਹੈ ਪਰ ਗਰਮੀਆਂ 'ਚ ਨੀਂਦ ਜ਼ਰੂਰਤ ਮੁਤਾਬਿਕ ਪੂਰੀ ਨਹੀਂ ਹੁੰਦੀ। ਇਸ ਨਾਲ ਥਕਾਵਟ ਬਣੀ ਰਹਿੰਦੀ ਹੈ, ਜਿਹੜੀ ਚਿੜਚਿੜੇਪਨ ਨੂੰ ਜਨਮ ਦਿੰਦੀ ਹੈ। ਇਸ ਲਈ ਜਦੋਂ ਵੀ ਆਰਾਮ ਦੀ ਜ਼ਰੂਰਤ ਹੋਵੇ ਤਾਂ ਸਾਰੇ ਕੰਮ ਛੱਡ ਕੇ ਆਰਾਮ ਕਰੋ।

### ਠੰਢੀ ਤਾਸੀਰ ਵਾਲੀਆਂ ਚੀਜ਼ਾਂ ਵਰਤੋਂ

ਕੁਦਰਤੀ ਸੰਤੁਲਨ ਬਣਾਉਣ ਲਈ ਸਭ ਰੁੱਤਾਂ ਜ਼ਰੂਰੀ ਹਨ ਪਰ ਗਰਮੀ ਦੇ ਮਾੜੇ ਪ੍ਰਭਾਵ ਤੋਂ ਬਚਣ ਲਈ ਠੰਢੀ ਤਾਸੀਰ ਵਾਲੀਆਂ ਖਾਣ-ਪੀਣ ਦੀਆਂ ਚੀਜ਼ਾਂ ਆਪਣੇ ਖਾਣੇ 'ਚ ਸ਼ਾਮਲ ਕਰੋ। ਰੋਜ਼ਾਨਾ ਫਲ, ਸ਼ਰਬਤ, ਔਲੇ ਤੇ ਹੋਰ ਠੰਢੀਆਂ ਚੀਜ਼ਾਂ ਦਾ ਸੇਵਨ ਕਰੋ। ਕੱਚੇ ਪਿਆਜ਼ ਨੂੰ ਭੋਜਨ 'ਚ ਸ਼ਾਮਲ ਕਰੋ। ਖਾਣ-ਪੀਣ ਵਾਲੀਆਂ ਚੀਜ਼ਾਂ ਨੂੰ ਗਰਮ-ਠੰਢੇ ਦੇ ਆਧਾਰ 'ਤੇ ਨਹੀਂ ਬਲਕਿ ਉਸ ਦੀ ਤਾਸੀਰ ਦੇ ਆਧਾਰ 'ਤੇ ਪਛਾਣੋ, ਜਿਵੇਂ ਆਈਸਕ੍ਰੀਮ, ਕੋਲਡ ਡਰਿੰਕ ਤੇ ਬਰਫ ਦਾ ਗੋਲਾ ਠੰਢੇ ਹੋਣ ਦੇ ਬਾਵਜੂਦ ਵੀ ਗਰਮ ਤਾਸੀਰ ਵਾਲੇ ਹੁੰਦੇ ਹਨ।

# ਕਿਉਂ ਲਗਦੀ ਹੈ ਪਿਆਸ?

ਗਰਮੀ ਸ਼ੁਰੂ ਹੁੰਦਿਆਂ ਹੀ ਸਰੀਰ ਨੂੰ ਪਾਣੀ ਦੀ ਜ਼ਰੂਰਤ ਵਧ ਜਾਂਦੀ ਹੈ। ਇਹੀ ਕਾਰਨ ਹੈ ਕਿ ਇਸ ਮੌਸਮ 'ਚ ਤੁਹਾਨੂੰ ਜ਼ਿਆਦਾ ਪਾਣੀ ਪੀਣਾ ਪੈਂਦਾ ਹੈ ਪਰ ਕੁਝ ਲੋਕਾਂ ਨੂੰ ਹਰ ਮੌਸਮ 'ਚ ਆਮ ਨਾਲੋਂ ਜ਼ਿਆਦਾ ਪਿਆਸ ਲਗਦੀ ਹੈ। ਪਾਣੀ ਪੀਣ ਦੇ ਬਾਵਜੂਦ ਜਲਦੀ-ਜਲਦੀ ਪਿਆਸ ਲੱਗਣ ਦੇ ਕਈ ਕਾਰਨ ਹੋ ਸਕਦੇ ਹਨ। ਆਮ ਤੌਰ 'ਤੇ ਸਾਨੂੰ ਪਿਆਸ ਉਦੋਂ ਲਗਦੀ ਹੈ, ਜਦੋਂ ਸਰੀਰ 'ਚ ਪਾਣੀ ਦਾ ਪੱਧਰ ਹੇਠਾਂ ਆ ਜਾਂਦਾ ਹੈ। ਕਈ ਵਾਰ ਕੁਝ ਹੋਰ ਕਾਰਨਾਂ ਕਰਕੇ ਵੀ ਜਲਦੀ-ਜਲਦੀ ਪਿਆਸ ਲੱਗ ਸਕਦੀ ਹੈ।

### ਜ਼ਿਆਦਾ ਨਮਕ ਖਾਣਾ

ਕੁਝ ਲੋਕ ਖਾਣੇ 'ਚ ਨਮਕ ਦਾ ਜ਼ਿਆਦਾ ਸੇਵਨ ਕਰਦੇ ਹਨ। ਨਮਕ ਪਿਆਸ ਨੂੰ ਵਧਾਉਂਦਾ ਹੈ। ਨਮਕ ਕੋਸ਼ਿਕਾਵਾਂ (ਸੈੱਲਜ਼) ਵਿਚੋਂ ਪਾਣੀ ਨੂੰ ਕੱਢਦਾ ਹੈ। ਅਜਿਹੇ ਵਿਚ ਜੇ ਤੁਸੀਂ ਜ਼ਿਆਦਾ ਨਮਕ ਖਾਂਦੇ ਹੋ ਤਾਂ ਤੁਹਾਡੀਆਂ ਕੋਸ਼ਿਕਾਵਾਂ ਦਿਮਾਗ਼ ਨੂੰ ਜਲਦੀ-ਜਲਦੀ ਪਿਆਸ ਲੱਗਣ ਦਾ ਸੰਕੇਤ ਭੇਜਣ ਲਗਦੀਆਂ ਹਨ।

ਤੁਹਾਨੂੰ ਇਕ ਦਿਨ ਵਿਚ 5 ਗ੍ਰਾਮ ਤੋਂ ਜ਼ਿਆਦਾ ਨਮਕ ਦਾ ਸੇਵਨ ਨਹੀਂ ਕਰਨਾ ਚਾਹੀਦਾ। ਨਮਕ ਦੇ ਜ਼ਿਆਦਾ ਸੇਵਨ ਨਾਲ ਹਾਈ ਬਲੱਡ ਪ੍ਰੈਸ਼ਰ ਤੇ ਹੋਰ ਕਈ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ।

# ਦੁਨੀਆਂ ਵਿਚ ਹੁਣ ਪੋਤੇ-ਪੋਤੀਆਂ ਤੋਂ ਜ਼ਿਆਦਾ ਦਾਦਾ-ਦਾਦੀ ਕਿਉਂ?

ਸੰਯੁਕਤ ਰਾਸ਼ਟਰ ਦੇ ਮੁਤਾਬਕ ਇਤਿਹਾਸ ਵਿਚ ਪਹਿਲੀ ਵਾਰ ਅਜਿਹਾ ਹੋਇਆ ਹੈ ਕਿ ਦੁਨੀਆਂ ਵਿਚ ਬੱਚਿਆਂ ਤੋਂ ਜ਼ਿਆਦਾ ਬਜ਼ੁਰਗ ਹੋ ਗਏ ਹਨ। 2018 ਦੇ ਅੰਤ ਵਿਚ 65 ਸਾਲ ਤੋਂ ਜ਼ਿਆਦਾ ਉਮਰ ਦੇ ਬਜ਼ੁਰਗਾਂ ਦੀ ਗਿਣਤੀ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਜ਼ਿਆਦਾ ਹੋ ਗਈ। ਸੰਸਾਰ ਵਿਚ 65 ਸਾਲ ਤੋਂ ਜ਼ਿਆਦਾ ਉਮਰ ਦੇ ਬੁੱਢਿਆਂ ਦੀ ਗਿਣਤੀ ਕਰੀਬ 70.5 ਕਰੋੜ ਹੈ, ਜਦਕਿ ਜ਼ੀਰੋ ਤੋਂ ਚਾਰ ਸਾਲ ਦੇ ਬੱਚੇ ਕਰੀਬ 68 ਕਰੋੜ ਹਨ। ਇਹ ਰੁਝਾਨ ਜਾਰੀ ਰਹੇ ਤਾਂ 2050 ਵਿਚ ਜ਼ੀਰੋ ਤੋਂ ਚਾਰ ਸਾਲ ਦੇ ਹਰ ਬੱਚੇ ਤੇ 65 ਸਾਲ ਤੋਂ ਜ਼ਿਆਦਾ ਉਮਰ ਦੇ ਦੋ ਬਜ਼ੁਰਗ ਹੋਣਗੇ।ਜਨਸੰਖਿਆ ਮਾਹਿਰ ਪਿਛਲੇ ਕਈ ਦਹਾਕਿਆਂ ਤੋਂ ਇਸ ਰੁਝਾਨ ਤੇ ਨਜ਼ਰ





ਰੱਖ ਰਹੇ ਹਨ। ਜ਼ਿਆਦਾਤਰ ਦੇਸ਼ਾਂ ਵਿਚ ਇਨਸਾਨ ਦੀ ਜੀਵਨ ਆਸ਼ਾ ਵੱਧ ਰਹੀ ਹੈ। ਉਹ ਲੰਮੇ ਵਕਤ ਤੱਕ ਜਿਉਂ ਰਹੇ ਹਨ ਅਤੇ ਘੱਟ ਬੱਚੇ ਪੈਦਾ ਕਰ ਰਹੇ ਹਨ।

ਇਸਦਾ ਤੁਹਾਡੇ 'ਤੇ ਕੀ ਪ੍ਰਭਾਵ ਹੋਵੇਗਾ? ਕਿਤੇ ਅਜਿਹਾ ਤਾਂ ਨਹੀਂ ਕਿ ਤੁਹਾਡੇ ਤੇ ਇਸਦਾ ਅਸਰ ਸ਼ੁਰੂ ਹੋ ਗਿਆ ਹੋਵੇ। ਵਾਸ਼ਿੰਗਟਨ ਯੂਨੀਵਰਸਿਟੀ ਵਿਚ ਇੰਸਟੀਚਿਊਟ ਫਾਰ ਹੈਲਥ ਮੈਟ੍ਰਿਕਸ ਐਂਡ ਇਵੈਲੂਏਸ਼ਨ ਦੇ ਡਾਇਰੈਕਟਰ ਕ੍ਰਿਸਟੋਫਰ ਮਰੇ ਕਹਿੰਦੇ ਹਨ, ਬੱਚੇ ਬਹੁਤ ਘੱਟ ਹੋਣਗੇ ਅਤੇ 65 ਸਾਲ ਤੋਂ ਜ਼ਿਆਦਾ ਉਮਰ ਦੇ ਬੁੱਢੇ ਕਾਫੀ ਹੋਣਗੇ। ਇਸ ਨਾਲ ਕੌਮਾਂਤਰੀ ਸਮਾਜ ਨੂੰ ਬਣਾਈ ਰੱਖਣਾ ਬਹੁਤ ਮੁਸ਼ਕਿਲ ਹੋਵੇਗਾ।

ਮਰੇ ਨੇ 2018 ਦੇ ਇਕ ਪੇਪਰ ਵਿਚ ਵੀ ਲਿਖਿਆ ਸੀ, ਜਿਸ ਵਿਚ ਉਹਨਾਂ ਦਾ ਕਹਿਣਾ ਹੈ ਕਿ ਦੁਨੀਆਂ ਦੇ ਲੱਗਭੱਗ ਅੱਧੇ ਮੁਲਕਾਂ ਵਿਚ ਆਬਾਦੀ ਦੇ ਮੌਜੂਦਾ ਆਕਾਰ ਨੂੰ ਬਰਕਰਾਰ ਰੱਖਣ ਦੇ ਲਈ ਲੋੜੀਂਦੇ ਬੱਚੇ ਨਹੀਂ ਹਨ। ਉਹ ਕਹਿੰਦੇ ਹਨ, ਪੋਤੇ-ਪੋਤੀਆਂ ਤੋਂ ਜ਼ਿਆਦਾ ਦਾਦਾ-ਦਾਦੀ ਵਾਲੇ ਸਮਾਜ ਵਿਚ ਇਸਦੇ ਸਮਾਜਿਕ ਅਤੇ ਆਰਥਿਕ ਨਤੀਜਿਆਂ ਦੇ ਬਾਰੇ ਸੋਚੋ। ਵਿਸ਼ਵ ਬੈਂਕ ਦੇ ਮੁਤਾਬਕ 1960 ਵਿਚ ਔਰਤਾਂ ਦੀ ਔਸਤ ਪ੍ਰਜਨਣ ਦਰ ਲੱਗਭੱਗ 5 ਬੱਚਿਆਂ ਦੀ ਸੀ। ਕਰੀਬ 60 ਸਾਲ ਬਾਅਦ ਇਹ ਅੱਧੇ ਤੋਂ ਵੀ ਜ਼ਿਆਦਾ ਘੱਟ (2.4) ਰਹਿ ਗਈ ਹੈ। ਇਸ ਦੌਰਾਨ ਹੋਈ ਸਮਾਜਿਕ-ਆਰਥਿਕ ਤਰੱਕੀ ਨੇ ਧਰਤੀ 'ਤੇ ਜਲਮ ਲੈਣ ਵਾਲਿਆਂ ਨੂੰ ਫਾਇਦਾ ਪਹੁੰਚਾਇਆ ਹੈ। 1960 ਵਿਚ ਲੋਕ ਔਸਤ 52 ਸਾਲ ਜਿਉਂਦੇ ਸਨ। 2017 ਵਿਚ ਜੀਵਨ ਆਸ਼ਾ ਵੱਧ ਕੇ 72 ਸਾਲ ਹੋ ਗਈ ਹੈ। ਅਸੀਂ ਲੰਮੇ ਸਮੇਂ ਤੱਕ ਜਿਉਂ ਰਹੇ ਹਾਂ। ਜਿਵੇਂ-ਜਿਵੇਂ ਸਾਡੀ ਉਮਰ ਵੱਧ ਰਹੀ ਹੈ, ਅਸੀਂ ਜ਼ਿਆਦਾ ਸਰੋਤਾਂ ਦੀ ਮੰਗ ਕਰ ਰਹੇ ਹਾਂ। ਇਸ ਨਾਲ ਪੈਨਸ਼ਨ ਅਤੇ ਸਿਹਤ ਸੇਵਾ ਖੇਤਰਾਂ 'ਤੇ ਦਬਾਅ ਵੱਧ ਰਿਹਾ ਹੈ।

### ਬੁੱਢੀ ਆਬਾਦੀ

ਬੁੱਢੀ ਹੁੰਦੀ ਆਬਾਦੀ ਦੀ ਸਮੱਸਿਆ ਵਿਕਸਤ ਮੁਲਕਾਂ ਵਿਚ ਜ਼ਿਆਦਾ ਵੱਡੀ ਹੈ, ਉਥੇ ਕਈ ਕਾਰਨਾਂ ਨਾਲ ਜਨਮ ਦਰ ਘੱਟ ਰਹਿੰਦੀ ਹੈ। ਇਹ ਕਾਰਨ ਮੁੱਖ ਤੌਰ ਤੇ ਆਰਥਿਕ ਖੁਸ਼ਹਾਲੀ ਨਾਲ ਜੁੜੇ ਹਾਂ। ਇਹਨਾਂ ਮੁਲਕਾਂ ਵਿਚ ਬਾਲ ਮੌਤ ਦਰ ਘੱਟ ਹੈ, ਜਨਮ ਕੰਟਰੋਲ ਆਸਾਨੀ ਨਾਲ ਸੰਭਵ ਹੁੰਦਾ ਹੈ ਅਤੇ ਬੱਚਿਆਂ ਦੀ ਪਰਵਰਿਸ਼ ਮਹਿੰਗੀ ਹੈ। ਇਹਨਾਂ ਮੁਲਕਾਂ ਵਿਚ ਔਰਤਾਂ ਅਕਸਰ ਜੀਵਨ ਦੇ ਬਾਅਦ ਦੇ ਹਿੱਸੇ ਵਿਚ ਬੱਚੇ ਪੈਦਾ ਕਰਦੀਆਂ ਹਨ, ਇਸ ਕਰਕੇ ਉਹਨਾਂ ਦੀ ਗਿਣਤੀ ਘੱਟ ਹੁੰਦੀ ਹੈ। ਜੀਵਨ ਪੱਧਰ ਬਿਹਤਰ ਹੋਣ ਨਾਲ ਇਹਨਾਂ ਮੁਲਕਾਂ ਵਿਚ ਲੋਕ ਲੰਮੇ ਸਮੇਂ ਤੱਕ ਜਿਉਂਦੇ ਰਹਿੰਦੇ ਹਨ।

ਜਾਪਾਨ ਇਕ ਪ੍ਰਮੁੱਖ ਉਦਾਹਰਣ ਹੈ, ਜਿੱਥੇ ਬੱਚੇ ਦੇ ਜਨਮ ਦੇ ਵਕਤ ਉਸਦੀ ਜੀਵਨ ਆਸ਼ਾ ਲੱਗਭੱਗ 84 ਸਾਲ ਦੀ ਹੈ। (ਦੁਨੀਆਂ ਵਿਚ ਸਭ ਤੋਂ ਜ਼ਿਆਦਾ)। 2018 ਵਿਚ ਜਾਪਾਨ ਦੀ ਕੁੱਲ ਆਬਾਦੀ ਵਿਚ 65 ਸਾਲ ਤੋਂ ਜ਼ਿਆਦਾ ਉਮਰ ਦਾ ਹਿੱਸਾ 27 ਫੀਸਦੀ ਸੀ। ਇਹ ਵੀ ਦੁਨੀਆਂ ਵਿਚ ਸਭ ਤੋਂ ਜ਼ਿਆਦਾ ਹੈ। ਯੂ. ਐਨ. ਦੇ ਮੁਤਾਬਕ ਇੱਥੋਂ ਦੀ ਆਬਾਦੀ ਵਿਚ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਹਿੱਸਾ ਸਿਰਫ 3.85 ਫੀਸਦੀ ਹੈ। ਇਸ ਦੂਹਰੀ ਚੁਣੌਤੀ ਨੇ ਪਿਛਲੇ ਕਈ ਦਹਾਕਿਆਂ ਤੋਂ ਜਾਪਾਨ ਦੇ ਅਧਿਕਾਰੀਆਂ ਨੂੰ ਚਿੰਤਾ ਵਿਚ ਪਾ ਰੱਖਿਆ ਹੈ। ਪਿਛਲੇ ਸਾਲ ਸਰਕਾਰ ਨੇ ਰਿਟਾਇਰਮੈਂਟ ਦੀ ਉਮਰ 65 ਸਾਲ ਤੋਂ ਵਧਾ ਕੇ 70 ਸਾਲ ਕਰ ਦਿੱਤੀ ਸੀ। ਰਿਟਾਇਰਮੈਂਟ ਦਾ ਨਵਾਂ ਨਿਯਮ ਜਦੋਂ ਲਾਗੂ ਹੋਵੇਗਾ ਤਾਂ ਜਾਪਾਨ ਵਿਚ ਰਿਟਾਇਰ ਹੋਣ ਦੀ ਉਮਰ ਦੁਨੀਆਂ ਵਿਚ ਸਭ ਤੋਂ ਜ਼ਿਆਦਾ ਹੋਵੇਗੀ।

### ਜਨਸੰਖਿਆ ਵਿਚ ਅਸੰਤੁਲਨ

ਅਸੰਤੁਲਿਤ ਆਬਾਦੀ ਵਿਕਾਸਸ਼ੀਲ ਮੁਲਕਾਂ ਦੇ ਲਈ ਵੀ ਖਤਰਾ ਹੈ। ਚੀਨ ਦੀ ਆਬਾਦੀ ਵਿਚ ਜਾਪਾਨ ਦੇ ਮੁਕਾਬਲੇ 65 ਸਾਲ ਤੋਂ ਜ਼ਿਆਦਾ ਉਮਰ ਦੇ ਬਜ਼ੁਰਗਾਂ ਦਾ ਹਿੱਸਾ ਘੱਟ (10.6 ਫੀਸਦੀ) ਹੈ। ਪਰ ਦੁਨੀਆਂ ਦੀ ਦੂਜੀ ਸਭ ਤੋਂ ਵੱਡੀ ਅਰਥ ਵਿਵਸਥਾ ਵਿਚ 1970 ਦੇ ਦਹਾਕੇ ਵਿਚ ਲਾਗੂ ਕੀਤੇ ਆਬਾਦੀ ਕੰਟਰੋਲ ਉਪਾਵਾਂ ਦੇ ਕਾਰਨ ਪ੍ਰਜਨਣ ਦਰ ਔਸਤਨ ਬਹੁਤ ਘੱਟ ਹੈ। (ਪ੍ਰਤੀ ਔਰਤ ਸਿਰਫ 1.6) ਚੀਨ ਦੀ ਆਬਾਦੀ ਵਿਚ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਹਿੱਸਾ 6 ਫੀਸਦੀ ਤੋਂ ਵੀ ਘੱਟ ਹੈ। ਉਚੀ ਪ੍ਰਜਨਣ ਦਰ ਦੇ ਮਾਮਲੇ ਵਿਚ ਅਫਰੀਕੀ ਦੇਸ਼ ਅੱਗੇ ਹਨ। ਮਿਸਾਲ ਦੇ ਲਈ ਨਾਈਜਰ ਦੁਨੀਆਂ ਦਾ ਸਭ ਤੋਂ ਉਪਜਾਊ ਮੁਲਕ ਹੈ। 2017 ਵਿਚ ਇੱਥੇ ਔਰਤਾਂ ਦੀ ਔਸਤ ਪ੍ਰਜਨਣ ਦਰ 7.2 ਸੀ। ਪਰ ਇਹਨਾ ਮੁਲਕਾਂ ਵਿਚ ਬੱਚਿਆਂ ਦੀ ਮੌਤ ਦਰ ਵੀ ਉੱਚੀ ਹੈ। ਨਾਈਜਰ ਵਿਚ ਹਰ 1000 ਜਨਮ 'ਤੇ 85 ਬੱਚਿਆਂ ਦੀ ਮੌਤ ਹੋ ਜਾਂਦੀ ਹੈ।

### ਅੱਧੇ ਮੁਲਕਾਂ ਵਿਚ ਸੰਕਟ

ਆਬਾਦੀ ਦੇ ਮਾਮਲੇ ਵਿਚ 2.1 ਜਾਦੂਮਈ ਨੰਬਰ ਹੈ। ਜਨਸੰਖਿਆ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਉਹ ਪ੍ਰਜਨਣ ਦਰ ਹੈ, ਜਿਸ 'ਤੇ ਆਬਾਦੀ ਸਥਿਰ ਰਹਿੰਦੀ ਹੈ। ਜਿੰਨੇ ਬਜ਼ੁਰਗਾਂ ਦੀ ਮੌਤ ਹੁੰਦੀ ਹੈ, ਉਨੇ ਹੀ ਬੱਚੇ ਜਨਮ ਲੈ ਲੈਂਦੇ ਹਨ। ਸੰਯੁਕਤ ਰਾਬਟਰ ਦੇ ਸਭ ਤੋਂ ਤਾਜ਼ਾ ਅੰਕੜਿਆਂ ਦੇ ਮੁਤਾਬਕ ਦੁਨੀਆਂ ਦੇ ਅੱਧੇ ਮੁਲਕਾਂ (113) ਵਿਚ ਹੀ ਇਸ ਦਰ ਨਾਲ ਬੱਚੇ ਪੈਦਾ ਹੋ ਰਹੇ ਹਨ। ਖੋਜਕਾਰ ਇਹ ਵੀ ਦੱਸਦੇ ਹਨ ਕਿ ਜਿਹਨਾਂ ਮੁਲਕਾਂ ਵਿਚ ਬੱਚਿਆਂ ਦੀ ਮੌਤ ਦਰ ਉੱਚੀ ਹੈ ਅਤੇ ਜੀਵਨ ਆਸ਼ਾ ਘੱਟ ਹੈ। ਉਥੇ 2.3 ਪ੍ਰਜਨਣ ਦਰ ਜ਼ਰੂਰੀ ਹੁੰਦੀ ਹੈ। ਫਿਲਹਾਲ ਕੇਵਲ 99 ਮੁਲਕ ਇਸ ਅੰਕੜੇ ਨੂੰ ਪ੍ਰਾਪਤ ਕਰ ਰਹੇ ਹਨ। ਦੁਨੀਆਂ ਦੀ ਕੁੱਲ ਆਬਾਦੀ ਵੱਧ ਰਹੀ ਹੈ। 2024 ਵਿਚ ਕੌਮਾਂਤਰੀ ਆਬਾਦੀ 8 ਅਰਬ ਹੋ ਸਕਦੀ ਹੈ ਪਰ ਘਟਦੀ ਜਨਮ ਦਰ ਦੇ ਕਾਰਨ ਕਈ ਮੁਲਕਾਂ ਵਿਚ ਆਬਾਦੀ ਡਿੱਗਣ ਦੀ ਸੰਭਾਵਨਾ ਹੈ। ਸਿਖਰ ਦੀ ਸਥਿਤੀ ਵਾਲੇ ਮੁਲਕਾਂ ਵਿਚ ਇਕ ਮੁਲਕ ਰੂਸ ਹੈ। ਇੱਥੋਂ ਦੀਆਂ ਔਰਤਾਂ ਦੀ ਔਸਤ ਪ੍ਰਜਨਣ ਦਰ 1.75 ਹੈ। ਆਉਣ ਵਾਲੇ ਕੁਝ ਮੁਲਕਾਂ ਵਿਚ ਰੂਸ ਦੀ ਆਬਾਦੀ ਵਿਚ ਭਾਰੀ ਗਿਰਾਵਟ ਹੋਣ ਦਾ ਡਰ ਹੈ। ਸੰਯੁਕਤ ਰਾਸ਼ਟਰ ਜਨਸੰਖਿਆ ਵਿਭਾਗ ਨੇ ਅੰਦਾਜ਼ਾ ਲਗਾਇਆ ਹੈ ਕਿ ਰੂਸ ਦੀ ਆਬਾਦੀ ਫਿਲਹਾਲ ਦੇ 14.3 ਕਰੋੜ ਤੋਂ ਘੱਟ ਕੇ 2050 ਵਿਚ 13.2 ਕਰੋੜ ਹੋ ਜਾਵੇਗੀ।

### ਆਰਥਿਕ ਅਸਰ

ਆਬਾਦੀ ਘਟਣ ਅਤੇ ਬੁੱਢਿਆਂ ਦੀ ਗਿਣਤੀ ਵਧਣ ਦਾ ਮਤਲਬ ਹੋਵੇਗਾ ਕੰਮ ਕਰਨ ਵਾਲੇ ਲੋਕਾਂ ਦੀ ਗਿਣਤੀ ਘੱਟ ਜਾਣਾ। ਇਸ ਨਾਲ ਆਰਥਿਕ ਉਤਪਾਦਕਤਾ ਘੱਟ ਸਕਦੀ ਹੈ ਅਤੇ ਵਿਕਾਸ ਪ੍ਰਭਾਵਿਤ ਹੋ ਸਕਦਾ ਹੈ। ਪਿਛਲੇ ਨਵੰਬਰ ਵਿਚ ਅੰਤਰ ਰਾਸ਼ਟਰੀ ਮੁਦਰਾ ਕੋਸ਼ (ਆਈ. ਐਮ. ਐਫ.) ਨੇ ਚਿਤਾਵਨੀ ਦਿੱਤੀ ਸੀ ਕਿ ਬਜ਼ੁਰਗਾਂ ਦੀ ਵਧਦੀ ਆਬਾਦੀ ਦੇ ਕਾਰਨ ਅਗਲੇ 40 ਸਾਲ ਵਿਚ ਜਾਪਾਨ ਦੀ ਅਰਥ ਵਿਵਸ਼ਥਾ 25 ਫੀਸਦੀ ਤੱਕ ਸੁੰਗੜ ਸਕਦੀ ਹੈ। ਆਕਸਫੋਰਡ ਇੰਸਟੀਚਿਊਟ ਆਫ ਪਾਪੂਲੇਸ਼ਨ ਐਜਿੰਗ ਦੇ ਡਾਇਰੈਕਟਰ ਜਾਰਜ ਲੀਸਨ ਕਹਿੰਦੇ ਹਨ।ਜਨਸੰਖਿਆ ਸਾਡੇ ਜੀਵਨ ਦੇ ਹਰ ਪਹਿਲੂ 'ਤੇ ਅਸਰ ਪਾਉਂਦੀ ਹੈ। ਤੁਸੀਂ ਬੱਸ ਆਪਣੀ ਖਿੜਕੀ ਤੋਂ ਬਾਹਰ ਗਲੀ ਵਿਚ, ਸੜਕ 'ਤੇ ਝਾਕ ਕੇ ਦੇਖੋ, ਲੋਕਾਂ ਦਾ ਜੀਵਨ ਦੇਖੋ, ਸਭ ਕੁਝ ਜਨਸੰਖਿਆ ਤੋਂ ਪ੍ਰੇਰਿਤ ਹੈ। ਕੀ ਤਕਨੀਕ ਬੁੱਢੀ ਹੁੰਦੀ ਆਬਾਦੀ ਦੇ ਆਰਥਿਕ ਅਸਰਾਂ ਨੂੰ ਘੱਟ ਕਰਨ ਵਿਚ ਮਦਦਗਾਰ ਹੋਵੇਗੀ?

### ਨੀਤੀ ਅਤੇ ਰਾਜਨੀਤੀ

ਇਸ ਗੱਲ ਤੇ ਆਮ ਸਹਿਮਤੀ ਹੈ ਕਿ ਸਰਕਾਰਾਂ ਨੂੰ ਬੁਢਾਪੇ ਦੇ ਟਾਈਮ ਬੰਬ ਨੂੰ ਨਕਾਰਾ ਕਰਨ ਦੇ ਲਈ ਕੰਮ ਕਰਨਾ ਚਾਹੀਦਾ ਹੈ ਅਤੇ ਉਹ ਕੋਸ਼ਿਸ਼ ਕਰ ਵੀ ਰਹੀਆਂ ਹਨ। ਚੀਨ ਨੇ 2015 ਵਿਚ ਆਪਣੀ ਵਨ-ਚਾਈਲਡ ਪਾਲਸੀ ਦੀ ਸਮੀਖਿਆ ਕੀਤੀ ਅਤੇ 2018 ਵਿਚ ਸੰਕੇਤ ਦਿੱਤੇ ਕਿ 2019 ਵਿਚ ਉਹ ਜਨਸੰਖਿਆ ਪਾਬੰਦੀਆਂ ਨੂੰ ਹਟਾ ਲਵੇਗੀ। ਸਰਕਾਰੀ ਅਖਬਾਰ ਪੀਪਲਸ ਡੇਲੀ ਵਿਚ ਛਪੇ ਆਪ-ਐਡ ਦੇ ਮੁਤਾਬਕ ਬੱਚੇ ਨੂੰ ਜਨਮ ਦੇਣਾ ਪਰਿਵਾਰਕ ਅਤੇ ਕੌਮੀ ਮੁੱਦਾ ਵੀ ਹੈ। ਪਰ ਪਾਬੰਦੀਆਂ ਨੂੰ ਆਸਾਨ ਕਰਨ ਨਾਲ ਵੀ ਸ਼ਾਇਦ ਸਮੱਸਿਆ ਦਾ ਹੱਲ ਹੋ ਜਾਵੇ। 2018 ਵਿਚ ਚੀਨ ਵਿਚ 1 ਕਰੋੜ 52 ਲੱਖ ਬੱਚਿਆਂ ਦਾ ਜਨਮ ਹੋਇਆ ਜੋ ਪਿਛਲੇ 60 ਸਾਲ ਵਿਚ ਸਭ ਤੋਂ ਘੱਟ ਹੈ। ਚੀਨੀ ਸਿੱਖਿਆ ਮਾਹਿਰ ਇਸਦੇ ਪਿੱਛੇ ਪ੍ਰਜਨਣ ਕਰ ਸਕਣ ਵਾਲੀਆਂ ਔਰਤਾਂ ਦੀ ਘਟਦੀ ਗਿਣਤੀ ਅਤੇ ਆਰਥਿਕ ਕਾਰਨਾਂ ਨੂੰ ਜ਼ਿੰਮੇਵਾਰ ਮੰਨਦੇ ਹਨ। ਆਰਥਿਕ ਕਾਰਨਾਂ ਨਾਲ ਕਈ ਪਰਿਵਾਰ ਬੱਚੇ ਪੈਦਾ ਕਰਨ ਦੀ ਯੋਜਨਾ ਟਾਲ ਦਿੰਦੇ ਹਨ। ਜਿਹਨਾਂ ਪਰਿਵਾਰਾਂ ਵਿਚ ਔਰਤਾਂ ਜ਼ਿਆਦਾ ਪੜ੍ਹੀਆਂ-ਲਿਖੀਆਂ ਹਨ। ਉਹ ਮਾਂ ਦੀ ਰਵਾਇਤੀ ਭੂਮਿਕਾ ਨਿਭਾਉਣ ਲਈ ਤਿਆਰ ਨਹੀਂ ਹੈ।

### ਬੁੱਢੇ ਹੋਰ ਮਜ਼ਬੂਤ

ਜਨਸੰਖਿਆ ਮਾਹਿਰਾਂ ਦਾ ਕਹਿਣਾ ਹੈ ਕਿ ਬੁੱਢੀ ਹੁੰਦੀ ਆਬਾਦੀ ਦੇ ਅਸਰ ਨੂੰ ਘੱਟ ਕਰਨ ਵਿਚ ਬਜ਼ੁਰਗਾਂ ਦੀ ਸਿਹਤ ਨੂੰ ਹੱਲਾਸ਼ੇਰੀ ਦੇਣ ਵਾਲੀਆਂ ਨੀਤੀਆਂ ਦੀ ਅਹਿਮ ਭੂਮਿਕਾ ਹੈ। ਸਿਹਤਮੰਦ ਵਿਅਕਤੀ ਲੰਮੇ ਵਕਤ ਤੱਕ ਅਤੇ ਜ਼ਿਆਦਾ ਊਰਜਾ ਦੇ ਨਾਲ ਕੰਮ ਕਰਨ ਵਿਚ ਸਮਰੱਥ ਹੁੰਦੇ ਹਨ। ਇਸ ਨਾਲ ਸਿਹਤ ਸੇਵਾਵਾਂ ਦੀ ਲਾਗਤ ਘੱਟ ਸਕਦੀ ਹੈ। ਇਕ ਖੇਤਰ ਜਿਸਨੂੰ ਅਣਦੇਖਿਆ ਕੀਤਾ ਗਿਆ ਹੈ, ਉਹ ਹੈ ਕੰਮ ਕਰਨ ਵਾਲੇ ਲੋਕਾਂ ਦੀ ਵਿਭਿੰਨਤਾ, ਖਾਸ ਤੌਰ ਤੇ ਲਿੰਗ ਵਿਭਿੰਨਤਾ। ਅੰਤਰ ਰਾਸ਼ਟਰੀ ਕਿਸਤ ਸੰਗਠਨ ਦੇ ਮੁਤਾਬਕ 2018 ਵਿਚ ਔਰਤਾਂ ਦੇ ਲਈ ਕੌਮਾਂਤਰੀ ਕਿਰਤ ਬਾਜ਼ਾਰ ਵਿਚ ਹਿੱਸੇਦਾਰੀ ਦੀ ਦਰ 48.5 ਫੀਸਦੀ ਸੀ ਜੋ ਪੁਰਸ਼ਾਂ ਤੋਂ 25 ਫੀਸਦੀ ਘੱਟ ਰਹੀ। ਆਈ. ਐਲ. ਓ. ਦੇ ਅਰਥ ਸ਼ਾਸਤਰੀ ਐਕਹਾਰਡ ਅਨਰਸਟ ਕਹਿੰਦੇ ਹਨ, ਜਿਹਨਾਂ ਅਰਥਵਿਵਸਥਾਵਾਂ ਵਿਚ ਔਰਤ ਕਿਰਤ ਸ਼ਕਤੀ ਦੀ ਹਿੱਸੇਦਾਰੀ ਜ਼ਿਆਦਾ ਰਹਿੰਦੀ ਹੈ, ਉਥੇ ਵਿਕਾਸ ਦਰ ਵਿਚ ਗਿਰਾਵਟ ਘੱਟ ਆਉਂਦੀ ਹੈ। ਔਰਤ ਕਿਰਤੀ ਨਾ ਸਿਰਫ ਅਰਥ ਵਿਵਸਥਾ ਨੂੰ ਉਲਟ ਝਟਕਿਆਂ ਤੋਂ ਨਿਕਬਣ ਦੇ ਕਾਬਲ ਬਣਾਉਣੀਆਂ ਹਨ, ਬਲਕਿ ਉਹ ਇਕ ਮਜ਼ਬੂਤ ਗਰੀਬੀ-ਹਟਾਊ ਉਪਕਰਨ ਦੀ ਪ੍ਰਤੀਨਿਧਤਾ ਵੀ ਕਰਦੀਆਂ ਹਨ।

# ਬੂੰਦ ਬੂੰਦ ਪਾਣੀ ਨੂੰ ਤਰਸਣ ਵਾਲਾ ਹੈ ਬ੍ਰਿਟੇਨ



ਬ੍ਰਿਟੇਨ ਨੂੰ ਬਾਰਿਸ਼ਾਂ ਦਾ ਮੁਲਕ ਕਿਹਾ ਜਾਂਦਾ ਹੈ। ਅਜਿਹੇ ਵਿਚ ਜੇਕਰ ਅਸੀਂ ਕਹੀਏ ਕਿ ਇੰਨੀ ਬਾਰਿਸ਼ ਦੇ ਬਾਵਜੂਦ ਬ੍ਰਿਟੇਨ ਨੂੰ ਪਾਣੀ ਦੀ ਕਿੱਲਤ ਹੋਣ ਵਾਲੀ ਹੈ ਤਾਂ ਸ਼ਾਇਦ ਹੀ ਕੋਈ ਯਕੀਨ ਕਰੇ। ਬ੍ਰਿਟੇਨ ਵਿਚ ਸਾਲਾਨਾ ਔਸਤਨ 1200 ਮਿਲੀਮੀਟਰ ਬਾਰਿਸ਼ ਹੁੰਦੀ ਹੈ। ਇਸਨੂੰ ਸਮਝਣਾ ਹੋਵੇ ਤਾਂ ਇਹ ਜਾਣੀਏ ਕਿ ਅਫਗਾਨਿਸਤਾਨ ਵਿਚ ਸਾਲਾਨਾ ਕੇਵਲ 300 ਮਿਲੀਮੀਟਰ ਬਾਰਿਸ਼ ਹੁੰਦੀ ਹੈ, ਉਥੇ ਹੀ ਮਿਸਰ ਵਿਚ ਕੇਵਲ 600 ਕਿਲੋਮੀਟਰ ਵਰਖਾ ਹੁੰਦੀ ਹੈ।

ਪਰ ਕੁਝ ਮਹੀਨਿਆਂ ਬਾਅਦ ਹੀ ਬ੍ਰਿਟੇਨ ਦੇ



ਕਈ ਇਲਾਕਿਆਂ ਵਿਚ ਨਲਕੇ ਸੁੱਖ ਜਾਣ ਦਾ ਖਤਰਾ ਹੈ। ਬ੍ਰਿਟੇਨ ਦੀ ਸਾਲਾਨਾ ਔਸਤ ਬਾਰਿਸ਼ ਦਾ ਜ਼ਿਆਦਾਤਰ ਹਿੱਸਾ ਸਕਾਟਲੈਂਡ, ਵੇਲਸ ਅਤੇ ਉਤਰੀ ਇੰਗਲੈਂਡ ਵਿਚ ਹੁੰਦਾ ਹੈ। ਜਦਕਿ ਦੱਖਣੀ-ਪੂਰਬੀ ਇੰਗਲੈਂਡ ਵਿਚ ਬਾਰਿਸ਼ ਦਾ ਸਾਲਾਨਾ ਔਸਤ ਸਿਰਫ 500-600 ਮਿਲੀਮੀਟਰ ਹੈ, ਜੋ ਕਿ ਦੱਖਣੀ ਸੂਡਾਨ ਜਾਂ ਪੱਛਮੀ ਆਸਟ੍ਰੇਲੀਆ ਦੇ ਪਰਥ ਸ਼ਹਿਰ ਤੋਂ ਵੀ ਘੱਟ ਹੈ। ਬ੍ਰਿਟੇਨ ਦੀ ਆਬਾਦੀ ਦਾ ਜ਼ਿਆਦਾਤਰ ਹਿੱਸਾ ਇਸੇ ਇਲਾਕੇ ਵਿਚ ਆਬਾਦ ਹੈ। ਦੱਖਣੀ-ਪੂਰਬੀ ਇੰਗਲੈਂਡ ਦੇ 19 ਹਜ਼ਾਰ ਵਰਗ ਫੁੱਟ ਇਲਾਕੇ ਵਿਚ 1 ਕਰੋੜ 80 ਲੱਖ ਤੋਂ ਜ਼ਿਆਦਾ ਲੋਕ ਰਹਿੰਦੇ ਹਨ। ਇਸ ਵਿਚ ਰਾਜਧਾਨੀ ਲੰਡਨ ਵੀ ਸ਼ਾਮਲ ਹੈ। ਬ੍ਰਿਟੇਨ ਦਾ ਇਹ ਹਿੱਸਾ ਤੇਜ਼ੀ ਨਾਲ ਸੁੱਕਦਾ ਜਾ ਰਿਹਾ ਹੈ। ਸਾਲ 2018 ਵਿਚ ਬ੍ਰਿਟੇਨ ਦੇ ਇਸ ਇਲਾਕੇ ਵਿਚ ਲਗਾਤਾਰ 6 ਮਹੀਨੇ ਤੱਕ ਔਸਤ ਤੋਂ ਘੱਟ ਵਰਖਾ ਹੋਈ। ਨਤੀਜਾ ਇਹ ਹੋਇਆ ਕਿ ਕਈ ਪਾਣੀ ਦੇ ਸਰੋਤਾਂ ਦਾ ਪੱਧਰ ਖਤਰਨਾਕ ਤਰੀਕੇ ਨਾਲ ਘੱਟ ਹੋ ਗਿਆ। ਅਜਿਹਾ ਪਹਿਲੀ ਵਾਰ ਨਹੀਂ ਹੋਇਆ ਸੀ। ਸਾਲ 2017 ਦੇ 10 ਮਹੀਨੇ, ਪਿਛਲੇ 100 ਸਾਲ ਵਿਚ ਸਭ ਤੋਂ ਸੁੱਕੇ ਮਹੀਨਿਆਂ ਦੇ ਤੌਰ ਤੇ ਦਰਜ ਕੀਤੇ ਗਏ ਸਨ। ਬ੍ਰਿਟਿਸ਼ ਸਰਕਾਰ ਦਾ ਹਾਲੀਆ ਪਾਣੀ ਦਾ ਪਲਾਨ ਯਾਨਿ ਜ਼ਮੀਨ ਤੋਂ ਪਾਣੀ ਕੱਢਣ ਦੀ ਯੋਜਨਾ ਦੱਸਦੀ ਹੈ ਕਿ ਇੰਗਲੈਂਡ ਦੇ 28 ਫੀਸਦੀ ਪਾਣੀ ਦੇ ਸਰੋਤ ਅਤੇ 18 ਫੀਸਦੀ ਝੀਲਾਂ ਅਤੇ ਨਦੀਆਂ ਤੋਂ ਪਾਣੀ ਨਹੀਂ ਕੱਢਿਆ ਜਾ ਸਕਦਾ। ਬ੍ਰਿਟੇਨ ਦੇ ਜ਼ਿਆਦਾਤਰ ਲੋਕ ਪਾਣੀ ਦੇ ਇਸ ਸੰਕਟ ਦੇ ਬਾਰੇ ਨਹੀਂ ਜਾਣਦੇ। ਬ੍ਰਿਟੇਨ ਵਿਚ ਜ਼ਮੀਨ ਤੋਂ ਕੱਢੇ ਜਾਣ ਵਾਲੇ ਪਾਣੀ ਦਾ 55 ਫੀਸਦੀ ਘਰੇਲੂ ਕੰਮਾਂ ਵਿਚ ਇਸਤੇਮਾਲ ਹੁੰਦਾ ਹੈ। ਖੇਤੀ ਵਿਚ ਕੇਵਲ 1 ਫੀਸਦੀ ਪਾਣੀ ਦੀ ਵਰਤੋਂ ਹੁੰਦੀ ਹੈ। ਬ੍ਰਿਟੇਨ ਵਿਚ ਔਸਤਨ ਹਰ ਨਾਗਰਿਕ ਰੋਜ਼ 150 ਲੀਟਰ ਪਾਣੀ ਖਰਚ ਕਰਦਾ ਹੈ। ਇਸ ਵਿਚ ਨਹਾਉਣਾ-ਧੋਣਾ, ਖਾਣਾ ਪਕਾਉਣਾ, ਬਰਤਨ-ਕੱਪੜੇ ਧੋਣਾ ਅਤੇ ਬਗੀਚਿਆਂ ਵਿਚ ਛਿੜਕਾਅ ਸ਼ਾਮਲ ਹੈ। ਇਸਦੀ ਤੁਲਨਾ ਪਿਛਲੇ ਸਾਲ ਭਿਆਨਕ ਪਾਣੀ ਦਾ ਸੰਕਟ ਸਹਿਣ ਵਾਲੇ ਦੱਖਣੀ ਅਫਰੀਕਾ ਦੇ ਕੇਪਟਾਊਨ ਨਾਲ ਕਰੀਏ ਤਾਂ ਉਥੋਂ ਦੇ ਲੋਕ ਰੋਜ਼ 50-70 ਲੀਟਰ ਪਾਣੀ ਵਿਚ ਹੀ ਕੰਮ ਚਲਾਉਂਦੇ ਹਨ, ਜਦਕਿ ਦੱਖਣੀ ਅਫਰੀਕਾ ਵਿਚ ਸਾਲਾਨਾ ਔਸਤਨ 500 ਮਿਲੀਲ-ਇਟਰ ਬਾਰਿਸ਼ ਹੁੰਦੀ ਹੈ। ਬ੍ਰਿਟੇਨ ਵਿਚ ਪਾਣੀ ਬਚਾਉਣ ਦੀ ਮੁਹਿੰਮ ਚਲਾਉਣ ਵਾਲੀ ਸੰਸਥਾ ਵਾਈਲਡ ਫਾਊਲ ਐਂਡ ਵੇਟਲੈਂਡ ਟਰੱਸਟ ਦੀ ਹੈਨਾ ਫ੍ਰੀਮੈਨ ਕਹਿੰਦੀ ਹੈ ਕਿ ਬ੍ਰਿਟਿਸ਼ ਨਾਗਰਿਕਾਂ ਨੂੰ ਪਾਣੀ ਬਚਾਉਣ ਦੀ ਲੋੜ ਹੀ ਨਹੀਂ ਮਹਿਸੂਸ ਹੁੰਦੀ ਪਰ ਜਲਵਾਯੂ ਤਬਦੀਲੀ ਦੇ ਕਾਰਨ ਸਾਡੇ ਇੱਥੇ ਸੋਕਾ ਪੈਣ ਦਾ ਸ਼ੰਕਾ 50 ਫੀਸਦੀ ਵੱਧ ਗਿਆ ਹੈ। ਬ੍ਰਿਟੇਨ ਦਾ ਔਸਤ ਤਾਪਮਾਨ ਵੀ ਲਗਾਤਾਰ ਵੱਧ ਰਿਹਾ ਹੈ। ਇੱਥੇ ਸਰਦੀਆਂ ਗਰਮ ਰਹਿਣ ਲੱਗੀਆਂ ਹਨ। ਹਾਲ ਹੀ ਵਿਚ ਬ੍ਰਿਟੇਨ ਨੇ ਸਭ ਤੋਂ ਗਰਮ ਫਰਵਰੀ ਦਾ ਮਹੀਨਾ ਸਹਿਣ ਕੀਤਾ ਹੈ। ਫਰਵਰੀ ਵਿਚ ਤਾਪਮਾਨ 21.2 ਡਿਗਰ ਸੈਲਸੀਅਸ ਤੱਕ ਜਾ ਪਹੁੰਚਿਆ ਸੀ। ਇਹ ਪਹਿਲੀ ਵਾਰ ਸੀ, ਜਦੋਂ ਸਰਦੀਆਂ ਵਿਚ ਬ੍ਰਿਟੇਨ ਵਿਚ 20 ਡਿਗਰੀ ਸੈਲਸੀਅਸ ਤੋਂ ਜ਼ਿਆਦਾ ਤਾਪਮਾਨ ਦਰਜ ਕੀਤਾ ਗਿਆ ਸੀ।

# 'ਚੌਕੀਦਾਰ ਚੋਰ ਹੈ': ਰਾਹੁਲ ਗਾਂਧੀ ਨੇ ਅਦਾਲਤ ਵਿਚ ਆਪਣੀ ਗਲਤੀ ਮੰਨੀ

ਨਵੀਂ ਦਿੱਲੀ- ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਸੁਪਰੀਮ ਕੋਰਟ ਵਿਚ ਆਪਣੀ ਰਾਫਾਲ ਮਾਮਲੇ ਬਾਰੇ ਕੀਤੀ ਟਿੱਪਣੀ 'ਤੇ 'ਪਛਤਾਵਾ' ਕਰਦਿਆਂ ਕਿਹਾ ਕਿ 'ਚੋਣ ਪ੍ਰਚਾਰ ਦੀ ਗਰਮਾ-ਗਰਮੀ ਵਿਚ' ਉਨ੍ਹਾਂ ਕੋਲੋਂ ਇਹ ਬਿਆਨ ਦੇ ਹੋ ਗਿਆ। ਸੁਪਰੀਮ ਕੋਰਟ ਨੇ ਕਿਹਾ ਸੀ ਕਿ ਰਾਹੁਲ ਦੀ ਟਿੱਪਣੀ ਵਿਚ 'ਸਿਖਰਲੀ ਅਦਾਲਤ ਨੂੰ ਗਲਤ ਢੰਗ ਨਾਲ ਪੇਸ਼' ਕੀਤਾ ਗਿਆ ਹੈ। ਸਿਖਰਲੀ ਅਦਾਲਤ ਨੇ 15 ਅਪਰੈਲ ਨੂੰ ਕਿਹਾ ਸੀ ਕਿ ਰਾਫਾਲ ਮਾਮਲੇ ਵਿਚ ਅਦਾਲਤ ਵੱਲੋਂ ਸੁਣਾਏ ਗਏ ਕਿਸੇ ਵੀ ਫ਼ੈਸਲੇ 'ਚ ਸੁਪਰੀਮ ਕੋਰਟ ਨੇ ਅਜਿਹਾ ਕੁਝ ਨਹੀਂ ਬਿਆਨਿਆ ਜਿਸ ਦਾ ਇਹ ਮਤਲਬ ਕੱਢਿਆ ਜਾਵੇ ਕਿ 'ਚੌਕੀਦਾਰ ਨਰਿੰਦਰ ਮੋਦੀ ਚੋਰ ਹੈ', ਜਿਵੇਂ ਕਿ ਗਾਂਧੀ ਨੇ ਆਪਣੇ ਬਿਆਨ ਵਿਚ ਅਦਾਲਤ ਦਾ ਹਵਾਲਾ ਦਿੰਦਿਆਂ ਕਿਹਾ ਹੈ। ਅਦਾਲਤ ਨੇ ਰਾਹੁਲ ਗਾਂਧੀ ਨੂੰ 22 ਅਪਰੈਲ ਤੱਕ ਜਵਾਬ ਦਾਖਲ ਕਰਨ ਲਈ ਕਿਹਾ ਸੀ। ਭਾਜਪਾ ਸੰਸਦ ਮੈਂਬਰ ਮੀਨਾਕਸ਼ੀ ਲੇਖੀ ਨੇ ਰਾਹੁਲ ਗਾਂਧੀ ਖ਼ਿਲਾਫ਼ ਅਦਾਲਤ ਦੀ ਤੌਹੀਨ ਕਰਨ ਦੀ ਪਟੀਸ਼ਨ ਦਾਖਲ ਕੀਤੀ ਸੀ। ਲੇਖੀ ਦੀ ਪਟੀਸ਼ਨ 'ਤੇ ਸੁਣਵਾਈ ਭਲਕੇ ਹੋਵੇਗੀ। ਗਾਂਧੀ ਨੇ ਜਵਾਬੀ ਹਲਫ਼ਨਾਮੇ ਵਿਚ ਕਿਹਾ ਹੈ ਕਿ ਉਨ੍ਹਾਂ ਦਾ ਬਿਆਨ 'ਨਿਰੋਲ ਸਿਆਸੀ' ਹੈ ਤੇ ਉਨ੍ਹਾਂ ਇਹ ਸੀਨੀਅਰ ਭਾਜਪਾ ਆਗੂਆਂ ਤੇ ਸਰਕਾਰ ਵੱਲੋਂ ਕੀਤੇ ਜਾ ਰਹੇ 'ਗੁਮਰਾਹਕੁਨ ਪ੍ਰਚਾਰ' ਦਾ ਟਾਕਰਾ ਕਰਨ ਲਈ ਦਿੱਤਾ ਸੀ, ਜਿਸ ਵਿਚ ਕਿਹਾ ਗਿਆ ਸੀ ਕਿ 14 ਦਸੰਬਰ ਦੇ ਅਦਾਲਤੀ ਫ਼ੈਸਲੇ ਨਾਲ ਮੋਦੀ ਸਰਕਾਰ ਨੂੰ ਰਾਫਾਲ ਮਾਮਲੇ 'ਤੇ 'ਕਲੀਨ ਚਿੱਟ' ਮਿਲ ਗਈ ਹੈ। ਉਨ੍ਹਾਂ ਇਸ ਲਈ ਪ੍ਰਧਾਨ ਮੰਤਰੀ ਦੀ ਇਕ ਇੰਟਰਵਿਊ ਦਾ ਵੀ ਹਵਾਲਾ ਦਿੱਤਾ। ਰਾਹੁਲ ਨੇ ਕਿਹਾ ਕਿ ਬਿਆਨ 'ਜਾਣਬੁੱਝ' ਕੇ ਨਹੀਂ ਦਿੱਤਾ ਤੇ ਉਹ ਸੁਪਰੀਮ ਕੋਰਟ ਦਾ ਬੇਹੱਦ ਸਤਿਕਾਰ ਕਰਦੇ ਹਨ। ਰਾਹੁਲ ਗਾਂਧੀ ਖ਼ਿਲਾਫ਼ ਪਟੀਸ਼ਨ ਪਾਉਣ ਵਾਲੀ ਭਾਜਪਾ ਸੰਸਦ ਮੈਂਬਰ ਮੀਨਾਕਸ਼ੀ ਲੇਖੀ ਨੇ ਕਿਹਾ ਹੈ ਕਿ ਕਾਂਗਰਸ ਪ੍ਰਧਾਨ ਦਾ ਹਲਫ਼ਨਾਮਾ 'ਪਛਤਾਵੇ' ਤੇ 'ਗਲਤ ਨੀਅਤ' ਦੀ ਤਰਜਮਾਨੀ ਕਰਦਾ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਰਾਹੁਲ ਦਾ ਹਲਫ਼ਨਾਮਾ ਦਰਸਾਉਂਦਾ ਹੈ ਕਿ 'ਉਨ੍ਹਾਂ ਅਦਾਲਤ ਦੀ ਤੌਹੀਨ ਕੀਤੀ ਹੈ ਤੇ ਜੱਜਾਂ ਦੀ ਸਾਖ ਖ਼ਰਾਬ ਕਰਨ ਦੀ ਕੋਸ਼ਿਸ਼ ਕੀਤੀ ਹੈ'।

# ਨਾਰਵੇ; ਜਿੱਥੇ ਕਿਸ਼ਤੀ ਚਲਾਉਣ ਦੀ ਪ੍ਰੰਪਰਾ ਜਿੰਦਾ ਹੈ

(ਸਫਾ 23 ਦੀ ਬਾਕੀ)

ਇਸਤੇਮਾਲ ਕਰਨ ਦੀ ਯੋਜਨਾ ਬਣਾ ਰਹੇ ਹਨ। ਰੋਰ ਕਹਿੰਦੇ ਹਨ ਕਿ ਇੱਥੋਂ ਦੇ ਪੁਰਾਣੇ ਲੋਕਾਂ ਨੇ ਆਪਣੇ ਤਜਰਬਿਆਂ ਨਾਲ ਬੋਟ ਬਣਾਉਣਾ ਅਤੇ ਸਮੁੰਦਰ ਵਿਚ ਉਸਦੀ ਸਹੀ ਵਰਤੋਂ ਕਰਨਾ ਸਿੱਖਿਆ ਸੀ। ਇਹੀ ਤਜਰਬਾ ਉਹਨਾਂ ਨੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਦਿੱਤਾ ਸੀ। ਖੁਦ ਰੋਰ ਨੇ ਵੀ ਰਵਾਇਤੀ ਬੋਟ ਬਣਾਉਣ ਦੀ ਕਲਾ ਆਪਣੇ ਦਾਦਾ ਤੋਂ ਸਿੱਖੀ ਸੀ। ਹਾਲਾਂਕਿ ਹੁਣ ਬੋਟ ਬਣਾਉਣ ਵਿਚ ਨਵੀਂ ਕਿਸਮ ਦੇ ਸਮਾਨ ਅਤੇ ਮਸ਼ੀਨਾਂ ਦਾ ਇਸਤੇਮਾਲ ਹੋਣ ਲੱਗਿਆ ਹੈ ਪਰ ਰੋਰ ਕਹਿੰਦੇ ਹਨ ਕਿ ਉਹ ਲੋਕਾਂ ਨੂੰ ਅਜਿਹੇ ਅਜੀਬ ਤਰੀਕੇ ਸਿਖਾਉਣਾ ਚਾਹੁੰਦੇ ਹਨ, ਜਿਸ ਤੋਂ ਕਿਸੇ ਵੀ ਮੁਸ਼ਕਿਲ ਵਿਚ ਉਹਨਾਂ ਨੂੰ ਪ੍ਰੇਸ਼ਾਨ ਨਾ ਹੋਣਾ ਪਵੇ। ਮਿਸਾਲ ਦੇ ਲਈ ਜੇਕਰ ਸਮੁੰਦਰ ਵਿਚਕਾਰ ਕਿਸ਼ਤੀ ਟੁੱਟ ਜਾਵੇ ਜਾਂ ਉਸ ਵਿਚ ਕੋਈ ਖਰਾਬੀ ਆ ਜਾਵੇ ਤਾਂ ਕਿਵੇਂ ਨਿਪਟਿਆ ਜਾਵੇ। ਆਪਣੇ ਸਮਰ ਕੈਂਪ ਵਿਚ ਉਹ ਲੋਕਾਂ ਨੂੰ ਇਹੀ ਵਿਰਾਸਤ ਵੰਡਦੇ ਹਨ।

1960 ਵਿਚ ਨਾਰਵੇ ਵਿਚ ਤੇਲ ਦੀ ਖੋਜ ਹੋਣ ਤੋਂ ਬਾਅਦ ਇੱਥੋਂ ਦੀ ਅਰਥ ਵਿਵਸਥਾ ਵਿਚ ਤੇਜ਼ੀ ਨਾਲ ਉਛਾਲ ਆਇਆ। ਏਅਰਲਾਈਨਜ਼, ਰੇਲਵੇ, ਸਟੀਲ ਦੇ ਕਾਰਖਾਨੇ, ਪਾਵਰ ਪਲਾਂਟ, ਸੜਕਾਂ ਆਦਿ 'ਤੇ ਮੋਟੀ ਰਕਮ ਖਰਚ ਕੀਤੀ ਗਈ। ਪਰ ਇਹ ਤਰੱਕੀ ਸਿਰਫ ਸ਼ਹਿਰਾਂ ਤੱਕ ਹੀ ਸੀਮਤ ਰਹੀ। ਨਤੀਜੇ ਵਜੋਂ ਇਹਨਾਂ ਦੀਪ ਸਮੂਹਾਂ ਤੋਂ ਲੋਕਾਂ ਨੇ ਸ਼ਹਿਰਾਂ ਨੂੰ ਪਲਾਇਨ ਸ਼ੁਰੂ ਕਰ ਦਿੱਤਾ। 19ਵੀਂ ਸਦੀ ਵਿਚ ਸੋਲੰਦ ਦੀਪ ਦੀ ਆਬਾਦੀ ਕਰੀਬ 2 ਹਜ਼ਾਰ ਸੀ। 2018 ਵਿਚ ਇੱਥੋਂ ਦੀ ਆਬਾਦੀ ਸਿਰਫ 814 ਤੱਕ ਰਹਿ ਗਈ। ਨਵੀਂ ਤਕਨੀਕ ਆਉਣ ਤੋਂ ਬਾਅਦ ਵੀ ਦੀਪ 'ਤੇ ਬਾਕੀ ਬਚੇ ਲੋਕਾਂ ਦਾ ਪੇਸ਼ਾ ਜਹਾਜ਼ਰਾਨੀ ਅਤੇ ਮੱਛੀ ਪਕੜਨਾ ਹੀ ਸੀ। ਕੁਝ ਸਮੇਂ ਬਾਅਦ ਜਦੋਂ ਇੱਥੇ ਵੀ ਤਰੱਕੀ ਦੀ ਰਫਤਾਰ ਪਹੁੰਚੀ ਤਾਂ ਉਸਨੇ ਪੁਰਾਣੀਆਂ ਕਿਸ਼ਤੀਆਂ ਨੂੰ ਮਿਊਜ਼ੀਅਮ ਵਿਚ ਸੰਭਾਲ ਦਿੱਤਾ। ਕਿਸ਼ਤੀ ਦਾ ਸਫਰ ਸਿਰਫ ਕਿੱਸੇ ਕਹਾਣੀਆਂ ਅਤੇ ਯਾਦਾਂ ਵਿਚ ਰਹਿ ਗਿਆ। ਲੋਕਾਂ ਨੇ ਰਵਾਇਤੀ ਕਿਸ਼ਤੀਆਂ ਦੀ ਜਗ੍ਹਾ ਮਾਡਰਨ ਬੋਟ ਖਰੀਦ ਲਏ।

ਰੋਰ ਕਹਿੰਦੇ ਹਨ ਕਿ ਇਹ ਸਭ ਦੇਖ ਕੇ ਉਹਨਾਂ ਨੂੰ ਤਕਲੀਫ ਹੋਈ ਕਿ ਸਦੀਆਂ ਪੁਰਾਣੀ ਪ੍ਰੰਪਰਾ ਤੇਜ਼ੀ ਨਾਲ ਖਤਮ ਹੋ ਰਹੀ ਸੀ। ਅੱਜ ਵੀ ਲੋਕਾਂ ਦੇ ਕੋਲ ਪੁਰਾਣੇ ਔਜ਼ਾਰ ਅਤੇ ਬੋਟ ਬਣਾਉਣ ਦਾ ਸਾਜ਼ੋ ਸਮਾਨ ਤਾਂ ਹੈ ਪਰ ਉਸਨੂੰ ਬਣਾਉਣ ਜਾਂ ਪੁਰਾਣੀ ਕਿਸ਼ਤੀ ਦੀ ਮੁਰੰਮਤ ਕਰਨਾ ਕਿਸੇ ਨੂੰ ਨਹੀਂ ਆਉਂਦਾ। ਇਸ ਕਰਕੇ ਉਹਨਾਂ ਨੂੰ ਇਹ ਕਲਾ ਨਵੀਂ ਪੀੜ੍ਹੀ ਨੂੰ ਸਿਖਾਉਣ ਦਾ ਫੈਸਲਾ ਕੀਤਾ। ਅੱਜ ਉਹ ਇਸ ਦੀਪ 'ਤੇ ਬਿਲਕੁਲ ਇਕੱਲੇ ਰਹਿੰਦੇ ਹਨ ਪਰ ਉਹਨਾਂ ਨੂੰ ਕੋਈ ਸ਼ਿਕਾਇਤ ਨਹੀਂ ਹੈ, ਬਲਕਿ ਉਹਨਾਂ ਨੂੰ ਖੁਸ਼ੀ ਹੈ ਕਿ ਉਹ ਆਪਣੀਆਂ ਪ੍ਰੰਪਰਾਵਾਂ ਨੂੰ ਅੱਗੇ ਵਧਾਉਣ ਦਾ ਕੰਮ ਕਰ ਰਹੇ ਹਨ।

ਰੋਰ ਦੇ ਯਤਨਾਂ ਤੋਂ ਬਾਅਦ ਹੁਣ ਹੋਰ ਲੋਕਾਂ ਨੇ ਵੀ ਆਪਣੀ ਕਲਾ ਅਤੇ ਸੰਸਕ੍ਰਿਤੀ ਬਚਾਉਣ ਵਿਚ ਸਹਿਯੋਗ ਦੇਣਾ ਆਰੰਭ ਕਰ ਦਿੱਤਾ ਹੈ। ਇਹ ਲੋਕਾਂ ਦੀਆਂ ਕੋਸ਼ਿਸ਼ਾਂ ਦਾ ਹੀ ਨਤੀਜਾ ਸੀ ਕਿ 2009 ਵਿਚ ਨਾਰਵੇ ਦੀਆਂ 15 ਵਿਰਾਸਤਾਂ ਵਿਚੋਂ ਇਕ ਸੋਲੰਦ ਨੂੰ ਚੁਣਿਆ ਗਿਆ। ਅਤੇ 2017 ਵਿਚ ਕੁਦਰਤੀ ਸੁੰਦਰਤਾ ਨੂੰ ਬਚਾਈ ਰੱਖਣ ਦੇ ਲਈ ਇਸਨੂੰ ਸੋਗਨਫਿਓਰਡ ਕੋਸਟਲ ਪਾਰਕ ਦਾ ਨਾਂ ਦਿੱਤਾ ਗਿਆ। ਇਹੀ ਨਹੀਂ ਇਸ ਪਾਰਕ ਨੇ ਇਸੇ ਸਾਲ ਮਾਰਚ ਮਹੀਨੇ ਵਿਚ ਯੂਨੈਸਕੋ ਗਲੋਬਲ ਜਿਓਪਾਰਕ ਦਾ ਦਰਜਾ ਵੀ ਹਾਸਲ ਕਰਨ ਦੀ ਕੋਸ਼ਿਸ਼ ਆਰੰਭ ਕੀਤੀ ਹੈ।

ਇਹ ਦੀਪ ਹੁਣ ਲੋਕਾਂ ਦੇ ਲਈ ਇਕ ਵੱਡਾ ਟੂਰਿਸਟ ਪਲੇਸ ਬਣ ਚੁੱਕਾ ਹੈ। ਅਪ੍ਰੈਲ ਤੋਂ ਅਕਤੂਬਰ ਤੱਕ ਲੋਕ ਇੱਥੇ ਗਰਮੀਆਂ ਬਿਤਾਉਣ ਆਉਂਦੇ ਹਨ। ਅੱਜ ਲੋਕ ਇਸਨੂੰ ਵੈਨਿਸ ਆਫ ਨਾਰਵੇ ਕਹਿੰਦੇ ਹਨ। ਸਰਦੀਆਂ ਵੀ ਇੱਥੇ ਘੱਟ ਖੂਬਸੂਰਤ ਨਹੀਂ ਹਨ। ਦਿਨ ਭਰ ਸੂਰਜ ਦੀ ਰੋਸ਼ਨੀ ਦੂਰ ਰਹਿੰਦੀ ਹੈ ਅਤੇ ਰਾਤਾਂ ਤੂਫਾਨੀ ਹੁੰਦੀਆਂ ਹਨ ਪਰ ਹਲਕੀ ਗਰਮੀ ਵਾਲੇ ਕਮਰੇ ਅਲੱਗ ਹੀ ਆਨੰਦ ਦਿੰਦੇ ਹਨ। ਸੋਲੰਦ ਵਿਚ ਅੱਜ ਕਰੀਬ 20 ਮੁਲਕਾਂ ਦੇ ਲੋਕ ਰਹਿੰਦੇ ਹਨ। ਬਹੁਤ ਸਾਰੇ ਸਕੈਂਡੀਨੇਵੀਅਨ ਨੌਜਵਾਨ ਆਪਣੇ ਪੂਰੇ ਪਰਿਵਾਰ ਦੇ ਨਾਲ ਇੱਥੇ ਵੱਸ ਗਏ ਹਨ ਅਤੇ ਇਹ ਸਾਰੇ ਬਾਹਰ ਦੀ ਜ਼ਿੰਦਗੀ ਤੋਂ ਸਥਾਨਕ ਲੋਕਾਂ ਨੂੰ ਰੂਬਰੂ ਕਰਵਾਉਂਦੇ ਹਨ।

# ਦਾਸਤਾਂ ਕਾਲੇਪਾਣੀ ਦੇ ਕੈਦੀਆਂ ਦੀ...

(ਸਫਾ 8 ਦੀ ਬਾਕੀ)

ਬਹੁਤ ਜਲਦੀ ਕਾਲਾ ਹੋ ਜਾਣ ਕਰ ਕੇ ਕੋਈ ਵੀ ਕੈਦੀ ਲੋੜ ਅਨੁਸਾਰ ਆਪਣੇ ਲਈ ਖਾਣੇ ਨੂੰ ਬਚਾ ਕੇ ਨਹੀਂ ਸੀ ਰੱਖ ਸਕਦਾ। ਦੂਜਾ ਮਿੱਟੀ ਦਾ ਭਾਂਡਾ ਮਲ-ਮੂਤਰ ਲਈ ਦਿੱਤਾ ਜਾਂਦਾ ਸੀ। ਸਭ ਤੋਂ ਘਿਨਾਉਣੀ ਗੱਲ ਇਹ ਸੀ ਕਿ ਇਹ ਭਾਂਡਾ ਵੀ ਕੈਦੀ ਨੂੰ ਆਪਣੇ ਨਾਲ ਕਾਲ ਕੋਠੜੀ ਵਿਚ ਹੀ ਰੱਖਣਾ ਪੈਂਦਾ ਸੀ। ਇਸ ਭਾਂਡੇ ਨੂੰ ਕੈਦੀ ਉਦੋਂ ਹੀ ਸਾਫ਼ ਕਰ ਸਕਦਾ ਸੀ ਜਦੋਂ ਸਰਕਾਰੀ ਹੁਕਮਾਂ ਅਨੁਸਾਰ ਉਸ ਦੀ ਕੋਠੜੀ ਦਾ ਦਰਵਾਜ਼ਾ ਖੁੱਲ੍ਹਦਾ ਸੀ।

ਸੈਲਿਊਲਰ ਜੇਲ੍ਹ ਵਿਚ ਕੈਦੀਆਂ ਨੂੰ ਪਹਿਨਣ ਲਈ ਪਟਸਨ ਦੀਆਂ ਬੋਰੀਆਂ ਦੇ ਬਣੇ ਕੱਪੜੇ ਹੀ ਦਿੱਤੇ ਜਾਂਦੇ ਸਨ ਤੇ ਨੰਗੇ ਪੈਰੀਂ ਹੀ ਰਹਿਣਾ ਪੈਂਦਾ ਸੀ। ਜੇਲ੍ਹ ਵਿਚ ਆਮ ਕੱਪੜੇ ਪਹਿਨਣ ਦੀ ਕੈਦੀਆਂ ਨੂੰ ਇਜਾਜ਼ਤ ਨਹੀਂ ਸੀ। ਦੁਖਦਾਈ ਗੱਲ ਇਹ ਵੀ ਸੀ ਕਿ ਬਿਮਾਰੀ ਦੀ ਹਾਲਤ ਵਿਚ ਕਿਸੇ ਕੈਦੀ ਦਾ ਕੋਈ ਇਲਾਜ ਨਹੀਂ ਸੀ ਕਰਵਾਇਆ ਜਾਂਦਾ। ਇੱਥੋਂ ਤਕ ਕਿ ਜੇਕਰ ਕੋਈ ਕੈਦੀ ਬਿਮਾਰੀ ਦੀ ਹਾਲਤ 'ਚ ਮਰ ਵੀ ਜਾਂਦਾ ਤਾਂ ਉਸ ਦੀ ਲਾਸ਼ ਨੂੰ ਸਮੁੰਦਰ ਦੇ ਪਾਣੀ ਵਿਚ ਹੀ ਰੋੜ੍ਹ ਦਿੱਤਾ ਜਾਂਦਾ। ਕਾਲੇਪਾਣੀ ਦੀ ਜੇਲ੍ਹ ਵਿਚ ਫ਼ਾਂਸੀ ਘਰ ਬਿਲਕੁਲ ਸਮੁੰਦਰ ਕੰਢੇ ਬਣਾਇਆ ਗਿਆ ਸੀ। ਤਿੰਨ ਤਿੰਨ ਜਣਿਆਂ ਨੂੰ ਇਕੱਠਿਆਂ ਹੀ ਫ਼ਾਂਸੀ ਦਿੱਤੀ ਜਾਂਦੀ ਸੀ। ਲੱਕੜ ਦੀ ਮੋਟੀ ਸ਼ਤੀਰੀ ਨਾਲ ਲਟਕਦੇ ਤਿੰਨ ਮੋਟੇ ਮੋਟੇ ਰੱਸੇ ਅੱਜ ਵੀ ਆਪਣੇ ਹੌਲਨਾਕ ਇਤਿਹਾਸ ਦੀਆਂ ਗਵਾਹੀਆਂ ਭਰਦੇ ਪ੍ਰਤੀਤ ਹੁੰਦੇ ਹਨ। ਇਨ੍ਹਾਂ ਨਾਲ ਹਜ਼ਾਰਾਂ ਮਹਾਨ ਦੇਸ਼ ਭਗਤ ਯੋਧਿਆਂ ਨੂੰ ਮੌਤ ਦੀ ਨੀਂਦ ਸੁਲਾ ਦਿੱਤਾ ਗਿਆ। ਇਸ ਦੇ ਨਾਲ ਹੀ ਜੇਲ੍ਹ ਦੇ ਵਿਹੜੇ ਵਿਚ ਉਹ ਸਥਾਨ ਵੀ ਕਾਇਮ ਹੈ ਜਿੱਥੇ ਫ਼ਾਂਸੀ ਦੇਣ ਤੋਂ ਪਹਿਲਾਂ ਕੈਦੀਆਂ ਨੂੰ ਆਖਰੀ ਇਸ਼ਨਾਨ ਕਰਾਇਆ ਜਾਂਦਾ ਸੀ। ਪੋਰਟ ਬਲੇਅਰ ਨੇੜੇ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਯਾਦ ਵਿਚ ਗੁਰ-ਦੁਆਰਾ ਬਣਿਆ ਹੋਇਆ ਹੈ। ਜ਼ਿਕਰਯੋਗ ਹੈ ਕਿ ਦੀਵਾਨ ਸਿੰਘ ਕਾਲੇਪਾਣੀ ਆਪਣੇ ਸਮੇਂ ਦੇ ਇਕ ਮਹਾਨ ਸਾਹਿਤਕਾਰ ਹੋਣ ਦੇ ਨਾਲ ਨਾਲ ਮਾਹਿਰ ਡਾਕਟਰ ਵੀ ਸਨ। ਦੂਜੀ ਆਲਮੀ ਜੰਗ ਦੌਰਾਨ ਜਦੋਂ ਜਾਪਾਨ ਨੇ ਇਸ ਟਾਪੂ ਉੱਤੇ ਕਬਜ਼ਾ ਕਰ ਲਿਆ ਤਾਂ ਉੱਥੋਂ ਦੇ ਹੋਰ ਬਾਸ਼ਿੰਦਿਆਂ ਵਾਂਗ ਉਨ੍ਹਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਸਜ਼ਾ ਦੌਰਾਨ ਉਨ੍ਹਾਂ ਦੇ ਨਹੁੰ ਜਮੂਰ ਨਾਲ ਖਿੱਚੇ ਗਏ ਤੇ ਤਰ੍ਹਾਂ ਤਰ੍ਹਾਂ ਦੇ ਹੋਰ ਤਸੀਹੇ ਦਿੱਤੇ ਗਏ। ਇਸੇ ਦੌਰਾਨ ਡਾਕਟਰ ਦੀਵਾਨ ਸਿੰਘ ਕਾਲੇਪਾਣੀ ਦੀ ਮੌਤ ਹੋ ਗਈ। ਕਾਲੇਪਾਣੀ ਦੀ ਸੈਲਿਊਲਰ ਜੇਲ੍ਹ ਵਿਚ ਜੇਲਰ ਡੇਵਿਡ ਬੈਰੀ ਦੀ ਪੂਰੀ ਤਾਨਾਸ਼ਾਹੀ ਚੱਲਦੀ ਸੀ। ਉਹ ਕੈਦੀਆਂ 'ਤੇ ਜ਼ੁਲਮ ਤਸ਼ੱਦਦ ਕਰਦੇ ਸਮੇਂ ਸਾਰੇ ਹੱਦਾਂ ਬੰਨੇ ਟੱਪ ਜਾਂਦਾ ਸੀ। ਕੈਦੀਆਂ ਨੂੰ ਕੋਰੜੇ ਮਾਰਨੇ ਉਸ ਦਾ ਮਾਮੂਲ ਸੀ ਅਤੇ ਗਾਲ੍ਹਾਂ ਦੇਣੀਆਂ ਉਸ ਦਾ ਜਿਵੇਂ ਤਕੀਆ ਕਲਾਮ ਬਣ ਚੁੱਕਾ ਸੀ। ਜੇਲ੍ਹ ਵਿਚ ਕੈਦੀਆਂ ਨਾਲ ਅਣਮਨੁੱਖੀ ਵਰਤਾਰਾ ਕੀਤਾ ਜਾਂਦਾ ਸੀ ਤੇ ਮਨੁੱਖੀ ਅਧਿਕਾਰਾਂ ਦਾ ਪੂਰੀ ਤਰ੍ਹਾਂ ਘਾਣ ਹੁੰਦਾ ਸੀ। ਇੱਥੇ ਇਹ ਵੀ ਵਰਣਨਯੋਗ ਹੈ ਕਿ ਆਪਣੀ ਜ਼ਿੰਦਗੀ ਦੇ ਆਖਰੀ ਦਿਨਾਂ ਵਿਚ ਜੇਲਰ ਡੇਵਿਡ ਬੈਰੀ ਅਧਰੰਗ ਦਾ ਸ਼ਿਕਾਰ ਹੋ ਗਿਆ। ਅੰਤ ਸਮੇਂ ਜਦੋਂ ਉਸ ਦੀ ਇੱਛਾ ਆਪਣੇ ਪਰਿਵਾਰ ਨੂੰ ਮਿਲਣ ਦੀ ਹੋਈ ਤਾਂ ਰਾਹ ਜਾਂਦਿਆਂ ਜਹਾਜ਼ ਵਿਚ ਹੀ ਉਹ ਆਪਣੇ ਪਰਿਵਾਰ ਨੂੰ ਮਿਲੇ ਬਿਨਾਂ ਮਰ ਗਿਆ।

ਸੈਲਿਊਲਰ ਜੇਲ੍ਹ ਦਾ ਦੌਰਾ ਕਰਕੇ ਮਨ ਮਸਤਕ ਵਿਚ ਦੇਸ਼ ਭਗਤ ਦੀ ਕੁਰਬਾਨੀਆਂ ਤਾਜ਼ਾ ਹੋ ਜਾਂਦੀਆਂ ਹਨ ਤੇ ਅੱਖਾਂ ਨਮ ਹੋ ਜਾਂਦੀਆਂ ਹਨ।

# ਸਿਆਸਤ ਦਾ ਅਪਰਾਧੀਕਰਨ ਅਤੇ ਜਮਹੂਰੀਅਤ

(ਸਫਾ 6 ਦੀ ਬਾਕੀ)

ਸਿਆਸਤ ਦਾ ਭਾਵ ਸੇਵਾ ਸੀ ਪਰ ਅੱਜ ਅਜਿਹਾ ਨਹੀਂ ਹੈ। ਅੱਜ ਇਹ ਵਪਾਰ ਬਣ ਗਿਆ ਹੈ। ਚੋਣਾਂ ਵਿਚ ਕਰੋੜਾਂ ਰੁਪਏ ਖਰਚੇ ਜਾਂਦੇ ਹਨ। ਪ੍ਰਸ਼ਨ ਉੱਠਦਾ ਹੈ, ਕਿਉਂ? ਕਿਸੇ ਨੂੰ ਬੁਰਾ ਨਾ ਲੱਗੇ ਤਾਂ ਮੈਂ ਇਹ ਕਹਿਣ ਨੂੰ ਤਿਆਰ ਹਾਂ: ਨਿਸ਼ਚਿਤ ਤੌਰ 'ਤੇ ਸੇਵਾ ਵਾਸਤੇ ਨਹੀਂ। ਅੱਜ ਤਾਂ ਧਾਰਮਿਕ ਸਭਾਵਾਂ ਦੀਆਂ ਚੋਣਾਂ ਵਾਸਤੇ ਵੀ ਜੇ ਕਰੋੜਾਂ ਨਹੀਂ ਤਾਂ ਲੱਖਾਂ ਜ਼ਰੂਰ ਖਰਚ ਕੀਤੇ ਜਾਂਦੇ ਹਨ। ਇਸ ਲਈ ਹੁਣ ਵੋਟ ਪਾਉਣ ਵਾਲੇ ਦੀ ਬਹੁਤ ਵੱਡੀ ਜ਼ਿੰਮੇਵਾਰੀ ਬਣਦੀ ਹੈ।

ਹਰ ਪਾਰਟੀ ਦੇ ਮੈਨੀਫੈਸਟੋ ਬਣਦੇ ਹਨ। ਚੋਣਾਂ ਤੋਂ ਬਾਅਦ ਕੋਈ ਕਿਸੇ ਨੂੰ ਨਹੀਂ ਪੁੱਛਦਾ। ਚੋਣਾਂ ਤੋਂ ਪਹਿਲਾਂ ਤੁਹਾਡੇ ਪਿੱਛੇ ਹਰ ਪਾਰਟੀ ਦਾ ਉਮੀਦਵਾਰ ਹੱਥ ਜੋੜੀ ਤੁਰਿਆ ਰਹਿੰਦਾ ਹੈ। ਜਿੱਤਣ ਬਾਅਦ ਵੋਟਰ ਪਿੱਛੇ ਪਿੱਛੇ ਹੱਥ ਜੋੜੀ ਪੰਜੇ ਸਾਲ ਤੁਰਿਆ ਫਿਰਦਾ ਹੈ ਅਤੇ ਜਿੱਤਿਆ ਹੋਇਆ ਨੁਮਾਇੰਦਾ ਲੱਭਦਾ ਹੀ ਨਹੀਂ। ਮੈਂ ਨਹੀਂ ਕਹਿੰਦਾ ਕਿ ਸਾਰੇ ਹੀ ਅਜਿਹੇ ਹਨ ਪਰ ਇਹ ਯਕੀਨੀ ਕਿਹਾ ਜਾ ਸਕਦਾ ਹੈ ਕਿ ਬਹੁਤੇ ਜ਼ਰੂਰ ਹੀ ਅਜਿਹੇ ਹੀ ਹਨ। ਜੇ ਲੋਕ ਅੱਜ ਸੋਚ ਲੈਣ ਤਾਂ ਕੱਲ੍ਹ ਤਾਂ ਨਹੀਂ ਪਰ ਨਿਸ਼ਚਿਤ ਤੌਰ 'ਤੇ ਆਉਣ ਵਾਲੇ ਸਮੇਂ ਵਿਚ ਸੁਧਾਰ ਹੋ ਸਕੇਗਾ।

ਦੋ ਐਨਜੀਓਜ਼ 'ਨੈਸ਼ਨਲ ਇਲੈਕਸ਼ਨ ਵਾਚ' ਅਤੇ 'ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫਾਰਮਜ਼' ਨੇ 1266 ਉਮੀਦਵਾਰਾਂ ਦੇ ਸਵੈ-ਐਲਾਨਨਾਮਿਆਂ ਬਾਰੇ ਸਰਵੇਖਣ ਕੀਤਾ ਹੈ। ਇਹ ਅਧਿਐਨ ਉਮੀਦਵਾਰ ਦੇ ਅਪਰਾਧਿਕ ਅਤੇ ਆਰਥਿਕ ਮਾਮਲਿਆਂ ਬਾਰੇ ਕੀਤਾ ਗਿਆ ਹੈ। ਭਾਜਪਾ ਦੇ 83 ਵਿਚੋਂ 30 (36%) ਅਤੇ ਕਾਂਗਰਸ ਦੇ 83 'ਚੋਂ 45 (42%) ਨੇ ਮੰਨਿਆ ਹੈ ਕਿ ਉਨ੍ਹਾਂ ਖ਼ਿਲਾਫ਼ ਮੁਕੱਦਮੇ ਚੱਲ ਰਹੇ ਹਨ। ਕਾਂਗਰਸ ਦੇ ਗੰਭੀਰ ਮਾਮਲਿਆਂ ਦੀ ਗਿਣਤੀ 27% ਹੈ ਅਤੇ ਭਾਜਪਾ ਨੇ ਵੀ ਮੰਨਿਆ ਹੈ ਕਿ ਉਨ੍ਹਾਂ ਦੇ ਵੀ 19% ਉਮੀਦਵਾਰ ਗੰਭੀਰ ਕੇਸਾਂ ਵਿਚ ਫਸੇ ਹੋਏ ਹਨ। ਪਹਿਲੇ ਗੇੜ ਦੇ 91 ਵਿਚੋਂ 37 ਹਲਕਿਆਂ ਵਿਚ ਰੈੱਡ ਅਲਰਟ ਜਾਰੀ ਹੋ ਚੁੱਕਾ ਹੈ। ਇਹ ਉਦੋਂ ਜਾਰੀ ਕੀਤਾ ਜਾਂਦਾ ਹੈ ਜਦੋਂ ਇਕ ਚੋਣ ਹਲਕੇ ਵਿਚ ਤਿੰਨ ਤੋਂ ਵੱਧ ਉਮੀਦਵਾਰ ਅਪਰਾਧਿਕ ਕੇਸਾਂ ਵਿਚ ਫਸੇ ਹੋਣ। ਕਾਂਗਰਸ ਦਾ ਚਵੇਲਾ (ਤਿਲੰਗਾਨਾ) ਵਾਲਾ ਉਮੀਦਵਾਰ ਸਭ ਤੋਂ ਅਮੀਰ ਹੈ। ਉਸ ਨੇ ਆਪਣੀ ਕੁੱਲ ਜਾਇਦਾਦ 895 ਕਰੋੜ ਰੁਪਏ ਐਲਾਨੀ ਹੈ। ਵਾਈਐੱਸਆਰ ਕਾਂਗਰਸ ਦਾ ਪ੍ਰਸਾਦ ਵੀਰਾ ਪੋਟਲੂਰੀ ਦੂਸਰੇ ਸਥਾਨ 'ਤੇ ਹੈ। ਇਸ ਨੇ ਆਪਣੀ ਜਾਇਦਾਦ 347 ਕਰੋੜ ਦੀ ਦੱਸੀ ਹੈ। ਇਹ ਸੱਜਣ ਵਿਜੇਵਾੜਾ (ਆਂਧਰਾ ਪ੍ਰਦੇਸ਼) ਤੋਂ ਉਮੀਦਵਾਰ ਹਨ। ਇਸੇ ਤਰ੍ਹਾਂ ਕਾਨੂਮੁਰੂ ਰਘੋਰਾਮਾ ਕ੍ਰਿਸ਼ਨਾ ਰਾਜੂ ਤੀਸਰੇ ਸਥਾਨ 'ਤੇ ਹਨ। ਉਸ ਦੀ ਕੁੱਲ ਜਾਇਦਾਦ 325 ਕਰੋੜ ਹੈ। ਇਹ ਵੀ ਵਾਈਐੱਸਆਰ ਕਾਂਗਰਸ ਦੇ ਉਮੀਦਵਾਰ ਹਨ। 32% ਉਮੀਦਵਾਰ ਜਿਹੜੇ ਪਹਿਲੇ ਗੇੜ ਦੀਆਂ ਲੋਕ ਸਭਾ ਚੋਣਾਂ ਲੜ ਰਹੇ ਹਨ, ਉਹ ਕਰੋੜਪਤੀ ਹਨ।

ਇਕ ਅਨੁਮਾਨ ਅਨੁਸਾਰ 2019 ਦੀਆਂ ਚੋਣਾਂ ਵਿਚ 10 ਕਰੋੜ ਨਵੇਂ, ਚੜ੍ਹਦੀ ਜਵਾਨੀ ਵਾਲੇ ਵੋਟਰ ਜੁੜਨਗੇ ਜਿਨ੍ਹਾਂ ਨੇ ਪਹਿਲੀ ਵਾਰ ਵੋਟ ਦੇ ਅਧਿਕਾਰ ਵਰਤਣਾ ਹੈ। ਇਨ੍ਹਾਂ ਦੀ ਗਿਣਤੀ ਦਾ ਪ੍ਰਭਾਵ ਤਾਂ ਹੈ ਹੀ ਪਰ ਇਨ੍ਹਾਂ ਦੀ ਵਿਸ਼ੇਸ਼ਤਾ ਇਹ ਵੀ ਹੈ ਕਿ ਇਹ ਅਰਥਪੂਰਨ ਅਤੇ ਪ੍ਰਭਾਵਸ਼ਾਲੀ ਹੁੰਦੇ ਹਨ। ਇਹ ਆਮ ਤੌਰ 'ਤੇ ਜ਼ਿਆਦਾ ਤਾਲੀਮਯਾਫ਼ਤਾ ਹਨ ਅਤੇ ਜ਼ਿਆਦਾ ਤਕਨੀਕੀ ਸਮਝ ਵਾਲੇ ਵੀ ਹੁੰਦੇ ਹਨ। ਇਨ੍ਹਾਂ ਦਾ ਪ੍ਰਭਾਵ ਪਰਿਵਾਰਾਂ ਅਤੇ ਦੋਸਤਾਂ ਮਿੱਤਰਾਂ 'ਤੇ ਵਧੇਰੇ ਹੁੰਦਾ ਹੈ। ਜੇ ਇਹ ਸਾਰੇ ਵੀ ਪੂਰੀ ਜ਼ਿੰਮੇਵਾਰੀ ਨਾਲ ਵੋਟਾਂ ਦੀ ਵਰਤੋਂ ਕਰਕੇ ਸਾਫ-ਸੁਥਰੇ ਸੰਸਦ ਮੈਂਬਰ ਜਿਤਾਉਣ ਤਾਂ ਛੇਤੀ ਹੀ ਮੁਲਕ ਸੁਧਾਰ ਵੱਲ ਤੁਰ ਸਕੇਗਾ।

# ਚੋਣ ਸਿਆਸਤ ਵਿਚ ਜਜ਼ਬਾਤੀ ਨਾਅਰੇ ਅਤੇ ਹਕੀਕੀ ਮੁੱਦੇ

(ਸਫਾ 18 ਦੀ ਬਾਕੀ)

ਸਰਕਾਰ ਦੀ ਕੋਈ ਠੋਸ ਸਿਹਤ ਨੀਤੀ ਹੈ ਹੀ ਨਹੀਂ। ਇਸ ਦਾ ਬਜਟ ਵਧਾਉਣ ਵੱਲ ਵੀ ਸਰਕਾਰ ਦਾ ਕੋਈ ਧਿਆਨ ਨਹੀਂ। ਚੋਣਵੀਆਂ ਨਹੀਂ, ਮੁਲਕ ਦੀ ਕੁੱਲ ਅਬਾਦੀ ਨੂੰ ਇਕਸਾਰ ਇਲਾਜ ਸਹੂਲਤ ਦੇਣ ਦੀ ਲੋੜ ਹੈ।

ਦਰਅਸਲ ਇਲਾਜ ਸਹੂਲਤ ਦੇ ਨਾਲੋ-ਨਾਲ ਬਿਮਾਰੀਆਂ ਦੀ ਰੋਕਥਾਮ ਦੀ ਸਿੱਕੇਬੰਦ ਨੀਤੀ ਦੀ ਵੀ ਲੋੜ ਹੈ; ਜਿਵੇਂ ਸ਼ੁੱਧ ਖੁਰਾਕ ਨੂੰ ਯਕੀਨੀ ਬਣਾਉਣਾ, ਮਾਨਸਿਕ ਤੇ ਸਰੀਰਕ ਸਿਹਤ ਵੱਲ ਧਿਆਨ ਦੇਣਾ। ਸਾਡੀਆਂ ਸਰਕਾਰਾਂ ਦੀ ਕੋਈ ਖੇਡ ਨੀਤੀ ਹੀ ਨਹੀਂ ਹੈ। ਇਨ੍ਹਾਂ ਪੱਖਾਂ ਤੋਂ ਤਾਂ ਹਾਲਾਤ ਬੇਹੱਦ ਚਿੰਤਾਜਨਕ ਅਤੇ ਪਰੇਸ਼ਾਨੀ ਵਾਲੇ ਹਨ। ਜੇ ਅਜਿਹੇ ਹਾਲਾਤ ਹਨ ਤਾਂ ਲੋਕਾਂ ਨੂੰ ਵੋਟਾਂ ਮੰਗਣ ਆਉਂਦੀਆਂ ਪਾਰਟੀਆਂ ਦੇ ਲੀਡਰਾਂ ਕੋਲੋਂ ਇਸ ਬਾਰੇ ਡਟ ਕੇ ਸਵਾਲ ਕਰਨੇ ਬਣਦੇ ਹਨ, ਤੇ ਕਹਿਣਾ ਬਣਦਾ ਹੈ: 'ਭਾਈ! ਸਿਹਤ ਪਹਿਲਾਂ, ਬਾਕੀ ਸਭ ਪਿਛੋਂ। ਦੱਸੋ ਕੀ ਕਰੋਗੇ? ਹੋਰ ਤਾਂ ਹੋਰ, ਸਰਕਾਰ ਦੀ ਤਾਂ ਕੋਈ ਠੋਸ ਵਾਤਾਵਰਨ ਨੀਤੀ ਵੀ ਨਹੀਂ ਹੈ। ਰੁਜ਼ਗਾਰ: ਇਸ ਵਕਤ ਰੁਜ਼ਗਾਰ ਪੈਦਾ ਕਰਨ ਦੀ ਨਹੀਂ, ਮੁਨਾਫ਼ਾ ਪੈਦਾ ਕਰਨ ਦੀ ਆਰਥਿਕ ਨੀਤੀ ਚੱਲ ਰਹੀ ਹੈ। ਕੱਚੀ ਭਰਤੀ ਕਰਕੇ ਕੰਮ ਚਲਾਈ ਜਾਣ ਦਾ ਰੁਝਾਨ ਚੱਲ ਪਿਆ ਹੈ ਅਤੇ ਇਹ ਲਗਾਤਾਰ ਵਧ ਰਿਹਾ ਹੈ। ਸਰਕਾਰੀ ਮਹਿਕਮਿਆਂ ਵਿਚ ਲੱਖਾਂ ਅਸਾਮੀਆਂ ਖਾਲੀ ਹਨ। ਸਰਕਾਰੀ ਤੰਤਰ ਰਾਹੀਂ ਕੰਮ ਨਹੀਂ ਹੁੰਦੇ, ਠੇਕੇਦਾਰਾਂ ਰਾਹੀਂ ਕਰਵਾਏ ਜਾਂਦੇ ਹਨ, ਤੇ ਠੇਕੇਦਾਰ ਆਪ ਲੀਡਰ ਬਣ ਗਏ ਹਨ। ਇੰਜ ਸਰਕਾਰੀ ਪੈਸਾ ਆਪ ਲੁੱਟਿਆ ਜਾ ਰਿਹਾ ਹੈ ਤੇ ਨਾਲ ਦੀ ਨਾਲ ਸਰਕਾਰੀ ਰੁਜ਼ਗਾਰ ਦਾ ਭੋਗ ਪੈ ਰਿਹਾ।

ਕਰੋੜਾਂ ਪੜ੍ਹੇ ਲਿਖੇ ਮੁੰਡੇ ਕੁੜੀਆਂ ਨੂੰ ਭਵਿੱਖ ਘੁੱਪ ਹਨੇਰੇ ਵਰਗਾ ਦਿਸ ਰਿਹਾ। ਉਹ ਸਭ ਮਾਰੀ-ਕੁੱਟੀਦੇ ਬਾਹਰ ਨੂੰ ਭੱਜ ਤੁਰੇ ਹਨ। ਪੜ੍ਹਾ ਲਿਖਾ ਕੇ ਰੁਜ਼ਗਾਰ ਨਾ ਦੇ ਸਕਣਾ ਸਿਰਫ਼ ਸਰਕਾਰ ਦੀ ਨਾਲਾਇਕੀ ਹੈ। ਬਹੁਤੇ ਲੀਡਰ ਅਹਿਮਕ ਹਨ ਜਿਨ੍ਹਾਂ ਨੂੰ ਢੁਕਵੇਂ ਵਿਕਾਸ ਮਾਡਲ ਦੀ ਕੋਈ ਸਮਝ ਹੀ ਨਹੀਂ; ਜਦਕਿ ਇੱਥੇ ਰੁਜ਼ਗਾਰ ਦੀਆਂ ਅਸੀਮ ਸੰਭਾਵਨਾਵਾਂ ਹਨ। ਜਨਤਾ ਨੂੰ ਇਨ੍ਹਾਂ ਪਾਰਲੀਮੈਂਟ ਚੋਣਾਂ ਵਿਚ ਰੁਜ਼ਗਾਰਮੁਖੀ ਨੀਤੀ ਵਾਲੀ ਪਾਰਟੀ ਦੀ ਬਾਂਹ ਫੜਨੀ ਚਾਹੀਦੀ ਹੈ। ਭੜਕਾਊ ਗੱਲਾਂ ਨਾਲ ਭੁੱਖ ਨਹੀਂ ਮਿਟ ਸਕਦੀ। ਭ੍ਰਿਸ਼ਟਾਚਾਰ ਤੇ ਮਾਫ਼ੀਆ ਤੰਤਰ: ਇਸ ਪੱਖੋਂ ਤਾਣੀ ਵਿਗੜੀ ਹੋਈ ਹੈ। ਲੋਕ ਗੱਲਾਂ ਕਰਦੇ ਹਨ ਕਿ ਸਭ ਵਿਗਾੜਾਂ ਅਤੇ ਬਦੀਆਂ ਨੂੰ ਡੱਕਣ ਵਾਲਾ ਤੰਤਰ ਜਦ ਖ਼ੁਦ ਹੀ ਲਿੱਬੜਿਆ ਪਿਆ ਹੈ ਤਾਂ ਸੁਧਾਰੇਗਾ ਕੌਣ? ਪੈਸੇ ਨਾਲ ਇੱਥੇ ਕੁੱਝ ਵੀ ਹੋ ਸਕਦਾ ਹੈ। ਇਸੇ ਲਈ ਪੈਸੇ ਦੀ ਦੌੜ ਸਭ ਤੋਂ ਵੱਧ ਹੋ ਰਹੀ ਹੈ ਪਰ ਇਸ ਵਰਤਾਰੇ ਨੇ ਬਹੁਗਿਣਤੀ ਆਮ ਜਨਤਾ ਦਾ ਜੀਣਾ ਔਖਾ ਕਰ ਦਿੱਤਾ ਹੈ ਤੇ ਕੋਈ ਸਿਸਟਮ ਹੀ ਨਹੀਂ ਰਹਿਣ ਦਿੱਤਾ। ਬਹੁਗਿਣਤੀ ਆਮ ਜਨਤਾ ਦੇ ਹੱਥ ਵਿਚ ਚੋਣਾਂ ਵੇਲੇ ਇਹੀ ਮੌਕਾ ਹੈ ਜਦ ਉਹ ਘੱਟੋ-ਘੱਟ ਸਿਆਸੀ ਭ੍ਰਿਸ਼ਟਾਚਾਰੀਆਂ ਨੂੰ ਆਪਣੇ ਗਲੋਂ ਲਾਹ ਸਕਦੇ ਹਨ। ਉਂਜ, ਇਸ ਕਾਰਜ ਲਈ ਸੂਝ ਬੂਝ ਅਤੇ ਦਿਲ ਗੁਰਦੇ ਦੀ ਲੋੜ ਹੈ। ਮਹਿੰਗੀ ਚੋਣ ਪ੍ਰਣਾਲੀ ਵਿਚ ਭ੍ਰਿਸ਼ਟਾਚਾਰ ਅਤੇ ਲੋਕਤੰਤਰ ਦਾ ਘਿਓ ਖਿਚੜੀ ਹੋਣਾ ਸੁਭਾਵਕ ਹੈ, ਫਿਰ ਵੀ ਕਦੀ ਨਾ ਕਦੀ ਸੁਧਾਰ ਹੋਣ ਲਈ ਆਸਵੰਦ ਲੋਕਾਂ ਨੂੰ ਹੌਸਲਾ ਨਹੀਂ ਹਾਰਨਾ ਚਾਹੀਦਾ। ਪਤਾ ਨਹੀਂ ਕਦੋਂ ਉਬਾਲ ਜਿਹਾ ਆਵੇ ਤੇ ਇੰਦਾਂ ਦਾ ਸਾਰਾ ਗੰਦ ਮੰਦ ਵਹਾ ਕੇ ਲੈ ਜਾਵੇ।

ਬੇਪਨਾਹ ਕੁਦਰਤੀ ਅਤੇ ਮਨੁੱਖੀ ਸੋਮਿਆਂ ਵਾਲਾ ਸਾਡਾ ਭਾਰਤ ਇਸ ਵਕਤ ਸਿਆਸੀ, ਆਰਥਿਕ, ਸਭਿਆਚਾਰਕ ਪੱਖੋਂ ਗੰਭੀਰ ਹਾਲਾਤ ਵਿਚੋਂ ਲੰਘ ਰਿਹਾ ਹੈ। ਆਮ ਲੋਕਾਂ ਨੂੰ ਜਾਗਰੂਕਤਾ ਅਤੇ ਸਾਵੀਂ ਮਾਨਵੀ ਸੋਚ ਸਮਝ ਦੀ ਲੋੜ ਹੈ। ਇਹੀ ਸੋਚ ਤਰੱਕੀ ਦੀ ਦਿਸ਼ਾ ਠੀਕ ਕਰ ਸਕਦੀ ਹੈ, ਨਹੀਂ ਤਾਂ ਦਿਸ਼ਾ ਦਿਸ ਹੀ ਰਹੀ ਹੈ ਕਿ ਕਿਵੇਂ ਲੋਕਾਂ ਦੇ ਸਭ ਅਸਲੀ ਬੁਨਿਆਦੀ ਮੁੱਦਿਆਂ ਨੂੰ ਅਤਿਵਾਦ ਦੀ ਬੇਲੋੜੀ ਚਰਚਾ, ਜੰਗੀ ਭੜਕਾਊ ਬਿਆਨਬਾਜ਼ੀ ਦੀਆਂ ਫੋਕੀਆਂ ਬੜ੍ਹਕਾਂ ਅਤੇ ਨਫ਼ਰਤ ਫੈਲਾਉਣ ਦੇ ਰਾਮ ਰੌਲੇ ਹੇਠ ਦਫ਼ਨ ਕਰਨ ਦੀ ਸਾਜ਼ਿਸ਼ ਚੱਲ ਰਹੀ ਹੈ। ਇਸ ਵਕਤ ਸੱਚਮੁੱਚ ਨਾਜ਼ੁਕ ਮੌਕਾ ਹੈ। ਦੇਖਿਓ ਕਿਤੇ ਕੋਈ ਮਦਾਰੀ ਤੁਹਾਡੇ ਇਨ੍ਹਾਂ ਮਸਲਿਆਂ ਤੋਂ ਧਿਆਨ ਭਟਕਾ ਕੇ ਹੋਰ ਹੀ ਕਿਸਮ ਦੀ ਡੁਗਡੁਗੀ ਜਿਹੀ ਵਜਾ ਕੇ ਫਿਰ ਪੰਜ ਸਾਲ ਤੁਹਾਡੀ ਜ਼ਿੰਦਗੀ ਨਾ ਖਾ ਜਾਵੇ।

# ਤਕਨੀਕ ਜਿਸ ਨਾਲ ਕਚਰੇ ਦੇ ਪਹਾੜ ਦਾ ਡਰ ਦੂਰ ਹੋਵੇਗਾ





ਦੁਨੀਆਂ ਭਰ ਵਿਚ ਕਰੀਬ ਡੇਢ ਕਰੋੜ ਲੋਕ ਹਰ ਦਿਨ ਕਚਰੇ ਦੇ ਉਚੇ-ਉਚੇ ਢੇਰ ਵਿਚ ਆਪਣੀ ਰੋਜ਼ੀ-ਰੋਟੀ ਲੱਭਦੀ ਹੈ। ਸ਼ਹਿਰਾਂ ਦੇ ਬਾਹਰ ਲੱਗੇ ਕੂੜੇ ਦੇ ਪਹਾੜ 'ਤੇ ਉਹ ਅਜਿਹੀਆਂ ਚੀਜ਼ਾਂ ਲੱਭਦੇ ਰਹਿੰਦੇ ਹਨ, ਜਿਹਨਾਂ ਨੂੰ ਵੇਚ ਕੇ ਕੁਝ ਪੈਸੇ ਕਮਾ ਸਕਣ। ਲੱਕੜੀ, ਪਲਾਸਟਿਕ ਅਤੇ ਧਾਤੂ ਦੀਆਂ ਪੁਰਾਣੀਆਂ ਚਾਦਰਾਂ ਨਾਲ ਝੌਂਪੜੀਆਂ ਬਣਾ ਕੇ ਉਹ ਉਥੇ ਹੀ ਰਹਿੰਦੇ ਹਨ। ਮੈਡੀਕਲ ਅਤੇ ਇਲੈਕਟ੍ਰਾਨਿਕ ਕਚਰੇ, ਘਰੇਲੂ ਕੂੜੇ-ਕਰਕਟ, ਟੁੱਟੇ ਹੋਏ ਕੱਚ, ਇੱਥੋਂ ਤੱਕ ਕਿ ਜ਼ਹਿਰੀਲੇ ਕਚਰੇ ਦੇ ਕੋਲ ਵੀ ਲੱਖਾਂ ਪਰਿਵਾਰ ਵੱਸਦੇ ਹਨ। ਕੂੜੇ ਦੇ ਪਹਾੜਾਂ ਤੇ ਹਮੇਸ਼ਾ ਢਿੱਗਾਂ ਡਿੱਗਣ ਦਾ ਖਤਰਾ ਰਹਿੰਦਾ ਹੈ। ਇਹ ਅਸਥਿ ਪਹਾੜ ਬਿਨਾਂ ਕਿਸੇ ਚਿਤਾਵਨੀ ਦੇ ਕਦੀ ਵੀ ਧਸਣ ਲੱਗਦੇ ਹਨ।

ਮਨੀਲਾ ਦਾ ਪਾਇਤਾਸ ਡੰਪ ਫਿਲੀਪੀਨਜ਼ ਦੀ ਸਭ ਤੋਂ ਵੱਡੀ ਕਚਰਾ ਬਸਤੀਆਂ ਵਿਚੋਂ ਇਕ ਹੈ, ਜਿੱਥੇ ਲੱਗਭੱਗ 10 ਹਜ਼ਾਰ ਲੋਕ ਰਹਿੰਦੇ ਹਨ। 2000 ਵਿਚ ਕਚਰੇ ਦਾ ਇਹ ਪਹਾੜ ਢਹਿ ਗਿਆ, ਜਿਸ ਕਾਰਨ 30 ਮੀਟਰ ਉਚਾ ਅਤੇ 100 ਮੀਟਰ ਚੌੜਾ ਕਚਰੇ ਦਾ ਪਹਾੜ ਡਿੱਗਿਆ, ਇਸ ਹਾਦਸੇ ਵਿਚ ਕਰੀਬ 200 ਲੋਕਾਂ ਦੀਆਂ ਜਾਲਾਂ ਚਲੀਆਂ ਗਈਆਂ ਸਨ। 2015 ਵਿਚ ਇਥੋਪੀਆ ਦੀ ਰਾਜਧਾਨੀ ਦੇ ਬਾਹਰ ਬਣਿਆ ਕਚਰੇ ਦਾ ਵਿਸ਼ਾਲ ਢੇਰ ਢਹਿ ਗਿਆ ਸੀ। ਆਸ ਪਾਸ ਦੀਆਂ ਝੌਂਪੜੀਆਂ ਕਚਰੇ ਦੇ ਹੇਠਾਂ ਦੱਬ ਗਈਆਂ ਅਤੇ 100 ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋ ਗਈ ਸੀ।

### ਖਤਰਨਾਕ ਅਤੇ ਜ਼ਹਿਰੀਲਾ

ਅਜਿਹੀਆਂ ਆਦਤਾਂ ਵਿਚ ਫਸੇ ਲੋਕਾਂ ਦੇ ਬਚਣ ਦੀ ਸੰਭਾਵਨਾ ਬੇਹੱਦ ਘੱਟ ਰਹਿੰਦੀ ਹੈ। ਜ਼ਹਿਰੀਲਾ ਕਚਰਾ ਅਤੇ ਢੇਰ ਦੇ ਹੇਠਾਂ ਬਣਨ ਵਾਲੀ ਮੀਥੇਨ ਗੈਸ ਉਹਨਾਂ ਨੂੰ ਜਿੰਦਾ ਨਹੀਂ ਛੱਡਦੀ। ਕੂੜੇ-ਕਰਕਟ ਦੇ ਢੇਰ ਲਗਾਤਾਰ ਵੱਧ ਰਹੇ ਹਨ। ਵਰਲਡ ਬੈਂਕ ਦੀ ਵਹਾਟ ਅ ਬੈਸਟ ਰਿਪੋਰਟ ਦੇ ਮੁਤਾਬਕ 2050 ਤੱਕ ਦੁਨੀਆਂ ਭਰ ਦੇ ਲੋਕ ਹਰ ਸਾਲ 340 ਕਰੋੜ ਟਨ ਕਚਰਾ ਪੈਦਾ ਕਰਨਗੇ। ਫਿਲਹਾਲ ਸਾਲ ਵਿਚ 201 ਕਰੋੜ ਟਨ ਕਚਰਾ ਨਿਕਲਦਾ ਹੈ। ਆਸਟ੍ਰੇਲੀਆਈ ਖੋਜਕਾਰਾਂ ਨੇ ਹਾਲ ਹੀ ਵਿਚ ਇਕ ਸਾਫਟਵੇਅਰ ਤਿਆਰ ਕੀਤਾ ਹੈ ਜੋ ਦੋ ਹਫਤੇ ਪਹਿਲਾਂ ਹੀ ਸੰਭਾਵੀ ਭੂਮੀ ਖੋਰ ਦਾ ਅੰਦਾਜ਼ਾ ਲਗਾ ਸਕਦਾ ਹੈ। ਇਸ ਨਾਲ ਕਚਰਾ ਬਸਤੀਆਂ ਵਿਚ ਰਹਿਣ ਵਾਲਿਆਂ ਦੀ ਜਾਨ ਬਚਾਈ ਜਾ ਸਕਦੀ ਹੈ ਅਤੇ ਇੰਜੀਨੀਅਰਾਂ ਨੂੰਖ਼ ਹਾਲਾਤ ਸੰਭਾਲਣ ਦਾ ਮੌਕਾ ਮਿਲ ਸਕਦਾ ਹੈ। ਨਕਲੀ ਕਿਰਨ ਤੇ ਆਧਾਰਿਤ ਇਹ ਵਿਵਸਥਾ, ਗਣਿਤ ਦੀ ਮਦਦ ਨਾਲ ਆਉਣ ਵਾਲੇ ਖਤਰੇ ਦੇ ਸੰਕੇਤਾਂ ਨੂੰ ਪਛਾਣਦੀ ਹੈ। ਕੂੜੇ ਦਾ ਪਹਾੜ ਫਟ ਕੇ ਡਿੱਗਣ ਤੋਂ ਪਹਿਲਾਂ ਉਸ ਵਿਚ ਦਰਾੜਾਂ ਬਣਦੀਆਂ ਹਨ ਅਤੇ ਛੋਟੀਆਂ-ਛੋਟੀਆਂ ਹਲਚਲਾਂ ਹੁੰਦੀਆਂ ਹਨ। ਉਮੀਦ ਹੈ ਕਿ ਮਸ਼ੀਨੀ ਬੁੱਧੀ ਵਾਲੀ ਇਹ ਵਿਵਸਥਾ ਆਉਣ ਵਾਲੇ ਦਿਨਾਂ ਵਿਚ ਕਚਰੇ ਦੇ ਢੇਰ ਦੀ ਨਿਗਰਾਨੀ ਕਰਨ ਅਤੇ ਆਉਣ ਵਾਲੀਆਂ ਆਫਤਾਂ ਨੂੰ ਰੋਕਣ ਵਿਚ ਮਦਦਗਾਰ ਹੋਵੇਗੀ।

### ਮੈਲਬਰਨ ਵਿਚ ਖੋਜ

ਮੈਲਬਰਨ ਯੂਨੀਵਰਸਿਟੀ ਵਿਚ ਵਿਗਿਆਨ ਦੀ ਪ੍ਰੋਫੈਸਰ ਅਤੇ ਇਸ ਅਧਿਐਨ ਦੀ ਪ੍ਰਮੁੱਖ ਲੇਖਿਕਾ ਅੰਟੋਨੇਟ ਟਾਡੀਸਿਲਸ ਕਹਿੰਦੀ ਹੈ ਕਿ ਅਸੀਂ ਦਾਣੇਦਾਰ ਸਮੱਗਰੀਆਂ ਵਿਚ ਹੋਣ ਵਾਲੀ ਹਲਚਲ ਦੇ ਡਾਟਾ ਦਾ ਅਧਿਐਨ ਕਰ ਰਹੇ ਹਾਂ। ਉਹਨਾਂ ਦੀ ਪ੍ਰਯੋਗਸ਼ਾਲਾ ਦੇ ਤਜਰਬਿਆਂ ਵਿਚ ਵੰਖ ਵੱਖ ਕਿਸਮ ਦੀਆਂ ਦਾਣੇਦਾਰ ਸਮੱਗਰੀਆਂ (ਜਿਵੇਂ ਰੇਤ, ਕੰਕਰੀਟ, ਸੈਰਾਮਿਕ, ਚਟਾਨ ਵਗੈਰਾ) ਨੂੰ ਸ਼ਾਮਲ ਕੀਤਾ ਗਿਆ। ਉਹਨਾਂ ਦੇ ਢੇਰ ਬਣਾਏ ਗਏ ਅਤੇ ਇਹ ਦੇਖਿਆ ਗਿਆ ਕਿ ਕਦੋਂ ਉਹ ਢੇਰ ਬਿਖਰਨ ਲੱਗਿਆ। ਉਹ ਕਹਿੰਦੀ ਹੈ ਕਿ ਅਸੀਂ ਢੇਰ ਦੇ ਢਹਿਣ ਤੋਂ ਪਹਿਲਾਂ ਹੋਣ ਵਾਲੀਆਂ ਹਲਚਲਾਂ ਦੀ ਲੈਅ ਦਾ ਪਤਾ ਲਗਾਇਆ ਹੈ। ਉਹਨਾਂ ਦੀ ਤਕਨੀਕ ਸਹੀ ਪੈਟਰਨ ਦੀ ਪਛਾਣ ਕਰਨ ਵਾਲੀ ਨਕਲੀ ਬਾਰਿਸ਼ ਨੂੰ ਤਿਆਰ ਕਰਨ ਵਿਚ ਭੌਤਿਕ ਵਿਗਿਆਨ ਦੇ ਨਿਯਮਾਂ ਦੀ ਵਰਤੋਂ ਕਰਦੀ ਹੈ। ਐਲਗੋਰਿਰਗ ਤੋਂ ਸਹੀ ਡਾਟਾ ਹਾਸਲ ਕਰਨ ਦੇ ਲਈ ਜ਼ਮੀਨ ਦੀ ਗਤੀ, ਢੇਰ ਦੇ ਬਿਖਰਨ ਦੀ ਗਤੀ ਅਤੇ ਭੂਮੀ ਖੋਰ ਦੇ ਟ੍ਰਿਗਰ, ਜਿਵੇਂ ਬਾਰਿਸ਼ ਦਾ ਧਿਆਨ ਰੱਖਿਆ ਜਾਂਦਾ ਹੈ। ਇਸ ਡਾਟਾ ਦਾ ਇਸਤੇਮਾਲ ਕੂੜੇ ਦੇ ਢੇਰਾਂ, ਜ਼ਮੀਨਦੋਜ਼ ਖਾਣਾਂ ਅਤੇ ਪਹਾੜ ਦੀ ਖੜ੍ਹੀ ਢਲਾਣ 'ਤੇ ਹੋਣ ਵਾਲੇ ਭੂਮੀ ਖੋਰ ਦਾ ਪਹਿਲਾਂ ਹੀ ਅਤੇ ਸਹੀ ਅੰਦਾਜ਼ਾ ਲਗਾਉਣ ਵਿਚ ਕੀਤਾ ਜਾ ਸਕਦਾ ਹੈ।

### ਮਿੱਟੀ ਵਰਗੀ ਪਕੜ ਨਹੀਂ

ਕੁਦਰਤੀ ਢਲਾਣ ਧਰਤੀ ਦੇ ਚਟਾਨਾਂ ਅਤੇ ਮਿੱਟੀ ਨਾਲ ਬਣਦੇ ਹਨ ਜੋ ਹਜ਼ਾਰਾਂ ਸਾਲ ਤੋਂ ਇਕ-ਦੂਜੇ ਨਾਲ ਬੰਨ੍ਹੇ ਹੋਏ ਹਨ। ਇਸਦੇ ਉਲਟ ਕਚਰੇ ਦਾ ਪਹਾੜ ਠੋਸ ਕੂੜੇ ਜਿਵੇਂ ਪਲਾਸਟਿਕ, ਕੱਚ, ਧਾਤੂ ਦੇ ਟੁਕੜੇ, ਕਾਰਬਨਿਕ ਪਦਾਰਥ, ਕਾਗਜ਼ ਅਤੇ ਇਸੇ ਕਿਸਮ ਦੀਆਂ ਦੂਜੀਆਂ ਚੀਜ਼ਾਂ ਨਾਲ ਬਣਦਾ ਹੈ। ਇਹ ਸਭ ਇਕ ਦੂਜੇ 'ਤੇ ਪਏ ਰਹਿੰਦੇ ਹਨ, ਜਦੋਂ ਤੱਕ ਕਿ ਕੋਈ ਬਾਹਰੀ ਤਾਕਤ ਇਹਨਾਂ ਨੂੰ ਛੇੜ ਨਾ ਦੇਵੇ। ਕਚਰੇ ਦੇ ਢੇਰ ਕਈ ਕਾਰਨਾਂ ਕਰਕੇ ਅਸਥਿਰ ਹੋ ਸਕਦੇ ਹਨ, ਜਿਵੇਂ ਕੂੜੇ ਕਰਕਟ ਨੂੰ ਸਹੀ ਤਰੀਕੇ ਨਾਲ ਨਾ ਰੱਖਣਾ, ਪਾਣੀ ਕੱਢਣ ਦਾ ਸਹੀ ਇੰਤਜ਼ਾਮ ਨਾ ਹੋਣਾ, ਕਾਰਬਨਿਕ ਕਚਹਰੇ ਦਾ ਸੜ ਜਾਣਾ, ਹੇਠਾਂ ਦੀ ਜ਼ਮੀਨ ਵਿਚ ਫਿਸਲਣ ਹੋਣਾ, ਨਮੀ ਵਧਣਾ, ਮਿਥੇਨ ਗੈਸ ਦੇ ਕਾਰਨ ਧਮਾਕੇ ਹੋਣਾ ਅਤੇ ਡਿਜਾਇਨ ਸਮਰੱਥਾ ਤੋਂ ਜ਼ਿਆਦਾ ਕਚਰੇ ਨੂੰ ਡੰਪ ਕਰਨਾ।

ਨਾਈਜੀਰੀਆ ਦੀ ਕਾਨਵੇਨਾਂਟ ਯੂਨੀਵਰਸਿਟੀ ਵਿਚ ਜਿਓਟੈਕਨੀਕਲ ਇੰਜੀਨੀਅਰਿੰਗ ਦੇ ਲੈਕਚਰਾਰ ਇਸਾਕ ਅਕਿਨਬੁਮੀ ਕਹਿੰਦੇ ਹਨ ਕਿ ਇਹਨਾਂ ਵਿਚੋਂ ਕੁਝ ਕਾਰਕ ਕੁਦਰਤੀ ਢਲਾਣਾਂ 'ਤੇ ਹੋਣ ਵਾਲੇ ਜ਼ਮੀਨੀ ਖੋਰ ਦੇ ਮੁਕਾਬਲੇ ਕੂੜੇ ਦੇ ਪਹਾੜ ਡਿੱਗਣ ਦੀ ਭਵਿੱਖਬਾਣੀ ਨੂੰ ਮੁਸ਼ਕਿਲ ਬਣਾਉਂਦੇ ਹਨ। ਇਸ ਕਿਸਮ ਦੇ ਹਾਦਸਿਆਂ ਦਾ ਪਹਿਲਾਂ ਅੰਦਾਜ਼ਾ ਲਗਾਉਣ ਵਾਲੀ ਤਕਨੀਕ ਵਿਕਾਸਸ਼ੀਲ ਦੇਸ਼ਾਂ ਦੇ ਲਈ ਜ਼ਿਆਦਾ ਮਹੱਤਵਪੂਰਨ ਹੈ।

ਅਮਰੀਕਾ ਅਤੇ ਬ੍ਰਿਟੇਨ ਵਰਗੇ ਮੁਲਕਾਂ ਦੇ ਕਾਨੂੰਨ ਜਿੰਨੀ ਢਲਾਣ ਦੀ ਇਜਾਜ਼ਤ ਦਿੰਦੇ ਹਨ, ਵਿਕਾਸਸ਼ੀਲ ਮੁਲਕਾਂ ਵਿਚ ਉਸ ਤੋਂ ਕਿਤੇ ਤੇਜ਼ ਢਲਾਣ ਹੁੰਦੀ ਹੈ। ਕਚਰੇ ਦੇ ਢੇਰ ਅਮਰੀਕਾ-ਬ੍ਰਿਟੇਨ ਵਾਂਗ ਦਬਾਅ ਕੇ ਨਹੀਂ ਰੱਖੇ ਜਾਂਦੇ ਅਤੇ ਕਚਹਰਾ ਪ੍ਰਬੰਧਨ ਕਰਨ ਵਾਲੀਆਂ ਕੰਪਨੀਆਂ ਦੇ ਲਈ ਉਥੋਂ ਦੀ ਸਥਿਰਤਾ ਅਹਿਮ ਨਹੀਂ ਹੈ। ਇਹ ਸਭ ਮਿਲ ਕੇ ਭੂਮੀ ਖੋਰ ਦੀ ਪ੍ਰਵਿਰਤੀ ਨੂੰ ਪ੍ਰਭਾਵਿਤ ਕਰ ਸਕਦੇ ਹਨ। ਅਕਿਨਬੁਮੀ ਕਹਿੰਦੇ ਹਨ, ਜੇਕਰ ਪ੍ਰੋਫੈਸਰ ਟਾਂਡੇਸਿਲਸ ਦਾ ਉਪਕਰਨ ਪਹਿਲਾਂ ਚਿਤਾਵਨੀ ਦੇ ਸਕਦਾ ਹੈ ਤਾਂ ਇਹ ਆਫਤਾਂ ਨੂੰ ਰੋਕਣ ਵਿਚ ਬਹੁਤ ਮਹੱਤਵਪੂਰਨ ਉਪਕਰਨ ਹੋਵੇਗਾ। ਅਸਲ ਵਿਚ ਅਜਿਹੀ ਤਕਨੀਕ ਡਾਟਾ ਨੂੰ ਕਾਰਵਾਈਯੋਗ ਗੁਪਤ ਸੂਚਨਾ ਵਿਚ ਬਦਲਣ ਵਿਚ ਸਮਰੱਥ ਹੋ ਸਕਦੀ ਹੈ। ਇਸ ਤੋਂ ਮਿਲੀ ਸੂਚਨਾ ਐਮਰਜੈਂਸੀ ਉਪਾਅ ਕਰਨ ਜਾਂ ਲੋਕਾਂ ਨੂੰ ਉਥੋਂ ਹਟਾਉਣ ਦੇ ਬਾਰੇ ਫੈਸਲਾ ਕਰਨ ਵਿਚ ਮਦਦ ਕਰ ਸਕਦੀ ਹੈ।

# ਨਾਰਵੇ; ਜਿੱਥੇ ਕਿਸ਼ਤੀ ਚਲਾਉਣ ਦੀ ਪ੍ਰੰਪਰਾ ਜਿੰਦਾ ਹੈ





ਨਵੀਂ ਤਕਨੀਕ ਅਤੇ ਅਰਥ ਵਿਵਸਥਾ ਨੇ ਸਾਡੀ ਜ਼ਿੰਦਗੀ 'ਤੇ ਡੂੰਘਾ ਅਸਰ ਪਾਇਆ ਹੈ। ਬੇਸ਼ੱਕ ਇਹਨਾਂ ਦੋਵੇਂ ਕਾਰਨਾਂ ਕਰਕੇ ਸਾਡਾ ਰਹਿਣ-ਸਹਿਣ ਬਿਹਤਰ ਹੋਇਆ ਹੈ ਅਤੇ ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਇਹਨਾਂ ਦੇ ਕਾਰਨ ਸਾਡੀ ਸੰਸਕ੍ਰਿਤੀ ਪ੍ਰਭਾਵਿਤ ਹੋਈ ਹੈ।

ਸੰਸਕ੍ਰਿਤੀ ਨੂੰ ਆਪਣਾ ਅਸਲੀ ਰੂਪ ਗੁਆਉਣਾ ਪਿਆ ਹੈ ਪਰ ਜਿਹਨਾਂ ਨੇ ਆਪਣੀ ਕਲਾ ਅਤੇ ਸੰਸਕ੍ਰਿਤੀ ਨਾਲ ਪਿਆਰ ਕਾਇਮ ਰੱਖਿਆ ਹੈ, ਉਸਨੂੰ ਸੰਭਾਲਣ ਦੀ ਕੋਸ਼ਿਸ਼ ਕਰਦੇ ਹਨ, ਇਸਦੀ ਜਿਊਂਦੀ-ਜਾਗਦੀ ਮਿਸਾਲ ਹੈ ਨਾਰੇ ਹੈ ਨਾਰਵੇ ਦੇ ਰੋਰ ਮੋਇ, ਜੋ ਸਾਲਾਂ ਤੋਂ ਇਸ ਇਲਾਕੇ ਦੀਆਂ ਪ੍ਰੰਪਰਾਵਾਂ ਨੂੰ ਨਾ ਸਿਰਫ ਨਵੀਂ ਪੀੜ੍ਹੀ ਨੂੰ ਸਿਖਾ ਰਹੇ ਹਨ, ਬਲਕਿ ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਵੀ ਇਸਨੂੰ ਸੰਭਾਲ ਰਹੇ ਹਨ।

ਨਾਰਵੇ ਦੇ ਪੱਛਮੀ ਖੇਤਰ ਵਿਚ ਸੋਲੰਦ ਕਰੀਬ 1700 ਤੋਂ ਜਿਆਦਾ ਛੋਟੇ-ਛੋਟੇ ਦੀਪਾਂ ਦਾ ਸਮੂਹ ਹੈ ਪਰ ਇਹਨਾਂ ਵਿਚੋਂ 20 ਦੀਪ ਹੀ ਆਬਾਦ ਹਨ। ਇਹਨਾਂ ਨੂੰ ਸੁਲਿਨਜੇਨ ਕਹਿੰਦੇ ਹਨ। ਨਾਰਵੇ ਖੇਨਾ ਅਤੇ ਸਮੁੰਦਰ ਵਿਚ ਜੀਵ ਪਕੜਨਾ ਇਹਨਾਂ ਦਾ ਜੱਦੀ ਪੇਸ਼ਾ ਹੈ। ਨਾਰਵੇ ਦੇ ਦੀਪ ਸਮੂਹ ਸੋਲੰਦ ਦੀ ਮੇਅਰ ਗਨਮ ਐਮਡੇਲ ਮੋਂਗਸਾਦ ਕਹਿੰਦੀ ਹੈ ਕਿ ਕਿਸ਼ਤੀ ਚਲਾਉਣਾ ਇੱਥੋਂ ਦੇ ਲੋਕਾਂ ਦੀ ਵਿਰਾਸਤ ਹੈ। ਅਸੀਂ ਉਸਨੂੰ ਸੰਭਾਲਣ ਦੀ ਪੂਰੀ ਕੋਸ਼ਿਸ਼ ਕਰ ਰਹੇ ਹਾਂ। ਇੱਥੋਂ ਦੇ ਬਹੁਤ ਸਾਰੇ ਸਥਾਨਕ ਲੋਕ ਤਾਂ ਖੁਦ ਨੂੰ ਵਾਈਕਿੰਗ ਦੇ ਦੌਰ ਦਾ ਦੱਸਦੇ ਹਨ। 1960 ਵਿਚ ਸੜਕ ਬਣਨ ਤੋਂ ਪਹਿਲਾਂ ਤੱਕ ਇਹ ਇਲਾਕਾ ਨਾਰਵੇ ਦੇ ਮੁੱਖ ਸ਼ਹਿਰਾਂ ਅਤੇ ਇਲਾਕਿਆਂ ਨਾਲ ਕੱਟਿਆ ਹੋਇਆ ਸੀ। ਹਾਈਬੈਕ ਇਸ ਦੀਪ ਸਮੂਹ ਦਾ ਪ੍ਰਸ਼ਾਸਨਿਕ ਅਤੇ ਆਰਥਿਕ ਕੇਂਦਰ ਹੈ। ਸਦੀਆਂ ਤੋਂ ਸਮੁੰਦਰ ਹੀ ਇੱਥੋਂ ਦੇ ਲੋਕਾਂ ਦੀ ਰੋਜ਼ੀ-ਰੋਟੀ ਦਾ ਜ਼ਰੀਆ ਹੈ ਅਤੇ ਸਮੁੰਦਰ ਹੀ ਇੱਥੋਂ ਦਾ ਰਾਜਮਾਰਗ ਹੈ।

ਸੋਗਨਫਯੋਰਡ ਇੱਥੋਂ ਦਾ ਸਭ ਤੋਂ ਲੰਮਾ ਅਤੇ ਡੂੰਘਾ ਸਮੁੰਦਰੀ ਮਾਰਗ ਹੈ, ਜੋ ਪਹਾੜਾਂ ਵਿਚਕਾਰੋਂ ਲੰਘਦਾ ਹੈ। ਇਹ ਇਕ ਤੰਗ ਰਸਤਾ ਹੈ ਅਤੇ ਇੱਥੋਂ ਤੱਕ ਪਹੁੰਚਣ ਦੇ ਲਏ. ਪੋਸਟਲ ਬੋਟ ਹੀ ਇਕਲੌਤਾ ਜ਼ਰੀਆ ਹੈ। ਇਹ ਬੋਟ ਪ੍ਰਸ਼ਾਸਨਿਕ ਕੇਂਦਰ ਹਾਈਬੈਕ ਤੋਂ ਨਿਕਲਦੀ ਹੈ। ਇਸ ਬੋਟ ਸਰਵਿਸ ਦਾ ਕੰਮ ਇੱਥੇ ਸਦੀਆਂ ਤੋਂ ਚੱਲਿਆ ਆ ਰਿਹਾ ਹੈ। ਇਹਨਾਂ ਬੋਟ ਦੇ ਜ਼ਰੀਏ ਦੀਪ 'ਤੇ ਰਹਿਣ ਵਾਲਿਆਂ ਤੱਕ ਜ਼ਰੂਰਤ ਦਾ ਸਮਾਨ ਅਤੇ ਖਬਰਾਂ ਪਹੁੰਚਾਈਆਂ ਜਾਂਦੀਆਂ ਹਨ। ਵੈਸੇ ਤਾਂ ਇਸ ਸੇਵਾ ਦਾ ਲਾਭ ਸਭ ਤੋਂ ਜ਼ਿਆਦਾ ਇੱਥੋਂ ਦੇ ਸਥਾਨਕ ਲੋਕ ਹੀ ਉਠਾਉਂਦੇ ਹਨ ਪਰ ਗਰਮੀ ਦੇ ਮੌਸਮ ਵਿਚ ਇੱਥੇ ਸੈਲਾਨੀ ਅਤੇ ਰਿਸਰਚਰ ਵੀ ਪਹੁੰਚਦੇ ਹਨ। ਇਹਨਾਂ ਦੀ ਆਮਦ ਨਾਲ ਸਥਾਨਕ ਲੋਕਾਂ ਦੀ ਚਾਰ ਪੈਸੇ ਜ਼ਿਆਦਾ ਦੀ ਕਮਾਈ ਹੋ ਜਾਂਦੀ ਹੈ।

### ਜੀਵਨ ਰੇਖਾ

ਰੋਰ ਮੋਇ ਪਿਛਲੇ 20 ਸਾਲ ਤੋਂ ਲਿਟਲ ਫਰੋਏ ਦੀਪ 'ਤੇ ਟਿਨ ਦੇ ਘਰ ਵਿਚ ਰਹਿ ਰਹੇ ਹਨ। ਇਹ ਘਰ ਉਹਨਾਂ ਨੇ ਖੁਦ ਬਣਵਾਏ ਹਨ। ਉਹਨਾਂ ਨੂੰ ਇਸ ਇਲਾਕੇ ਦੀਆਂ ਪ੍ਰੰਪਰਾਵਾਂ ਨਾਲ ਪਿਆਰ ਹੈ। ਉਹ ਇਹਨਾਂ ਨੂੰ ਕਾਇਮ ਰੱਖਣਾ ਚਾਹੁੰਦੇ ਹਨ, ਇਸ ਕਰਕੇ ਆਪਣੇ ਇਸੇ ਪ੍ਰਾਜੈਕਟ 'ਤੇ ਕੰਮ ਦੇ ਲਈ ਉਹਨਾਂ ਨੇ ਇਸ ਜਗ੍ਹਾ ਨੂੰ ਚੁਣਿਆ ਹੈ। ਉਹ ਕਹਿੰਦੇ ਹਨ ਕਿ ਕਿਸ਼ਤੀ ਇਸ ਇਲਾਕੇ ਦੀ ਜੀਵਨ ਰੇਖਾ ਹੈ ਅਤੇ ਇਹਨਾਂ ਕਿਸ਼ਤੀਆਂ ਨੂੰ ਬਣਾਉਣ ਦਾ ਤਰੀਕਾ ਆਪਣੇ ਆਪ ਵਿਚ ਅਜੀਬ ਹੈ। ਉਹ ਇਸ ਪ੍ਰੰਪਰਾ ਦੇ ਨਮੂਨੇ ਨੂੰ ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਲਿਖਤੀ ਅਤੇ ਫੋ-ਟੋਗ੍ਰਾਫੀ ਦੇ ਰੂਪ ਵਿਚ ਰੱਖਣਾ ਚਾਹੁੰਦੇ ਹਨ। ਹਾਲਾਂਕਿ ਨਵੀਂ ਤਕਨੀਕ ਨੇ ਬਹੁਤ ਕੁਝ ਬਦਲ ਦਿੱਤਾ ਹੈ। ਜਿਵੇਂ ਲੱਕੜੀ ਦੀ ਜਗ੍ਹਾ ਫਾਈਬਰ ਗਲਾਸ ਨੇ ਲੈ ਲਈ ਹੈ। ਫਿਰ ਵੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹਨਾਂ ਦੇ ਪੂਰਵਜ ਇਸ ਇਲਾਕੇ ਵਿਚ ਕਿਵੇਂ ਕੰਮ ਕਰਦੇ ਸਨ। ਲਿਟਨ ਫਰੋਏ ਦੀਪ ਤੇ ਰੋਰ ਮੋਇ ਨੇ ਨਾ ਸਿਰਫ ਬੋਟ ਯਾਰਡ ਬਣਾਇਆ ਹੈ, ਬਲਕਿ ਨਵੀਂ ਪੀੜ੍ਹੀ ਨੂੰ ਬੋਟ ਬਣਾਉਣ ਦਾ ਹੁਨਰ ਸਿਖਾਉਣ ਦੇ ਲਈ ਸਮਰ ਕੈਂਪ ਵੀ ਉਹ ਲਗਾਉਂਦੇ ਹਨ। ਨਾਲ ਹੀ ਉਹ ਰਵਾਇਤੀ ਤਰੀਕਿਆਂ ਅਤੇ ਸਮਾਨ ਦਾ ਇਸਤੇਮਾਲ ਕਰਕੇ ਵਾਈਕਿੰਗ ਦੌਰ ਦੀ ਕਿਸ਼ਤੀ ਨੂੰ ਠੀਕ ਕਰਕੇ ਉਹਨਾਂ ਨੂੰ ਪੜ੍ਹਾਉਣ ਦੇ ਮਕਸਦ ਦੇ ਤੌਰ ਤੇ

(ਬਾਕੀ ਸ਼ਫਾ 22 'ਤੇ)

# MISSIONPEAK BROKERS, INC.

PEAK OF EXCELLENCE

## CALL A PROFESSIONAL AND GET THE BEST POSSIBLE PRICES AND HIGHEST PROFITS

**I am a top rated Business and Commercial Real Estate broker with vast experience in Sales.**

**Acquisition and Financing of Commercial Real Estate.**

For the best possible price and highest profit, call a Business Professional.

As the **President of Mission Peak Brokers, Inc.** and also a **Commercial Real Estate Broker,** I offer you guidance that is based on extensive experience in Sales. Acquisition and Financing of Commercial Real Estate and the purchase of businesses.

Mission Peak Brokers, Inc. is a leading **Business Brokerage** firm based in the San Francisco Bay Area providing t he services required for the sale and acquisition of main street retail business opportunities and commercial real estate as well as an all-inclusive assistance with the business and commercial loan process.

We are here to secure your objectives through a standard of aggressive diligence, measurable integrity and the highest standard of excellence **knowing our client's satisfactions is our ultimate goal.**






# GET TOP DOLLAR$

## FOR YOUR COMMERCIAL PROPERTY



# CALL TODAY

## (510) 366-6130

hrsidhu@gmail.com
www.missionpeakbrokers.com



## Harpreet "Harry" Sidhu, CBB
## Broker/president

**BRE Lic #1433114**
**Broker Lic # 01792260**

CABB REALTOR